# ਜਮਾਤ- ਨੌਵੀਂ

# ਛੁੱਟੀਆਂ ਦਾ ਕੰਮ

# ਕਾਵਿ-ਭਾਗ

# ਕੇਂਦਰੀ ਭਾਵ

## 1. ਭਾਈ ਵੀਰ ਸਿੰਘ

### 1. ਸਮਾਂ

ਸਮੇਂ ਦਾ ਸੁਭਾਅ ਹਮੇਸ਼ਾ ਚੱਲਦੇ ਰਹਿਣ ਵਾਲ਼ਾ ਹੈ। ਮਨੁੱਖ ਇਸ ਨੂੰ ਕੋਈ ਵੀ ਹੀਲਾ ਵਰਤ ਕੇ ਰੋਕ ਨਹੀਂ ਸਕਦਾ। ਇਸ ਲਈ ਮਨੁੱਖ ਨੂੰ ਵਰਤਮਾਨ ਸਮਾਂ ਨਾਮ ਸਿਮਰਨ ਅਤੇ ਨੇਕ ਕੰਮਾਂ ਵਿੱਚ ਲਾ ਕੇ ਸਫ਼ਲ ਕਰ ਲੈਣਾ ਚਾਹੀਦਾ ਹੈ।

### 2. ਬਿਨਫ਼ਸ਼ਾਂ ਦਾ ਫੁੱਲ

ਪਰਮਾਤਮਾ ਦੇ ਪ੍ਰੇਮ ਵਿੱਚ ਰੰਗਿਆ ਇੱਕ ਸਾਧਕ ਦੁਨੀਆਂ ਸਾਹਮਣੇ ਆਪਣੀ ਹੋਂਦ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੁੰਦਾ, ਪਰ ਆਪਣੇ ਗੁਣਾਂ ਦੀ ਸੁਗੰਧ ਕਾਰਨ ਉਸ ਦੀ ਹੋਂਦ ਛੁਪੀ ਨਹੀਂ ਰਹਿੰਦੀ ਅਤੇ ਉਸ ਦੀ ਮੌਜੂਦਗੀ ਦੀ ਸੁਗੰਧ ਆਲ਼ੇ-ਦੁਆਲ਼ੇ ਵਿੱਚ ਫੈਲ ਜਾਂਦੀ ਹੈ। ਜਿਸ ਕਾਰਨ ਉਸ ਜਗਿਆਸੂ ਦੀ ਇੱਛਾ ਪੂਰੀ ਨਹੀਂ ਹੁੰਦੀ।

### 3. ਟੁਕੜੀ ਜੱਗ ਤੋਂ ਨਿਆਰੀ

ਕਸ਼ਮੀਰ ਦੀ ਅਦਭੁੱਤ ਅਤੇ ਆਨੰਦਮਈ ਨਜ਼ਾਰਿਆਂ ਨਾਲ਼ ਭਰੀ ਧਰਤੀ ਦਾ ਨਿਰਮਾਣ ਕੁਦਰਤ ਦੀ ਦੇਵੀ ਨੇ ਆਪ ਕੀਤਾ ਹੈ। ਇਸ ਧਰਤੀ ਨੂੰ ਕੋਈ ਅਸਮਾਨੀ ਛੋਹ ਪ੍ਰਾਪਤ ਹੈ ਕਿਉਂਕਿ ਇਹ ਥਾਂ ਕੁਦਰਤ ਦੇ ਮਨਮੋਹਕ ਨਜ਼ਾਰਿਆਂ ਨਾਲ਼ ਭਰਪੂਰ ਹੈ।

### 4. ਬ੍ਰਿਛ

ਜਿਸ ਤਰ੍ਹਾਂ ਰੁੱਖ ਧਰਤੀ ਤੇ ਇੱਕ ਗਿੱਠ ਥਾਂ ਰੋਕ ਕੇ ਆਪਣਾ ਫਲਾਓ ਅਸਮਾਨ ਵਿੱਚ ਕਰਦੇ ਹਨ। ਫਿਰ ਵੀ ਲੋਕ ਉਹਨਾਂ ਨੂੰ ਵੱਢਦੇ ਹਨ। ਉਸ ਤਰ੍ਹਾਂ ਹੀ ਇੱਕ ਜਗਿਆਸੂ ਦੁਨੀਆਂ ਉੱਪਰ ਕੋਈ ਬੋਝ ਨਹੀਂ ਬਣਦਾ ਪਰ ਇੱਥੋਂ ਦੇ ਤੰਗ-ਦਿਲ ਲੋਕ ਫਿਰ ਵੀ ਉਸ ਨਾਲ਼ ਬੁਰਾ ਸਲੂਕ ਕਰਦੇ ਹਨ।

## 2 . ਧਨੀ ਰਾਮ ਚਾਤ੍ਰਿਕ

### 1. ਵਹਿੰਦਾ ਜਾਏ

ਨਦੀ ਦਾ ਪਾਣੀ ਪਹਾੜਾਂ ਤੋਂ ਡਿੱਗਦਾ ਫਹਿੰਦਾ ਚਟਾਨਾਂ ਨਾਲ਼ ਖਹਿੰਦਾ ਹੋਇਆ ਮੈਦਾਨਾਂ ਵੱਲ ਨੂੰ ਵਹਿੰਦਾ ਹੋਇਆ ਸਮੁੰਦਰ ਨਾਲ਼ ਮਿਲ਼ ਜਾਂਦਾ ਹੈ। ਫਿਰ ਸੂਰਜ ਦੀ ਗਰਮੀ ਨਾਲ਼ ਭਾਫ ਬਣ ਕੇ ਬੱਦਲ ਬਣ ਕੇ ਅਸਮਾਨ 'ਤੇ ਜਾ ਚੜ੍ਹਦਾ ਹੈ ਅਤੇ ਮੀਂਹ ਦੇ ਰੂਪ ਵਿੱਚ ਪਹਾੜਾਂ 'ਤੇ ਡਿੱਗਦਾ ਹੈ। ਇਸ ਤਰ੍ਹਾਂ ਕੁਦਰਤ ਦੇ ਨਿਯਮਾਂ ਵਿੱਚ ਪਾਣੀ ਦਾ ਗੇੜ ਹਮੇਸ਼ਾ ਚਲਦਾ ਰਹਿੰਦਾ ਹੈ।

## 2. ਵਿਸਾਖੀ ਦਾ ਮੇਲਾ

ਵਿਸਾਖੀ ਦਾ ਮੇਲਾ ਜੋ ਵਿਸਾਖ ਦੇ ਮਹੀਨੇ ਵਿੱਚ, ਉਸ ਸਮੇਂ ਲੱਗਦਾ ਹੈ, ਜਦੋਂ ਫੁੱਲਾਂ ਅਤੇ ਫਲ਼ਾਂ ਨਾਲ਼ ਕੁਦਰਤੀ ਦ੍ਰਿਸ਼ ਖ਼ੁਸ਼ੀਆਂ ਭਰਿਆ ਹੁੰਦਾ ਹੈ। ਮੇਲੇ ਵਿੱਚ ਖਾਣ-ਪੀਣ ਦੀਆਂ ਦੁਕਾਨਾਂ ਤੇ ਰੌਣਕਾਂ ਹਨ ਅਤੇ ਸਾਰੇ ਪਾਸੇ ਖੇਡਾਂ ਅਤੇ ਤਮਾਸ਼ਿਆਂ ਦਾ ਰੌਲ਼ਾ-ਰੱਪਾ ਹੁੰਦਾ ਹੈ। ਸਾਨੂੰ ਇਸ ਮੇਲੇ ਦੀ ਖ਼ੁਸ਼ੀ ਨੂੰ ਰੱਜ ਕੇ ਮਾਣਨਾ ਚਾਹੀਦਾ ਹੈ।

## 3. ਜੀਵਨ - ਜੋਤ

ਮਨੁੱਖ ਵਿੱਚ ਅਥਾਹ ਰੱਬੀ ਸ਼ਕਤੀ ਹੈ। ਉਸ ਨੂੰ ਹਮੇਸ਼ਾ ਆਪਣੇ ਆਪ ਦਾ ਵਿਕਾਸ ਕਰਨ, ਆਪੇ ਦੀ ਪਛਾਣ ਕਰਨ, ਆਪੇ ਨੂੰ ਵਿਸ਼ਾਲ ਤੇ ਬਲਵਾਨ ਬਣਾਉਣ ਅਤੇ ਆਲੇ-ਦੁਆਲ਼ੇ ਨੂੰ ਬਦਲ ਕੇ ਰੱਖ ਦੇਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

# 3. ਪ੍ਰੋ: ਪੂਰਨ ਸਿੰਘ

## 1. ਜਵਾਨ ਪੰਜਾਬ ਦੇ

ਪੰਜਾਬ ਦੇ ਨੌਜਵਾਨ ਬੇਪ੍ਰਵਾਹ, ਅਲਬੇਲੇ, ਮਰਜੀ ਦੇ ਮਾਲਕ , ਪਿਆਰ ਦੀ ਗੁਲਾਮੀ ਕਰਨ ਵਾਲ਼ੇ ਅਤੇ ਖੁੱਲ੍ਹ-ਡੁੱਲ ਪਸੰਦ ਹਨ। ਉਨ੍ਹਾਂ ਦੇ ਸੁਭਾਅ ਵਿੱਚ ਇਹ ਗੁਣ ਗੁਰੂ ਸਾਹਿਬਾਂ ਦੀ ਬਖਸ਼ਿਸ਼ ਨਾਲ਼ ਪੈਦਾ ਹੋਏ ਹਨ। ਉਹ ਲੜਾਈ-ਭਿੜਾਈ ਤੇ ਤੁਰ ਕੇ ਲੰਮੇ ਪੈਂਡੇ ਤੈਅ ਕਰਨ ਨੂੰ ਵੀ ਮਾਮੂਲੀ ਗੱਲ ਹੀ ਸਮਝਦੇ ਹਨ।

## 2. ਪੰਜਾਬ ਦੇ ਮਜ਼ੂਰ

ਪੰਜਾਬ ਦੇ ਮਜ਼ਦੂਰ ਸਾਦੇ ਸੁਭਾਅ ਤੇ ਸਾਫ਼ ਦਿਲ ਵਾਲ਼ੇ, ਭੋਲੇ-ਭਾਲੇ, ਗਰੀਬ, ਬੇਪ੍ਰਵਾਹ ਤੇ ਸਬਰ ਸੰਤੋਖ ਦੇ ਗੁਣਾਂ ਨਾਲ਼ ਭਰਪੂਰ ਹਨ। ਇਹਨਾਂ ਗੁਣਾਂ ਕਰਕੇ ਇਹ ਕਵੀ ਦੇ ਦਿਲ ਨੂੰ ਚੰਗੇ ਲੱਗਦੇ ਹਨ।

## 3. ਖੂਹ ਉਤੇ

ਖੂਹ ਉੱਤੇ ਪਾਣੀ ਭਰਦੀਆਂ ਕੁੜੀਆਂ ਦਾ ਦ੍ਰਿਸ਼ ਬੜਾ ਰੰਗ-ਬਰੰਗਾ ਤੇ ਦਿਲਖਿੱਚਵਾਂ ਹੁੰਦਾ ਹੈ। ਉਹ ਪਾਣੀ ਨਾਲ਼ ਖੇਡਦੀਆਂ, ਮੂੰਹ-ਹੱਥ ਤੇ ਪੈਰ ਧੋਂਦੀਆਂ ਹਨ। ਉਹ ਆਏ ਗਏ ਰਾਹੀ ਨੂੰ ਪਾਣੀ ਵੀ ਪਿਲਾਉਂਦੀਆਂ ਹਨ। ਉਹ ਇੱਕ ਦੂਜੇ ਨਾਲ਼ ਖੂਬ ਗੱਲਾਂ ਕਰਦੀਆਂ ਹਨ ਅਤੇ ਹੇਕਾਂ ਲਾ-ਲਾ ਕੇ ਗਾਉਂਦੀਆਂ ਹਨ। ਉਹ ਘੜੇ ਚੁਕਾਉਣ ਵਿੱਚ ਇੱਕ-ਦੂਜੀ ਦੀ ਮਦਦ ਵੀ ਕਰਦੀਆਂ ਹਨ।

# ਵਾਰਤਕ - ਭਾਗ

## 1. ਪੁਰਾਤਨ ਜਨਮ ਸਾਖੀ - (ੳ) ਸੁਲਤਾਨਪੁਰ ਨੂੰ ਤਿਆਰੀ

## (ਅ) ਮੋਦੀਖਾਨਾ ਸੰਭਾਲਿਆ

## ••• ਛੋਟੇ ਉੱਤਰ ਵਾਲੇ ਪ੍ਰਸ਼ਨ •••

**ਪ੍ਰਸ਼ਨ 1. ਗੁਰੂ ਨਾਨਕ ਦੇਵ ਜੀ ਦਾ ਭਣੋਈਆ ਕੌਣ ਸੀ? ਉਹ ਕੀ ਕੰਮ ਕਰਦਾ ਸੀ?**

ਉੱਤਰ - ਗੁਰੂ ਨਾਨਕ ਦੇਵ ਜੀ ਦਾ ਭਣੋਈਆ ਜੈਰਾਮ ਸੀ। ਉਹ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਂ ਦੇ ਮੋਦੀਖਾਨੇ ਦਾ ਮੋਦੀ ਸੀ।

**ਪ੍ਰਸ਼ਨ 2. ਜੈਰਾਮ ਨੇ ਗੁਰੂ ਨਾਨਕ ਦੇਵ ਜੀ ਲਈ ਕੀ ਕੁਝ ਕੀਤਾ?**

ਉੱਤਰ - ਜੈਰਾਮ ਨੇ ਜਦੋਂ ਇਹ ਸੁਣਿਆ ਕਿ ਗੁਰੂ ਨਾਨਕ ਹੈਰਾਨ ਰਹਿੰਦੇ ਹਨ ਅਤੇ ਕੋਈ ਕੰਮ ਨਹੀਂ ਕਰਦੇ, ਤਾਂ ਉਸ ਨੇ ਉਨ੍ਹਾਂ ਨੂੰ ਚਿੱਠੀ ਲਿਖ ਕੇ ਸੁਲਤਾਨਪੁਰ ਬੁਲਾ ਲਿਆ ਤੇ ਫਿਰ ਨਵਾਬ ਦਉਲਤਖਾਨ ਦੇ ਦਰਬਾਰ ਵਿੱਚ ਪੇਸ਼ ਕਰਕੇ ਉਸ ਨੂੰ ਨਵਾਬ ਦੀ ਆਗਿਆ ਨਾਲ ਮੋਦੀਖਾਨੇ ਵਿੱਚ ਨੌਕਰੀ ਉੱਤੇ ਲਵਾ ਦਿੱਤਾ।

**ਪ੍ਰਸ਼ਨ 3. ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਜਾਣ ਤੋਂ ਪਹਿਲਾਂ ਪਤਨੀ ਨਾਲ ਹੋਈ ਵਾਰਤਾਲਾਪ ਨੂੰ ਲਿਖੋ।**

ਉੱਤਰ - ਜਦੋਂ ਗੁਰੂ ਜੀ ਸੁਲਤਾਨਪੁਰ ਜਾਣ ਲੱਗੇ, ਤਾਂ ਗੁਰੂ ਜੀ ਦੀ ਪਤਨੀ ਵੈਰਾਗ ਕਰਦੀ ਹੋਈ ਕਹਿਣ ਲੱਗੀ ਕਿ ਉਹ ਤਾਂ ਉਸ ਨੂੰ ਪਹਿਲਾਂ ਹੀ ਮੂੰਹ ਨਹੀਂ ਲਾਉਂਦੇ ਸਨ , ਪਰਦੇਸ ਜਾ ਕੇ ਤਾਂ ਉਹ ਵਾਪਸ ਹੀ ਨਹੀਂ ਆਉਣਗੇ। ਗੁਰੂ ਜੀ ਕਹਿਣ ਲੱਗੇ ਕਿ ਉਹ ਨਾ ਇੱਥੇ ਕੁਝ ਕਰਦੇ ਸਨ ਤੇ ਨਾ ਉੱਥੇ ਜਾ ਕੇ ਕੁਝ ਕਰਨਾ ਹੈ। ਉਨ੍ਹਾਂ ਦੀ ਪਤਨੀ ਕਹਿਣ ਲੱਗੀ ਕਿ ਉਨ੍ਹਾਂ ਦੇ ਘਰ ਬੈਠੇ ਹੋਣ ਨਾਲ਼ ਉਸ ਨੂੰ ਸਾਰੇ ਸੰਸਾਰ ਦੀ ਪਾਤਸ਼ਾਹੀ ਮਿਲ਼ੀ ਹੁੰਦੀ ਹੈ, ਪਰ ਉਨ੍ਹਾਂ ਤੋਂ ਬਿਨਾਂ ਸੰਸਾਰ ਉਸ ਦੇ ਕਿਸੇ ਕੰਮ ਨਹੀਂ ।ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਇੱਕ ਦਿਨ ਤੇਰੀ ਪਾਤਸ਼ਾਹੀ ਹੋਵੇਗੀ, ਜੇਕਰ ਉੱਥੇ ਜਾ ਕੇ ਉਨ੍ਹਾਂ ਦੇ ਰੁਜ਼ਗਾਰ ਦਾ ਕੋਈ ਗੱਲ ਬਣੀ, ਤਾਂ ਉਹ ਉਸ ਨੂੰ ਵੀ ਕੋਲ ਬੁਲਾ ਲੈਣਗੇ।

**ਪ੍ਰਸ਼ਨ 4. ਗੁਰੂ ਨਾਨਕ ਦੇਵ ਜੀ, ਜੈਰਾਮ ਅਤੇ ਨਵਾਬ ਦਉਲਤਖਾਨ ਦੀ ਵਾਰਤਾਲਾਪ ਨੂੰ ਲਿਖੋ।**

ਉੱਤਰ - ਜੈਰਾਮ ਨੇ ਨਵਾਬ ਦਉਲਤਖਾਨ ਕੋਲ ਜਾ ਕੇ ਬੇਨਤੀ ਕੀਤੀ ਕਿ ਉਸ ਦਾ ਸਾਲਾ ਉਸ ਨੂੰ ਮਿਲ਼ਣਾ ਚਾਹੁੰਦਾ ਹੈ। ਆਗਿਆ ਮਿਲ਼ਣ ਤੇ ਜੈਰਾਮ ਗੁਰੂ ਨਾਨਕ ਨੂੰ ਉਸ ਕੋਲ ਲੈ ਗਿਆ। ਗੁਰੂ ਜੀ ਉਸ ਨੂੰ ਕੁਝ ਨਜ਼ਰਾਨਾ ਲੈ ਕੇ ਮਿਲੇ ਜੈਰਾਮ ਤੋਂ ਗੁਰੂ ਜੀ ਦਾ ਨਾਂ ਪੁੱਛਣ ਮਗਰੋਂ ਖਾਨ ਨੇ ਕਿਹਾ ਕਿ ਉਹ ਉਸ ਨੂੰ ਦਿਆਨਤਦਾਰ ਨਜ਼ਰ ਆਉਂਦਾ ਹੈ, ਇਸ ਲਈ ਉਸ ਨੂੰ ਮੋਦੀਖਾਨੇ ਦਾ ਕੰਮ ਸੌਂਪ ਦੇਵੋ। ਇਹ ਸੁਣ ਕੇ ਗੁਰੂ ਨਾਨਕ ਜੀ ਖ਼ੁਸ਼ ਹੋਏ ਤੇ ਖਾਨ ਨੇ ਸਿਰੋਪਾਓ ਦਿੱਤਾ।

**ਪ੍ਰਸ਼ਨ 5. ਸੁਲਤਾਨਪੁਰ ਰਹਿੰਦਿਆਂ ਗੁਰੂ ਨਾਨਕ ਦਾ ਨਿੱਤ ਕਰਮ ਕੀ ਸੀ?**

ਉੱਤਰ - ਸੁਲਤਾਨਪੁਰ ਰਹਿੰਦਿਆਂ ਗੁਰੂ ਜੀ ਨੂੰ ਹਰ ਰੋਜ਼ ਸੰਗਤ ਨਾਲ਼ ਲੰਗਰ-ਪ੍ਰਸ਼ਾਦਾ ਛਕਦੇ ਸਨ। ਰਾਤ ਨੂੰ ਸਭ ਨਾਲ਼ ਮਿਲ਼ ਕੇ ਕੀਰਤਨ ਕਰਦੇ ਸਨ। ਇੱਕ ਪਹਿਰ ਰਾਤ ਰਹਿੰਦੀ ਨੂੰ ਗੁਰੂ ਜੀ ਦਰਿਆ ਉੱਤੇ ਜਾ ਕੇ ਇਸ਼ਨਾਨ ਕਰਦੇ ਸਨ। ਜਦੋਂ ਸਵੇਰ ਹੁੰਦੀ, ਤਾਂ ਉਹ ਕੱਪੜੇ ਪਾ ਕੇ ਤੇ ਤਿਲਕ ਲਗਾ ਦੇ ਦਫ਼ਤਰ ਵਿੱਚ ਮੋਦੀਖਾਨੇ ਦਾ ਹਿਸਾਬ ਲਿਖਣ ਬੈਠ ਜਾਂਦੇ ਸਨ।

## .2ਗਲੀ ਵਿੱਚ

## ਲੇਖਕ - ਸ਼ਰਧਾ ਰਾਮ ਫ਼ਿਲੌਰੀ

## ••• ਛੋਟੇ ਉੱਤਰ ਵਾਲ਼ੇ ਪ੍ਰਸ਼ਨ •••

**ਪ੍ਰਸ਼ਨ 1. ਸ਼ਰਧਾ ਰਾਮ ਫ਼ਿਲੌਰੀ ਨੇ ਕਿਸੇ ਛਾਬੜੀ ਜਾਂ ਕਿਸੇ ਵਣਜਾਰੇ ਦੇ ਆਉਣ ਤੇ ਗਲੀ ਦਾ ਦ੍ਰਿਸ਼ ਕਿਸ ਖ਼ੂਬੀ ਨਾਲ਼ ਚਿਤਰਿਆ ?**

ਉੱਤਰ - ਸ਼ਰਧਾ ਰਾਮ ਫ਼ਿਲੌਰੀ ਨੇ ਅੱਜ ਤੋਂ ਸਵਾ ਕੁ ਸੌ ਸਾਲ ਪੁਰਾਣੇ ਪੰਜਾਬ ਦੀ ਗਲੀ ਵਿੱਚ ਕਿਸੇ ਛਾਬੜੀ ਵਾਲ਼ੇ ਜਾਂ ਵਣਜਾਰੇ ਦੇ ਆਉਣ ਨੂੰ ਬੜੇ ਯਥਾਰਥਕ ਤੇ ਸੰਜੀਵ ਰੂਪ ਵਿੱਚ ਚਿਤਰਿਆ ਹੈ। ਇਨ੍ਹਾਂ ਦ੍ਰਿਸ਼ਾਂ ਨੂੰ ਸਾਕਾਰ ਰੂਪ ਦੇਣ ਲਈ ਲੇਖਕ ਨੇ ਯਥਾਰਥਕ ਘਟਨਾਵਾਂ, ਸ਼ਬਦ-ਚਿੱਤਰਾਂ, ਕੁੜੀਆਂ, ਔਰਤਾਂ ਦੇ, ਬੁੱਢੀਆਂ ਦੇ ਜਿਉਂਦੇ-ਜਾਗਦੇ ਤੇ ਕੁਦਰਤੀ ਪਾਤਰਾਂ ਅਤੇ ਛੋਟੇ-ਛੋਟੇ ਚੁਸਤ ਵਾਰਤਾਲਾਪ ਤੋਂ ਕੰਮ ਲਿਆ ਹੈ।

**ਪ੍ਰਸ਼ਨ 2. ਪਾਂਡਾ ਭੋਲੀਆਂ-ਭਾਲੀਆਂ ਔਰਤਾਂ ਨੂੰ ਕਿਵੇਂ ਵਰਗਲਾ ਕੇ ਲੁੱਟਦਾ ਹੈ?**

ਉੱਤਰ - ਪਾਂਡਾ ਹੱਥ ਵਿੱਚ ਪੱਤਰੀ ਫੜ ਕੇ ਆਉਂਦਾ ਹੈ ਅਤੇ ਭੋਲੀਆਂ-ਭਾਲੀਆਂ ਔਰਤਾਂ ਨੂੰ ਲੁੱਟਣ ਲਈ ਖ਼ੁਸ਼ਾਮਦੀ ਭਰਪੂਰ ਸ਼ਬਦਾਂ ਨਾਲ਼ ਇਸਤਰੀਆਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਫਿਰ ਉਹ ਉਨ੍ਹਾਂ ਦੇ ਹੱਥਾਂ ਦੀਆਂ ਰੇਖਾਵਾਂ ਦੇਖਦਾ ਹੈ ਤੇ ਕਿਸਮਤ ਬਾਰੇ ਮਨਘੜਤ ਭਵਿੱਖਬਾਣੀਆਂ ਕਰਦਾ ਹੋਇਆ ਕਿਸੇ ਨੂੰ ਉਸ ਦੇ ਪੁੱਤਰ ਦੇ ਵਿਆਹ ਬਾਰੇ, ਕਿਸੇ ਨੂੰ ਗੁਆਂਢੀ ਦੇ ਦਗੇ ਬਾਰੇ, ਕਿਸੇ ਨੂੰ ਭਰਾ ਦੀ ਕੁੜਮਾਈ ਬਾਰੇ ਅਤੇ ਕਿਸੇ ਨੂੰ ਕਿਸਮਤ ਵਿੱਚ ਧਨ ਦੇ ਹੋਣ ਬਾਰੇ ਦੱਸ ਕੇ ਉਨ੍ਹਾਂ ਤੋਂ ਛਾਪਾਂ, ਛੱਲੇ, ਕੱਪੜੇ ਅਤੇ ਚਾਂਦੀ ਲੈ ਕੇ ਆਪਣਾ ਰਾਹ ਫੜਦਾ ਹੈ।

**ਪ੍ਰਸ਼ਨ 3.ਮਨ ਚੰਗਾ ਤੇ ਕਠੋਤੀ ਵਿੱਚ ਗੰਗਾ ਅਖਾਣ ਦਾ ਕੀ ਭਾਵ ਹੈ?**

ਉੱਤਰ - ਇਸ ਅਖਾਣ ਦਾ ਭਾਵ ਹੈ ਕਿ ਜਦੋਂ ਬੰਦੇ ਦਾ ਮਨ ਚੰਗਾ ਹੋਵੇ ਤਾਂ ਸਾਰੇ ਤੀਰਥਾਂ ਅਤੇ ਧਾਰਮਿਕ ਅਸਥਾਨਾਂ ਤੇ ਜਾਣ ਦਾ ਜਸ ਅਤੇ ਭਾਗ ਘਰ ਵਿੱਚ ਬੈਠਿਆਂ ਹੀ ਪ੍ਰਾਪਤ ਹੋ ਜਾਂਦਾ ਹੈ, ਫਿਰ ਤੀਰਥਾਂ ਉੱਤੇ ਜਾਣ ਦੀ ਲੋੜ ਨਹੀਂ ਰਹਿੰਦੀ।

# ਕਹਾਣੀ-ਭਾਗ

## 1. ਕੱਲੋ

## ਕਹਾਣੀਕਾਰ - ਨਾਨਕ ਸਿੰਘ

### ••• ਸਾਰ •••

ਜਦੋਂ 1936 ਈ: ਵਿੱਚ ਲੇਖਕ ਨੇ 'ਕਾਗਤਾਂ ਦੀ ਬੇੜੀ' ਨਾਵਲ ਲਿਖਣ ਲਈ ਪੈਸੇ ਦੀ ਤੰਗੀ ਕਾਰਨ ਧਰਮਸ਼ਾਲਾ ਵਿੱਚ ਮੈਕਲੋਡ ਗੰਜ ਦੇ ਕਿਸੇ ਹੋਟਲ ਦੀ ਥਾਂ ਇੱਕ ਗੁੰਮਨਾਮ ਮੁਹੱਲੇ ਵਿੱਚ ਡੇਰਾ ਲਾਇਆ, ਤਾਂ ਉੱਥੋਂ ਦੀ ਇੱਕ ਕੱਲੋ ਨਾਂ ਦੀ ਬੇਪ੍ਰਵਾਹ ਤੇ ਢੀਠ ਸਫਾਈ-ਸੇਵਿਕਾ ਨੇ ਉਸ ਨੂੰ ਬਹੁਤ ਪ੍ਰੇਸ਼ਾਨ ਕੀਤਾ, ਜੋ ਹਰ ਇੱਕ ਨਾਲ਼ ਆਢ੍ਹਾ ਲਾਈ ਰੱਖਦੀ ਸੀ ਅਤੇ ਹਰ ਵੇਲੇ ਸੜੀ-ਭੁੱਜੀ ਰਹਿੰਦੀ ਸੀ। ਉਸ ਦੇ ਰੌਲੇ-ਰੱਪੇ ਦੇ ਕਾਰਨ ਉਸ ਨੇ ਉਸ ਥਾਂ ਨੂੰ ਬਦਲ ਲੈਣ ਦਾ ਫੈਸਲਾ ਕੀਤਾ, ਪਰ ਅਗਲੇ ਦਿਨ ਜ਼ੋਰਦਾਰ ਬਾਰਿਸ਼ ਹੋਣ ਕਰਕੇ ਉਹ ਉੱਥੇ ਹੀ ਬੈਠਾ ਨਾਵਲ ਲਿਖਦਾ ਰਿਹਾ। ਜਦੋਂ ਦੁਪਹਿਰ ਦੇ ਸਮੇਂ ਉਹ ਬੈਠਾ ਅੰਬ ਚੂਪ ਰਿਹਾ ਸੀ, ਤਾਂ ਕੱਲੋ ਅਚਾਨਕ ਇੱਕ-ਦਮ ਆ ਧਮਕੀ ਅਤੇ ਉਸਨੂੰ ਬੂਹਿਓਂ ਬਾਹਰ ਗਿਟਕਾਂ ਦੇ ਛਿੱਲੜ ਸੁੱਟਣ ਕਾਰਨ ਬੁਰਾ-ਭਲਾ ਬੋਲਣ ਲੱਗੀ, ਪਰ ਲੇਖਕ ਨੇ ਉਸ ਨੂੰ 'ਬਹਿਨ' (ਭੈਣ) ਕਹਿ ਕੇ ਆਪਣੀ ਗਲਤੀ ਮੰਨ ਲਈ ਤੇ ਆਪ ਹੀ ਸਫਾਈ ਕਰਨ ਲੱਗ ਪਿਆ। ਕੱਲੋ ਨੇ ਲੇਖਕ ਨੂੰ ਸਫਾਈ ਕਰਨ ਤੋਂ ਹਟਾ ਕੇ ਸਾਰਾ ਕੰਮ ਆਪ ਕਰ ਦਿੱਤਾ। ਦੂਸਰੇ ਦਿਨ ਕੱਲੋ ਨੇ ਮਹੱਲੇ ਵਿੱਚ ਆ ਕੇ ਸਭ ਤੋਂ ਪਹਿਲਾਂ ਉਸ ਦੇ ਬੂਹੇ ਅੱਗੇ ਸਫ਼ਾਈ ਕੀਤੀ ਤੇ ਨਾਲੀ ਦਾ ਗੰਦ ਵੀ ਕੱਢ ਦਿੱਤਾ। ਕੱਲੋ ਨੇ ਲੇਖਕ ਨੂੰ 'ਦਾਦਾ' ਕਹਿ ਕੇ ਘਰ ਦੇ ਅੰਦਰ ਦਾ ਕੂੜਾ ਬਾਹਰ ਸੁੱਟਣ ਬਾਰੇ ਪੁੱਛਿਆ। ਇੱਕ ਵਾਰ ਉਸ ਨੂੰ ਆਪਣੇ ਲਈ ਵਰਤਿਆ 'ਦਾਦਾ' ਸ਼ਬਦ ਅਜੀਬ ਲੱਗਾ। ਜਦੋਂ ਲੇਖਕ ਵੱਲੋਂ ਮਜ਼ਦੂਰੀ ਵਜੋਂ ਉਸ ਵੱਲ ਸੁੱਟੇ ਦੋ ਆਨੇ ਨਾ ਚੁੱਕੇ, ਤਾਂ ਲੇਖਕ ਨੇ ਇੱਕ ਵਾਰ ਤਾਂ ਉਸ ਨੂੰ ਲਾਲਚੀ ਸਮਝਿਆ, ਪਰ ਜਲਦੀ ਹੀ ਉਸ ਨੂੰ ਆਪਣੀ ਸਮਝ ਤੇ ਪਛਤਾਵਾ ਹੋਇਆ ਅਤੇ ਉਹ ਉਸ ਨਾਲ਼ ਗੱਲਾਂ ਕਰਕੇ ਜਾਣ ਗਿਆ ਕਿ ਉਹ ਬੰਗਾਲਣ ਹੈ। ਇਸ ਲਈ ਉਸ ਨੇ ਲੇਖਕ ਨੂੰ 'ਦਾਦਾ' (ਵੱਡਾ ਭਰਾ) ਕਿਹਾ।

ਹੁਣ ਲੇਖਕ ਸਮਝ ਗਿਆ ਕਿ ਉਹ ਪਿਆਰ ਦੀ ਭੁੱਖੀ ਆਤਮਾ ਹੈ ਜੋ ਲੇਖਕ ਦੇ 'ਬਹਿਨ' ਕਹਿਣ ਤੇ ਪਸੀਜ ਗਈ। ਜਦ ਕਿ ਸਾਰਾ ਮਹੱਲਾ ਉਸ ਨੂੰ ਬੁਰਾ-ਭਲਾ ਬੋਲਦਾ ਸੀ। ਇਸ ਸਮੇਂ ਕੱਲੋ ਨੂੰ ਪਤਾ ਲੱਗਾ ਕਿ ਉਹ ਇਕ ਲੇਖਕ ਹੈ ਤੇ ਉੱਥੋਂ ਦੇ ਰੌਲੇ ਕਾਰਨ ਉਹ ਉੱਥੋਂ ਚੱਲਾ ਜਾਣਾ ਚਾਹੁੰਦਾ ਹੈ। ਇਸ ਤੋਂ ਪਿੱਛੋਂ ਕੱਲੋ ਨੇ ਨਾ ਕੇਵਲ ਲੋਕਾਂ ਨਾਲ਼ ਲੜਨਾ-ਝਗੜਨਾ ਬੰਦ ਕਰ ਦਿੱਤਾ, ਸਗੋਂ ਉਹ ਬੱਚਿਆਂ ਨੂੰ ਵੀ ਪਿਆਰ ਨਾਲ਼ ਰੌਲਾ ਪਾਉਣ ਤੋਂ ਰੋਕਣ ਲੱਗ ਪਈ, ਜਿਸ ਕਰਕੇ ਲੇਖਕ ਨੂੰ ਰਹਿਣ ਵਾਲ਼ੀ ਜਗ੍ਹਾ ਬਦਲਣ ਦੀ ਲੋੜ ਨਾ ਪਈ। ਨਾਵਲ ਦਾ ਕੰਮ ਪੂਰਾ ਹੋਣ ਮਗਰੋਂ ਲੇਖਕ ਨੇ ਕੱਲੋ ਨੂੰ ਆਪਣੇ ਵਾਪਸ ਜਾਣ ਬਾਰੇ ਦੱਸਿਆ ਅਤੇ ਅਗਲੇ ਦਿਨ ਜਦੋਂ ਉਹ ਕੱਲੋ ਨੂੰ ਮਿਲਣ ਦੀ ਉਡੀਕ ਕਰਦਾ ਬੱਸ ਵਿੱਚ ਜਾ ਬੈਠਾ, ਤਾਂ ਉਸ ਸਮੇਂ ਉਹ ਉਸ ਦੀ ਪਤਨੀ ਲਈ ਅੰਬਾਂ ਦੀ ਟੋਕਰੀ ਲੈ ਕੇ ਪੁੱਜੀ ਤੇ ਨਾਲ਼ ਹੀ ਕਹਿਣ ਲੱਗੀ ਕਿ ਉਸ ਨੇ ਅੰਬਾਂ ਨੂੰ ਛੂਹਿਆ ਨਹੀਂ। ਲੇਖਕ

ਨੇ ਟੋਕਰੀ ਖੁਸ਼ੀ-ਖੁਸ਼ੀ ਉਸ ਤੋਂ ਲੈ ਲਈ, ਜਿਸ ਨਾਲ਼ ਉਹ ਖਿੜ ਗਈ। ਲੇਖਕ ਬੱਸ ਵਿੱਚ ਜਾ ਬੈਠਾ ਤੇ ਕੱਲੋ ਪਿਆਰ ਵਿੱਚ ਭਿੱਜੀ ਬੱਸ ਵੱਲ ਵੇਖ ਰਹੀ ਸੀ।

## ••• ਛੋਟੇ ਉੱਤਰ ਵਾਲ਼ੇ ਪ੍ਰਸ਼ਨ •••

**ਪ੍ਰਸ਼ਨ 1. "ਪਰ ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ਼ ਕਦੋਂ ਦੂਰ ਹੋ ਸਕਦੀ ਸੀ?" ਲੇਖਕ ਨੇ ਅਜਿਹਾ ਕਿਉਂ ਸੋਚਿਆ?**

ਉੱਤਰ - ਲੇਖਕ ਪਹਿਲਾਂ ਨਾਵਲ ਲਿਖਣ ਲਈ ਕਈ ਸਾਲਾਂ ਤੋਂ ਧਰਮਸ਼ਾਲਾ ਦੀ ਰਮਣੀਕ ਥਾਂ ਮੈਕਲੋਡ ਗੰਜ ਵਿੱਚ ਜਾ ਕੇ ਲਿਖਦਾ ਸੀ, ਪਰ ਇਸ ਵਾਰ ਉਸ ਨੇ ਪੈਸੇ ਦੀ ਕਮੀ ਹੋਣ ਕਰਕੇ ਆਪਣਾ ਮਨ ਮਾਰ ਕੇ ਘਰ ਵਿੱਚ ਬੈਠ ਕੇ ਹੀ ਨਾਵਲ ਲਿਖਣਾ ਸ਼ੁਰੂ ਕਰ ਦਿੱਤਾ, ਪਰ ਗੱਲ ਨਾ ਬਣਦੀ ਦੇਖ ਉਸ ਦਾ ਦਿਲ ਧਰਮਸ਼ਾਲਾ ਜਾਣ ਲਈ ਹੀ ਕਾਹਲਾ ਪੈ ਰਿਹਾ ਸੀ। ਕਿਉਂਕਿ ਘਰ ਵਿੱਚ ਬੈਠ ਕੇ ਨਾਵਲ ਲਿਖਦਿਆਂ ਉਸ ਨੂੰ ਉਹ ਸੁਆਦ ਨਹੀਂ ਸੀ ਆਉਂਦਾ ਜੋ ਉੱਥੇ ਪਹਾੜਾਂ ਦੀ ਰਮਨੀਕ ਗੋਦੀ ਵਿੱਚ ਬਹਿ ਕੇ ਆਉਂਦਾ ਸੀ। ਉਸ ਲਈ ਲੇਖਕ ਨੇ ਇੰਜ ਸੋਚਿਆ।

**ਪ੍ਰਸ਼ਨ 2. ਲੇਖਕ ਨੂੰ ਆਪਣਾ ਨਾਵਲ ਲਿਖਣ ਸਮੇਂ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ?**

ਉੱਤਰ - ਇੱਕ ਤਾਂ ਪੈਸੇ ਵੱਲੋਂ ਹੱਥ ਤੰਗ ਹੋਣ ਕਰਕੇ ਲੇਖਕ ਨੂੰ ਧਰਮਸ਼ਾਲਾ ਵਿੱਚ ਆਪਣੀ ਮਨਪਸੰਦ ਥਾਂ ਮੈਕਲੋਡ ਗੰਜ ਦੀ ਕਿਸੇ ਹੋਟਲ ਵਿੱਚ ਜਾ ਕੇ ਰਹਿਣ ਦੀ ਥਾਂ ਕਿਸੇ ਗੁੰਮਨਾਮ ਮੁਹੱਲੇ ਵਿੱਚ ਆਪਣੇ ਇੱਕ ਦੋਸਤ ਦੇ ਘਰ ਰੁਕਣਾ ਪਿਆ। ਦੂਜਾ ਜਿਸ ਮੁਹੱਲੇ ਵਿੱਚ ਉਹ ਰੁਕਿਆ, ਉਥੋਂ ਦੀ ਸਫਾਈ-ਸੇਵਿਕਾ ਬੜੀ ਗੁੱਸੇ-ਖੋਰ ਤੇ ਝਗੜਾਲੂ ਸੁਭਾਅ ਵਾਲ਼ੀ ਸੀ। ਉਹ ਗਲੀ ਵਿੱਚ ਕਿਸੇ ਨਾ ਕਿਸੇ ਨਾਲ਼ ਆਢ੍ਹਾ ਲਾਈ ਰੱਖਦੀ ਸੀ। ਮੁਹੱਲੇ ਦੇ ਲੋਕਾਂ ਦੀ ਇੱਕ ਗੱਲ ਬਦਲੇ ਉਹ ਚਾਰ ਸੁਣਾਉਂਦੀ ਸੀ। ਜਿਸ ਰੌਲੇ-ਰੱਪੇ ਕਾਰਨ ਲੇਖਕ ਨੂੰ ਨਾਵਲ ਲਿਖਣ ਵਿੱਚ ਮੁਸਕਲ ਆ ਰਹੀ ਸੀ।

**ਪ੍ਰਸ਼ਨ 3. "ਬੜੀ ਭੂਲ ਹੋਈ ਬਹਿਨ, ਮੁਆਫ ਕਰਨਾ, ਪ੍ਰਦੇਸੀ ਨੂੰ ਖ਼ਿਆਲ ਨਹੀਂ ਰਿਹਾ।" ਲੇਖਕ ਦੇ ਇਨ੍ਹਾਂ ਸ਼ਬਦਾਂ ਦਾ ਕੱਲੋ ਦੇ ਵਿਹਾਰ ਤੇ ਕੀ ਅਸਰ ਪਿਆ?**

ਉੱਤਰ - ਜਦੋਂ ਅੰਬ ਚੂਪ ਕੇ ਗਿਟਕਾਂ ਅਤੇ ਛਿਲੜ ਬਾਹਰ ਸੁੱਟ ਰਹੇ ਲੇਖਕ ਨੂੰ ਕੱਲੋ ਨੇ ਆ ਕੇ ਫਿਟਕਾਰ ਭਰੇ ਸ਼ਬਦ ਬੋਲੇ ਤਾਂ ਲੇਖਕ ਨੇ ਉਸ ਨੂੰ 'ਬਹਿਨ' ਸ਼ਬਦ ਨਾਲ਼ ਸੰਬੋਧਨ ਕਰਦਿਆਂ ਆਪਣੀ ਗਲਤੀ ਲਈ ਮੁਆਫੀ ਮੰਗ ਲਈ। ਆਪਣੇ ਲਈ 'ਬਹਿਨ' ਸ਼ਬਦ ਸੁਣਨ ਤੋਂ ਬਾਅਦ ਕੱਲੋ ਦੇ ਵਿਹਾਰ ਵਿੱਚ ਇਕਦਮ ਤਬਦੀਲੀ ਆ ਗਈ। ਉਹ ਲੇਖਕ ਦੇ ਪਿਆਰ ਨਾਲ਼ ਭਰੇ ਸ਼ਬਦਾਂ ਨਾਲ਼ ਇੱਕ ਦਮ ਪਿਘਲ ਕੇ ਮੋਮ ਹੋ ਗਈ। ਉਸ ਨੇ ਲੇਖਕ ਨੂੰ ਗਿਟਕਾਂ ਤੇ ਛਿੱਲੜ ਇਕੱਠੇ ਕਰਨ ਤੋਂ ਹਟਾ ਕੇ ਇਹ ਕੰਮ ਆਪ ਕਰ ਦਿੱਤਾ ਤੇ ਨਾਲ਼ ਹੀ ਬੂਹੇ ਦਾ ਅੱਗਾ ਵੀ ਸਾਫ਼ ਕਰ ਦਿੱਤਾ। ਅਗਲੇ ਦਿਨ ਉਸ ਨੇ ਸਭ ਤੋਂ ਪਹਿਲਾਂ ਲੇਖਕ ਦੇ ਘਰ ਦਾ ਅੱਗਾ ਸਾਫ਼ ਕੀਤਾ ਅਤੇ ਮੁਹੱਲੇ ਦੇ ਲੋਕਾਂ ਪ੍ਰਤੀ ਉਸ ਦਾ ਵਤੀਰਾ ਬਦਲ ਗਿਆ।

**ਪ੍ਰਸ਼ਨ 4. ਲੇਖਕ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਕੱਲੋ ਦਾ ਸੁਭਾਅ ਕਿਹੋ ਜਿਹਾ ਸੀ?**

ਉੱਤਰ - ਲੇਖਕ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਕੱਲੋ ਮੁਹੱਲੇ ਦੇ ਲੋਕਾਂ ਨਾਲ਼ ਆਢ੍ਹਾ ਲਾਈ ਰੱਖਦੀ ਸੀ। ਉਹ ਹਰ ਵੇਲੇ ਸੜੀ-ਭੁੱਜੀ ਰਹਿੰਦੀ ਸੀ ਅਤੇ ਹਰ ਇੱਕ ਨਾਲ਼ ਲੜਾਈ ਝਗੜਾ ਕਰਦੀ ਸੀ। ਸਫਾਈ ਦਾ ਕੰਮ ਵੀ ਵਧੀਆ ਢੰਗ ਨਾਲ਼ ਨਹੀਂ ਕਰਦੀ ਸੀ। ਜਮੀਨ ਤੇ ਝਾੜੂ ਘੜੀਸ ਦੀ ਰਹਿੰਦੀ ਸੀ ਅਤੇ ਮੁਹੱਲੇ ਦੇ ਲੋਕਾਂ ਨੂੰ ਬੁਰਾ-ਭਲਾ ਬੋਲਦੀ ਸੀ। ਬਦਲੇ ਵਿੱਚ ਮੁਹੱਲੇ

ਦੀਆਂ ਔਰਤਾਂ ਵੀ ਉਸ ਨੂੰ ਬੋਲ-ਕਬੋਲ ਬੋਲਦੀਆਂ ਸਨ। ਪਰ ਉਹ ਕਿਸੇ ਦੀ ਪਰਵਾਹ ਨਹੀਂ ਕਰਦੀ ਸੀ ਅਤੇ ਕਿਸੇ ਦਾ ਕਹਿਣਾ ਵੀ ਨਹੀਂ ਮੰਨਦੀ ਸੀ।

**ਪ੍ਰਸ਼ਨ 5. ਲੇਖਕ ਨੂੰ ਕੱਲੋਂ ਲਾਲਚੀ ਕਿਉਂ ਜਾਪੀ?**

ਉੱਤਰ - ਜਦੋਂ ਲੇਖਕ ਨੇ ਉਸ ਨੂੰ ਕੀਤੇ ਕੰਮ ਦੀ ਮਜ਼ਦੂਰੀ ਲੈਣ ਲਈ ਖੜ੍ਹੀ ਸਮਝ ਕੇ ਉਸ ਵੱਲ ਆਨਾ ਸੁੱਟਿਆ, ਤਾਂ ਉਸ ਨੇ ਉਹ ਨਾ ਚੁੱਕਿਆ ਤੇ ਲੇਖਕ ਵੱਲ ਤੱਕ ਕੇ ਆਪਣੀ ਨਜ਼ਰ ਪਰ੍ਹੇ ਹਟਾ ਲਈ। ਲੇਖਕ ਨੂੰ ਜਾਪਿਆ ਕਿ ਉਹ ਲਾਲਚੀ ਹੈ ਅਤੇ ਉਹ ਹੋਰ ਪੈਸੇ ਚਾਹੁੰਦੀ ਹੈ। ਲੇਖਕ ਨੇ ਉਸ ਤੋਂ ਪਿੱਛਾ ਛੁਡਾਉਣ ਲਈ ਉਸ ਵੱਲ ਇੱਕ ਹੋਰ ਆਨਾ ਸੁੱਟਿਆ, ਪਰ ਉਸ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਇਹ ਦੇਖ ਕੇ ਲੇਖਕ ਨੂੰ ਯਕੀਨ ਹੋ ਗਿਆ ਕਿ ਉਹ ਪੱਕਾ ਲਾਲਚ ਕਰ ਰਹੀ ਹੈ, ਜਿਸ ਕਰਕੇ ਉਸ ਨੇ ਉਸ ਨੂੰ, ਇਹਨੇ ਕ ਕੰਮ ਲਈ ਹੋਰ ਕਿੰਨ੍ਹੇ ਪੈਸੇ ਚਾਹੀਦੇ ਆ, ਕਹਿ ਕੇ  ਲਾਲਚੀ ਸੁਭਾਅ ਲਈ ਕੋਸਿਆ।

**ਪ੍ਰਸ਼ਨ 6. ਲੇਖਕ ਨਾਲ਼ ਗੱਲ ਕਰਦੀ ਕੱਲੋਂ ਚੁੱਪ ਕਿਉਂ ਹੋ ਗਈ ਸੀ?**

ਉੱਤਰ - ਲੇਖਕ ਨਾਲ਼ ਗੱਲ ਕਰਦੀ ਆਪਣੇ ਚਾਰ ਭੈਣਾਂ, ਭਰਾ ਕੋਈ ਨਾ ਹੋਣ ਅਤੇ ਮਾਂ-ਬਾਪ ਦੇ ਹਲਾਤ ਬਾਰੇ ਗੱਲ ਕਰਦੀ ਕੱਲੋ ਚੁੱਪ ਹੋ ਗਈ ਕਿਉਂਕਿ ਉਸ ਨੇ ਦੇਖਿਆ ਕਿ ਬਾਹਰ ਮੀਂਹ ਵੀ ਬੰਦ ਹੋ ਚੁੱਕਾ ਸੀ ਤੇ ਮੁਹੱਲੇ ਵਿੱਚ ਉਸ ਦਾ ਕੰਮ ਵੀ ਬਹੁਤ ਪਿਆ ਸੀ। ਇਸ ਕਰਕੇ ਲੇਖਕ ਨਾਲ਼ ਗੱਲ ਕਰਨੀ ਬੰਦ ਕਰ ਕੇ ਉਸ ਨੇ ਆਪਣਾ ਝਾੜੂ ਤੇ ਛਾਬਾ ਚੁੱਕਿਆ ਤੇ ਕੰਮ ਲਈ ਚਲੀ ਗਈ।

**ਪ੍ਰਸ਼ਨ 7. ਕੱਲੋ ਨੇ ਲੇਖਕ ਨੂੰ ਕਿਹੜੀ ਸੌਗਾਤ ਭੇਟ ਕੀਤੀ ਤੇ ਕਿਉਂ?**

ਉੱਤਰ - ਕੱਲੋ ਨੇ ਲੇਖਕ ਨੂੰ ਅੰਬਾਂ ਦੀ ਟੋਕਰੀ ਸੌਗਾਤ ਵਜੋਂ ਭੇਟ ਕੀਤੀ। ਉਹ ਇਹ ਅੰਬ ਲੇਖਕ ਦੀ ਪਤਨੀ ਲਈ ਭੇਜਣਾ ਚਾਹੁੰਦੀ ਸੀ।

## 2. ਜਨਮ-ਦਿਨ

## ਕਹਾਣੀਕਾਰ - ਪ੍ਰੋ: ਸਵਿੰਦਰ ਸਿੰਘ ਉੱਪਲ

### ••• ਸਾਰ •••

ਜਦੋਂ ਜੁਗਲ ਪ੍ਰਸ਼ਾਦ ਦੀ ਪੰਜ ਰੁਪਏ ਤਨਖਾਹ ਵਧੀ, ਤਾਂ ਉਹ ਆਪਣੀ ਪਤਨੀ ਦੇ ਵਿਰੋਧ ਦੇ ਬਾਵਜੂਦ ਚਾਲ਼ੀ ਰੁਪਏ ਉਧਾਰ ਮੰਗ-ਤੰਗ ਕੇ ਆਪਣੇ ਪੁੱਤਰ ਜੋਤੀ ਨੂੰ ਮੁੱਢ ਤੋਂ ਅੰਗਰੇਜ਼ੀ ਪੜ੍ਹਾਉਣ ਤੇ ਨਵੀਆਂ ਵਿੱਦਿਅਕ ਵਿਉਂਤਾਂ ਅਨੁਸਾਰ ਚੱਲ ਰਹੇ ਸਕੂਲ ਵਿੱਚ ਦਾਖ਼ਲ ਕਰਵਾ ਕੇ ਖ਼ੁਸ਼ ਸੀ। ਮਹੀਨੇ ਬਾਅਦ ਇਮਤਿਹਾਨ ਤੋਂ ਉਸ ਨੂੰ ਪਤਾ ਲੱਗਾ ਕੇ ਜੋਤੀ ਸੋਹਣਾ ਹੋਣ ਦੇ ਨਾਲ਼-ਨਾਲ਼ ਪੜ੍ਹਾਈ ਵਿਚ ਵੀ ਸਾਰੇ ਜਮਾਤੀਆਂ ਤੋਂ ਅੱਗੇ ਸੀ। ਇਸ ਸਬੰਧੀ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਦਿੱਤੀ। ਜਿਸ ਕਰਕੇ ਜੁਗਲ ਪ੍ਰਸ਼ਾਦ ਅਤੇ ਉਸ ਦੀ ਪਤਨੀ ਬਹੁਤ ਖ਼ੁਸ਼ ਸਨ। ਇੱਕ ਦਿਨ ਜੁਗਲ ਪ੍ਰਸ਼ਾਦ ਨੂੰ ਪ੍ਰਿੰਸੀਪਲ ਦੀ ਚਿੱਠੀ ਤੋਂ ਪਤਾ ਲੱਗਾ ਕਿ ਸ਼ਹਿਰ ਦੀ ਨਾਗਰਿਕ ਸਭਾ ਵੱਲੋਂ ਐਤਵਾਰ ਨੂੰ ਮਨਾਏ ਜਾ ਰਹੇ ਪ੍ਰਾਂਤ ਦੇ ਪ੍ਰਸਿੱਧ ਮੰਤਰੀ ਸ੍ਰੀ ਜਵਾਲਾ ਪ੍ਰਸ਼ਾਦ ਦੇ ਜਨਮ ਦਿਨ ਦੇ ਮੌਕੇ ਉੱਤੇ ਮੰਤਰੀ ਜੀ ਸ਼ਹਿਰ ਦੇ ਚੋਣਵੇਂ ਸਕੂਲਾਂ ਦੇ ਬੱਚਿਆਂ ਨੂੰ ਮਿਲਣਾ ਚਾਹੁੰਦੇ ਹਨ ਅਤੇ ਇਸ ਕੰਮ ਲਈ ਜੋਤੀ ਨੂੰ ਚੁਣਿਆ ਗਿਆ ਹੈ ਜੋ ਮੰਤਰੀ ਜੀ ਦੇ ਗਲ ਹਾਰ ਪਾਵੇਗਾ। ਇਸ ਗੱਲ ਦੀ ਜੁਗਲ ਪ੍ਰਸ਼ਾਦ ਤੇ ਉਸ ਦੀ ਪਤਨੀ ਨੂੰ ਬਹੁਤ ਖ਼ੁਸ਼ੀ ਪ੍ਰਾਪਤ ਹੋਈ। ਪਰ ਘਰ ਵਿੱਚ ਪਹਿਲਾਂ ਤੋਂ ਚੱਲ ਰਹੀ ਪੈਸਿਆਂ ਦੀ ਤੰਗੀ ਕਾਰਨ ਉਨ੍ਹਾਂ ਨੇ

ਜੋਤੀ ਦੀ ਬੁਘਨੀ ਵਿੱਚੋਂ ਸੱਤ ਆਨੇ ਕੱਢ ਕੇ ਅਤੇ ਇੱਕ ਮਿੱਤਰ ਤੋਂ ਮੁਸ਼ਕਿਲ ਨਾਲ਼ ਤਿੰਨ ਰੁਪਏ ਉਧਾਰ ਲੈ ਕੇ ਜੋਤੀ ਲਈ ਬੂਟ, ਚਿੱਟੇ ਰੰਗ ਦੀਆਂ ਜ਼ੁਰਾਬਾਂ, ਨਿੱਕਰ ਅਤੇ ਕਮੀਜ਼ ਦਾ ਪ੍ਰਬੰਧ ਕੀਤਾ।

ਸਮਾਗਮ ਵਾਲ਼ੇ ਦਿਨ 'ਤੇ ਜੋਤੀ ਨੂੰ ਭੇਜ ਕੇ ਸਾਰਾ ਟੱਬਰ ਤ੍ਰਿਕਾਲਾਂ ਨੂੰ ਉਸ ਦੀ ਬੇਸਬਰੀ ਨਾਲ਼ ਉਡੀਕ ਕਰ ਰਿਹਾ ਸੀ ਕਿ ਉਹ ਆਵੇ ਤੇ ਉਹਨਾਂ ਨੂੰ ਸਾਰੇ ਰੌਣਕ ਮੇਲੇ ਵਿੱਚ ਮਿਲ਼ੇ ਮਾਣ ਸਨਮਾਨ ਦਾ ਹਾਲ ਸੁਣਾਵੇ। ਪਰ ਕੁੱਝ ਦੇਰ ਮਗਰੋਂ ਪ੍ਰਿੰਸੀਪਲ ਡਸਕੋਰੇ ਲੈ ਰਹੇ ਜੋਤੀ ਨੂੰ ਨਾਲ਼ ਲੈ ਕੇ ਪੁੱਜੀ। ਉਸ ਨੇ ਅਫ਼ਸੋਸ ਪ੍ਰਗਟ ਕਰਦਿਆਂ ਦੱਸਿਆ ਕਿ ਜੋਤੀ ਨੂੰ ਮੰਤਰੀ ਜੀ ਨੂੰ ਹਾਰ ਪਾਉਣ ਦਾ ਮਾਣ ਨਹੀਂ ਮਿਲ਼ ਸਕਿਆ ਕਿਉਂਕਿ ਸੇਠ ਲੱਖਪਤ ਰਾਏ ਨੇ ਉਨ੍ਹਾਂ ਦੇ ਚੇਅਰਮੈਨ ਤੋਂ ਅਖਵਾ ਕੇ ਇਸ ਕੰਮ ਲਈ ਜੋਤੀ ਦੀ ਥਾਂ ਆਪਣੇ ਪੁੱਤਰ ਦਾ ਨਾਂ ਬਦਲਵਾ ਲਿਆ ਸੀ। ਇਹ ਸੁਣ ਕੇ ਜੁਗਲ ਪ੍ਰਸ਼ਾਦ ਦੀਆਂ ਸੱਧਰਾਂ ਤੇ ਉਮੰਗਾਂ ਨੂੰ ਵੱਡਾ ਝਟਕਾ ਲੱਗਾ ਅਤੇ ਉਹ ਗੁੱਸੇ ਨਾਲ਼ ਆਪੇ ਤੋਂ ਬਾਹਰ ਹੋਇਆ ਕਹਿਣ ਲੱਗਾ ਕਿ ਅੱਜ ਮੰਤਰੀ ਦਾ ਜਨਮ ਦਿਨ ਨਹੀਂ ਸਗੋਂ ਉਸ ਦੇ ਅੰਦਰ ਪੈਦਾ ਹੋਈ ਉਸ ਦਲੇਰੀ, ਹਿੰਮਤ ਤੇ ਜੁਰੱਅਤ ਦਾ ਜਨਮ ਦਿਨ ਹੈ, ਜੋ ਹੁਣ ਅਮੀਰਾਂ ਨੂੰ ਗ਼ਰੀਬਾਂ ਦੀਆਂ ਸੱਧਰਾਂ ਤੇ ਉਮੰਗਾਂ ਨੂੰ ਪੈਰਾਂ ਹੇਠ ਲਿਤਾੜਨ ਨਹੀਂ ਦੇਵੇਗੀ।

## ••• ਛੋਟੇ ਉੱਤਰ ਵਾਲ਼ੇ ਪ੍ਰਸ਼ਨ •••

**ਪ੍ਰਸ਼ਨ 1. ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਿਉਂ ਕਰਵਾਉਣਾ ਚਾਹੁੰਦਾ ਸੀ?**

ਉੱਤਰ - ਜੁਗਲ ਪ੍ਰਸ਼ਾਦ ਚਾਹੁੰਦਾ ਸੀ ਕਿ ਸ਼ੁਰੂ ਤੋਂ ਅੰਗਰੇਜ਼ੀ ਪੜਾਉਣ ਵਾਲ਼ੇ ਸਕੂਲ ਵਿੱਚ ਜੋਤੀ ਅੰਗਰੇਜ਼ੀ ਸਿੱਖ ਕੇ ਨਿਪੁੰਨ ਬਣ ਜਾਵੇ। ਉਹ ਸਮਝਦਾ ਸੀ ਕਿ ਇਸ ਸਕੂਲ ਵਿੱਚ ਬੱਚੇ ਦੀ ਸ਼ਖ਼ਸੀਅਤ ਦੀ ਉਸਾਰੀ ਲਈ ਵਿਸ਼ੇਸ਼ ਮੌਕੇ ਦਿੱਤੇ ਜਾਂਦੇ ਹਨ। ਜਿਸ ਨਾਲ਼ ਬੱਚੇ ਸਾਫ਼-ਸੁਥਰਾ ਰਹਿਣਾ, ਚੰਗੇ ਕੱਪੜੇ ਪਹਿਨਣਾ ਅਤੇ ਪਿਆਰ ਨਾਲ਼ ਮਿਲ਼-ਜੁਲ ਕੇ ਰਹਿਣ ਤੋਂ ਇਲਾਵਾ ਉਹਨਾਂ ਵਿੱਚ ਸਵੈ-ਵਿਸ਼ਵਾਸ ਵਰਗੇ ਗੁਣ ਵੀ ਪੈਦਾ ਹੁੰਦੇ ਹਨ। ਉਹ ਸਮਝਦਾ ਸੀ ਕਿ ਇੱਥੇ ਪੜ੍ਹ ਕੇ ਉਸ ਦਾ ਪੁੱਤਰ ਵੱਡਾ ਹੋ ਕੇ ਅਫ਼ਸਰ ਬਣੇਗਾ।

**ਪ੍ਰਸ਼ਨ 2. ਸਕੂਲ ਦੀ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਕਿਉਂ ਦਿੱਤੀ?**

ਉੱਤਰ - ਜਦੋਂ ਇੱਕ ਮਹੀਨੇ ਬਾਅਦ ਇਮਤਿਹਾਨ ਹੋਇਆ ਤਾਂ ਜੁਗਲ ਪ੍ਰਸਾਦ ਦਾ ਪੁੱਤਰ ਜੋਤੀ ਇਮਤਿਹਾਨ ਵਿੱਚ ਸਾਰੇ ਜਮਾਤੀਆਂ ਨਾਲ਼ੋਂ ਅੱਵਲ ਰਿਹਾ। ਜਿਸ ਕਰਕੇ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਅਜਿਹੇ ਹੋਣਹਾਰ ਪੁੱਤਰ ਦਾ ਪਿਤਾ ਹੋਣ 'ਤੇ ਵਧਾਈ ਦਿੱਤੀ।

**ਪ੍ਰਸ਼ਨ 3. "ਇਹ ਮੇਰਾ ਲਾਲ ਜਾਏਗਾ, ਐਡੇ ਵੱਡੇ ਮੰਤਰੀ ਕੋਲ, ਮੈਂ ਸਦਕੇ ਜਾਵਾਂ।" ਜੋਤੀ ਦੀ ਮਾਂ ਦੇ ਇਨ੍ਹਾਂ ਸ਼ਬਦਾਂ ਤੋਂ ਕੀ ਭਾਵ ਸੀ ?**

ਉੱਤਰ - ਜੋਤੀ ਦੀ ਮਾਂ ਦੇ ਇਨ੍ਹਾਂ ਸ਼ਬਦਾਂ ਤੋਂ ਭਾਵ ਸੀ ਕਿ ਉਹ ਬਹੁਤ ਖ਼ੁਸ਼ ਹੈ ਕਿ ਉਸ ਦਾ ਪੁੱਤਰ ਬੜਾ ਲਾਇਕ ਅਤੇ ਹੋਣਹਾਰ ਹੈ, ਜੋ ਪ੍ਰਾਂਤ ਦੇ ਵੱਡੇ ਮੰਤਰੀ ਦੇ ਗਲ ਵਿੱਚ ਹਾਰ ਪਾਵੇਗਾ। ਉਹ ਇਸ ਗੱਲ ਲਈ ਆਪਣੇ ਪੁੱਤਰ ਤੋਂ ਕੁਰਬਾਨ ਜਾਂਦੀ ਹੈ ਅਤੇ ਉਸ ਉੱਤੇ ਮਾਣ ਕਰਦੀ ਹੈ।

**ਪ੍ਰਸ਼ਨ 4. ਜੁਗਲ ਪ੍ਰਸ਼ਾਦ ਦੀ ਸੋਚ ਅਨੁਸਾਰ ਘੱਟ ਆਮਦਨ ਹੁੰਦਿਆਂ ਉਸ ਦੀ ਪਤਨੀ ਘਰ ਦਾ ਗੁਜ਼ਾਰਾ ਕਿਵੇਂ ਤੋਰਦੀ ਸੀ ?**

ਉੱਤਰ - ਜੁਗਲ ਪ੍ਰਸਾਦ ਦੀ ਸੋਚ ਅਨੁਸਾਰ ਘੱਟ ਆਮਦਨ ਹੁੰਦਿਆਂ ਵੀ ਉਸ ਦੀ ਪਤਨੀ ਡੇਢ ਸੌ ਰੁਪਏ ਵਿੱਚ ਪੰਜ ਬੱਚਿਆਂ ਨੂੰ ਪਾਲ ਰਹੀ ਸੀ। ਉਹ ਉਸ ਨੂੰ ਬੱਚਿਆਂ ਦੀਆਂ ਬੁਗਨੀਆਂ ਵਿੱਚੋਂ ਪੈਸੇ ਇਕੱਠੇ ਕਰਦੀ ਦੇਖ ਕੇ ਸੋਚਦਾ ਕਿ ਕਿਸ ਤਰ੍ਹਾਂ ਉਹ ਯਤਨ ਕਰ ਰਹੀ ਸੀ ਕਿ ਉਸ ਦਾ ਬੱਚਾ ਸਕੂਲ ਵਾਲਿਆਂ ਦੀ ਇੱਛਾ ਅਨੁਸਾਰ ਨਾਗਰਿਕ ਸਭਾ ਦੁਆਰਾ ਐਤਵਾਰ ਨੂੰ ਹੋਣ ਵਾਲ਼ੇ ਸਮਾਗਮ ਵਿਚ ਸ਼ਾਮਲ ਹੋ ਸਕੇ।

**ਪ੍ਰਸ਼ਨ 5. ਤ੍ਰਿਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ?**

ਉੱਤਰ - ਤਿਰਕਾਲਾਂ ਨੂੰ ਜੁਗਲ ਪ੍ਰਸ਼ਾਦ ਦਾ ਸਾਰਾ ਪਰਿਵਾਰ ਜੋਤੀ ਦੇ ਸਮਾਗਮ ਵਿੱਚੋਂ ਵਾਪਸ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਜੋ ਉਹ ਉਸ ਦੇ ਮੂੰਹੋਂ ਸਮਾਗਮ ਵਿੱਚ ਪ੍ਰਾਪਤ ਹੋਏ ਮਾਣ ਨੂੰ ਵਿਸਥਾਰ ਨਾਲ਼ ਸੁਣ ਸਕਣ।

**ਪ੍ਰਸ਼ਨ 6. ਡਸਕੋਰੇ ਭਰ ਰਹੇ ਜੋਤੀ ਬਾਰੇ ਸਕੂਲ ਦੀ ਪ੍ਰਿੰਸੀਪਲ ਜੁਗਲ ਪ੍ਰਸ਼ਾਦ ਨੂੰ ਕੀ ਕਹਿੰਦੀ ਹੈ ?**

ਉੱਤਰ - ਡਸਕੋਰੇ ਭਰ ਰਹੇ ਜੋਤੀ ਬਾਰੇ ਸਕੂਲ ਦੀ ਪ੍ਰਿੰਸੀਪਲ ਅਫ਼ਸੋਸ ਪ੍ਰਗਟ ਕਰਦੀ ਹੋਈ ਜੁਗਲ ਪ੍ਰਸ਼ਾਦ ਨੂੰ ਦੱਸਦੀ ਹੈ ਕਿ ਉਸ ਦੇ ਪੁੱਤਰ ਨੂੰ ਮੰਤਰੀ ਜੀ ਨੂੰ ਹਾਰ ਪਾਉਣ ਦਾ ਮਾਣ ਨਹੀਂ ਮਿਲ਼ ਸਕਿਆ, ਕਿਉਂਕਿ ਸੇਠ ਲਖਪਤ ਰਾਏ ਨੇ ਉਨ੍ਹਾਂ ਦੇ ਚੇਅਰਮੈਨ ਨੂੰ ਕਹਿ ਕੇ ਜੋਤੀ ਦੇ ਨਾਂ ਦੀ ਥਾਂ ਆਪਣੇ ਪੁੱਤਰ ਦਾ ਨਾਂ ਬਦਲਵਾ ਲਿਆ ਸੀ।

**ਪ੍ਰਸ਼ਨ 7. "ਅੱਜ ਉਸ ਮੰਤਰੀ ਦਾ ਜਨਮ ਦਿਨ ਨਹੀਂ ਮੇਰਾ ਜਨਮ ਦਿਨ ਏ।" ਜੁਗਲ ਪ੍ਰਸ਼ਾਦ ਨੇ ਇਹ ਗੱਲ ਕਿਸ ਸੰਦਰਭ ਵਿੱਚ ਕਹੀ?**

ਉੱਤਰ - ਜੁਗਲ ਪ੍ਰਸ਼ਾਦ ਨੇ ਡਸਕੋਰੇ ਭਰ ਰਹੇ ਜੋਤੀ ਨੂੰ ਦੇਖ ਅਤੇ ਪ੍ਰਿੰਸੀਪਲ ਦੇ ਮੂੰਹੋਂ ਸਾਰਾ ਹਾਲ ਸੁਣ ਕੇ ਗੁੱਸੇ ਵਿੱਚ ਆ ਕੇ ਇਹ ਕਿਹਾ। ਕਿਉਂਕਿ ਉਸ ਨੂੰ ਅੱਜ ਮਹਿਸੂਸ ਹੋਇਆ ਕਿ ਉਸ ਨੂੰ ਦਲੇਰੀ ਅਤੇ ਹਿੰਮਤ ਕਰਕੇ ਅਜਿਹੇ ਅਮੀਰ ਲੋਕਾਂ ਖ਼ਿਲਾਫ ਆਵਾਜ਼ ਉਠਾਉਣੀ ਚਾਹੀਦੀ ਹੈ ਜੋ ਗ਼ਰੀਬਾਂ ਦੀਆਂ ਸੱਧਰਾਂ ਅਤੇ ਉਮੰਗਾਂ ਨੂੰ ਲਿਤਾੜਦੇ ਹਨ। ਇਸ ਲਈ ਉਹ ਆਪਣੇ ਅੰਦਰ ਪੈਦਾ ਹੋਈ ਹਿੰਮਤ ਅਤੇ ਦਲੇਰੀ ਲਈ ਆਪਣਾ ਜਨਮ ਦਿਨ ਕਹਿੰਦਾ ਹੈ।

# ਇਕਾਂਗੀ-ਭਾਗ

## 1. ਗਊਮੁਖਾ-ਸ਼ੇਰਮੁਖਾ

## ਇਕਾਂਗੀਕਾਰ - ਗੁਰਚਰਨ ਸਿੰਘ ਜਸੂਜਾ

### ••• ਸ਼ਰਨ ਸਿੰਘ ਦਾ ਪਾਤਰ-ਚਿਤਰਨ •••

**1. ਜਾਣ ਪਛਾਣ** - ਸ਼ਰਨ ਸਿੰਘ 'ਗਊਮੁਖਾ-ਸ਼ੇਰਮੁਖਾ' ਇਕਾਂਗੀ ਦਾ ਮੁੱਖ ਪਾਤਰ ਹੈ। ਉਹ ਇੱਕ ਦਲਾਲ ਹੈ। ਉਸ ਦੀ ਦਾੜ੍ਹੀ ਕਰੜ-ਬਰੜੀ, ਕੱਪੜੇ ਸਾਦੇ, ਪੱਗ ਜ਼ਰਾ ਕੁ ਮੈਲ਼ੀ ਤੇ ਕਮੀਜ਼ ਤੇ ਪਜਾਮਾ ਜ਼ਰਾ ਕੁ ਖੁੱਲ੍ਹੇ ਹਨ। ਇਕਾਂਗੀ ਵਿੱਚ ਉਹ ਚੁਸਤ-ਚਲਾਕ, ਗੱਲਾਂ ਦਾ ਜਾਦੂਗਰ, ਝੂਠੀ ਅਪਣੱਤ ਜ਼ਾਹਰ ਕਰਨ ਵਾਲ਼ਾ , ਢੀਠ, ਬੇਸ਼ਰਮ ਤੇ ਆਪਣਾ ਉੱਲੂ ਸਿੱਧਾ ਕਰਨ ਵਾਲ਼ੇ ਚਰਿੱਤਰ ਵਾਲ਼ਾ ਪਾਤਰ ਹੈ।

**2. ਢੀਠ ਤੇ ਬੇਸ਼ਰਮ** - ਸ਼ਰਨ ਸਿੰਘ ਵਿੱਚ ਇੱਕ ਦਲਾਲ ਵਾਲ਼ੀਆਂ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ। ਉਹ ਬੜਾ ਢੀਠ ਤੇ ਬੇਸ਼ਰਮ ਹੈ। ਉਹ ਲੋਕਾਂ ਦੇ ਘਰ ਬੜੀ ਢੀਠਤਾਈ ਤੇ ਬੇਸ਼ਰਮੀ ਨਾਲ਼ ਚੱਕਰ ਮਾਰਦਾ ਹੈ। ਉਹ ਕਿਸ਼ਨ ਦੇਈ ਦੇ ਰੋਕਣ ਦੇ

ਬਾਵਜੂਦ ਵੀ ਉਸ ਦੇ ਘਰ ਮਕਾਨ ਵਕਾਉਣ ਲਈ ਗੇੜੇ ਮਾਰਦਾ ਹੈ। ਆਪਣੇ ਢੀਠਪੁਣੇ ਨੂੰ ਇਕਾਂਗੀ ਦੇ ਅੰਤ ਵਿੱਚ ਜ਼ਾਹਰ ਕਰਦਾ ਉਹ ਆਪ ਹੀ ਕਹਿੰਦਾ ਹੈ, “ਹੱਟੀ ਨਰਮੀ ਦੀ ਤੇ ਦਲਾਲੀ ਬੇਸ਼ਰਮੀ ਦੀ।”

**3. ਚੁਸਤ-ਚਲਾਕ -** ਉਹ ਬੜੀ ਚਲਾਕੀ ਨਾਲ਼ ਦੂਜਿਆਂ ਨੂੰ ਆਪਣੇ ਮਤਲਬ ਦੀ ਗੱਲ ਲਈ ਤਿਆਰ ਕਰ ਲੈਂਦਾ ਹੈ । ਉਹ ਚੁਸਤ-ਚਲਾਕੀ ਨਾਲ਼ ਇੱਕ ਗਾਹਕ ਨੂੰ ਵਹਿਮਾਂ-ਭਰਮਾਂ ਵਿੱਚ ਪਾ ਕੇ ਦੂਜੇ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢ ਕੇ ਆਪਣਾ ਉੱਲੂ ਸਿੱਧਾ ਕਰ ਲੈਂਦਾ ਹੈ।

**4. ਗੱਲਾਂ ਦਾ ਜਾਦੂਗਰ** - ਉਹ ਗੱਲਾਂ ਦਾ ਜਾਦੂਗਰ ਹੈ। ਉਹ ਆਪਣੀ ਕਹੀ ਗੱਲ ਨੂੰ ਸਹੀ ਠਹਿਰਾਉਣ ਲਈ ਅਗਲੇ ਨੂੰ ਆਪਣੀਆਂ ਗੱਲਾਂ ਨਾਲ਼ ਹੀ ਤਿਆਰ ਕਰ ਲੈਂਦਾ ਹੈ। ਉਸ ਦੀਆਂ ਚੋਪੜੀਆਂ ਤੇ ਪ੍ਰਭਾਵਸ਼ਾਲੀ ਗੱਲਾਂ ਸੁਣ ਕੇ ਹੀ ਚੋਪੜਾ ਸਾਹਿਬ ਕਹਿੰਦੇ ਹਨ, “ਮਰਹੱਬਾ ਸਰਦਾਰ ਸਾਹਿਬ ਮਰਹੱਬਾ, ਤਹਾਨੂੰ ਗੱਲਾਂ ਤਾਂ ਖ਼ੂਬ ਆਉਂਦੀਆਂ ਨੇ।”

**5. ਦੂਜਿਆਂ ਨਾਲ਼ ਝੂਠੀ ਅਪਣੱਤ ਜ਼ਾਹਰ ਕਰਨ ਵਾਲ਼ਾ** - ਉਹ ਕਿਸ਼ਨ ਦੇਈ ਨਾਲ਼ ਅਪਣੱਤ ਜ਼ਾਹਰ ਕਰਦਾ ਹੋਇਆ ਝੂਠ ਬੋਲਦਾ ਹੈ ਕਿ ਉਸ ਦਾ ਪਤੀ ਉਸ ਦਾ ਸਹਿਪਾਠੀ ਸੀ ਤੇ ਉਸ ਦਾ ਮਿੱਤਰ ਸੀ। ਜਦ ਕਿ ਉਹਨਾਂ ਵਿੱਚ ਆਪਸੀ ਕੋਈ ਜਾਣ-ਪਹਿਚਾਣ ਨਹੀਂ ਸੀ। ਉਹ ਚੋਪੜਾ ਸਾਹਿਬ ਨਾਲ਼ ਝੂਠੀ ਮਿੱਤਰਤਾ ਜ਼ਾਹਰ ਕਰਦਾ ਹੈ। ਉਹ ਇੱਕ ਧਿਰ ਨੂੰ ਕੁਝ ਕਹਿੰਦਾ ਹੈ ਤੇ ਦੂਜੀ ਧਿਰ ਨੂੰ ਕੁਝ ਹੋਰ ਕਹਿੰਦਾ ਹੈ।

**6. ਆਪਣਾ ਉੱਲੂ ਸਿੱਧਾ ਕਰਨ ਵਾਲ਼ਾ** - ਸ਼ਰਨ ਸਿੰਘ ਦੀ ਝੂਠੀ ਅਪਣੱਤ ਤੇ ਹਮਦਰਦੀ ਵਿੱਚ ਫਸ ਕੇ ਕਿਸ਼ਨ ਦੇਈ ਆਪਣਾ ਮਕਾਨ ਵੇਚ ਦਿੰਦੀ ਹੈ ਅਤੇ ਚੋਪੜਾ ਸਾਹਿਬ ਨਾ ਚਾਹੁੰਦਾ ਵੀ ਖਰੀਦ ਲੈਂਦਾ ਹੈ। ਇਸ ਤਰਾਂ ਉਹ ਆਪਣੀ ਦਲਾਲੀ ਲਈ ਆਪਣਾ ਉੱਲੂ ਸਿੱਧਾ ਕਰਦਾ ਹੋਇਆ ਦੋਹਾਂ ਧਿਰਾਂ ਨੂੰ ਇਧਰ-ਉਧਰ ਦੀਆਂ ਗੱਲਾ ਵਿੱਚ ਲਾ ਕੇ ਮਕਾਨ ਵੇਚਣ ਅਤੇ ਖਰੀਦਣ ਲਈ ਤਿਆਰ ਕਰ ਲੈਂਦਾ ਹੈ।

## ••• ਕਿਸ਼ਨ ਦੇਈ ਦਾ ਪਾਤਰ-ਚਿਤਰਨ •••

**1. ਜਾਣ-ਪਛਾਣ** - ਕਿਸ਼ਨ ਦੇਈ ‘ਗਊ-ਮੁਖਾ ਸ਼ੇਰ-ਮੁਖਾ’ ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਅੱਧਖੜ ਉਮਰ ਦੀ ਵਿਧਵਾ ਔਰਤ ਹੈ। ਉਸ ਦਾ ਪਹਿਰਾਵਾ ਸਾਦਾ ਹੈ। ਉਹ ਆਰਥਿਕ ਤੰਗੀ ਦਾ ਸ਼ਿਕਾਰ ਹੈ। ਇਕਾਂਗੀਕਾਰ ਨੇ ਉਸ ਦੇ ਪਾਤਰ ਰਾਹੀਂ ਸ਼ਰਨ ਸਿੰਘ ਦਲਾਲ ਦੇ ਚੁਸਤ-ਚਲਾਕ, ਢੀਠ, ਬੇਸ਼ਰਮ, ਖ਼ੁਦਗਰਜ਼, ਝੂਠੀ ਅਪਣੱਤ ਰੱਖਣ ਵਾਲ਼ੇ ਤੇ ਗੱਲਾਂ ਦਾ ਖੱਟਿਆ ਖਾਣ ਵਾਲ਼ੇ ਚਰਿੱਤਰ ਨੂੰ ਸਫ਼ਲਤਾ ਪੂਰਵਕ ਉਘਾੜਿਆ ਹੈ।

**2. ਸਫ਼ਾਈ ਪਸੰਦ** - ਇਕਾਂਗੀ ਦੇ ਆਰੰਭ ਹੋਣ ਸਮੇਂ ਹੀ ਉਹ ਸਟੇਜ ਉੱਪਰ ਸਫ਼ਾਈ ਕਰਦੀ ਨਜ਼ਰ ਆਉਂਦੀ ਹੈ। ਉਹ ਆਪਣੇ ਪੁੱਤਰ ਸੁਦਰਸ਼ਨ ਨੂੰ ਕਹਿੰਦੀ ਹੈ ਕਿ ਉਸ ਨੇ ਆਪਣਾ ਕਮਰਾ ਸਾਫ਼ ਕਿਉਂ ਨਹੀਂ ਕੀਤਾ, ਜਦ ਉਸ ਦੇ ਕਮਰੇ ਵਿੱਚ ਉਸ ਦੀਆਂ ਕਿਤਾਬਾਂ ਮਿੱਟੀ-ਘੱਟੇ ਨਾਲ਼ ਭਰੀਆਂ ਹੋਈਆਂ ਸਨ। ਸੁਦਰਸ਼ਨ ਵੀ ਉਸ ਨੂੰ ਕਹਿੰਦਾ ਹੈ ਕਿ ਉਹ ਸਾਰਾ ਦਿਨ ਸਫ਼ਾਈ ਕਰਨ ਵਿੱਚ ਹੀ ਲੱਗੀ ਰਹਿੰਦੀ ਹੈ।

**3. ਸੋਹਜਵਾਦੀ ਰੁਚੀ ਵਾਲ਼ੀ** - ਉਹ ਸੋਹਜਵਾਦੀ ਰੁਚੀ ਵਾਲ਼ੀ ਹੈ । ਉਸ ਨੇ ਆਪਣਾ ਮਕਾਨ ਬੜੀ ਰੀਝ ਨਾਲ਼ ਬਣਾਇਆ ਹੈ। ਉਸ ਦਾ ਪਤੀ ਵੀ ਅਜਿਹੀ ਹੀ ਰੁਚੀ ਦਾ ਮਾਲਕ ਸੀ। ਉਹ ਸੋਹਜਵਾਦੀ ਹੋਣ ਕਰਕੇ ਘਰ ਦੇ ਫ਼ਰਸ਼ਾਂ ਦੀ ਸਫ਼ਾਈ ਵੀ ਕਰਕੇ ਰੱਖਦੀ ਹੈ।

**4. ਕੰਮ ਦੀ ਰੁਚੀ ਰੱਖਣ ਵਾਲ਼ੀ -** ਉਹ ਸਫ਼ਾਈ ਤੋਂ ਬਿਨਾਂ ਘਰ ਦੇ ਹੋਰ ਕੰਮਾਂ ਨੂੰ ਕਰਨ ਦੀ ਵੀ ਰਚੀ ਰੱਖਦੀ ਹੈ। ਉਹ ਆਪਣੇ ਬਾਰੇ ਆਪ ਆਖਦੀ ਹੈ ਕਿ ਉਹ ਕਿਸੇ ਦੇ ਸਿਰ ਅਹਿਸਾਨ ਨਹੀਂ ਕਰਦੀ ਆਪਣਾ ਕੰਮ ਕਰਦੀ ਹੈ।

**5. ਪ੍ਰਸੰਸਾ ਸੁਣ ਕੇ ਖ਼ੁਸ਼ ਹੋਣ ਵਾਲ਼ੀ** - ਉਹ ਪਹਿਲਾਂ ਤਾਂ ਸ਼ਰਨ ਸਿੰਘ ਦਲਾਲ ਨੂੰ ਘਰ ਨਹੀਂ ਸੀ ਵੜਨ ਦੇਣਾ ਚਾਹੁੰਦੀ, ਪਰ ਜਦੋਂ ਉਹ ਉਸ ਅੱਗੇ ਉਸ ਦੇ ਮਕਾਨ ਦੇ ਫ਼ਰਸ਼ਾਂ ਦੀ ਪ੍ਰਸੰਸਾ ਕਰਦਾ, ਤਾਂ ਉਹ ਖ਼ੁਸ਼ ਹੋ ਕੇ ਉਸ ਨੂੰ ਸਰਬਤ ਵੀ ਪਲਾਉਂਦੀ ਹੈ।

**6. ਨਿੱਡਰ -** ਉਹ ਭੂਤ-ਪ੍ਰੇਤ ਤੋਂ ਡਰਨ ਵਾਲ਼ੀ ਨਹੀਂ ਹੈ । ਉਹ ਆਪਣੇ ਪੁੱਤਰ ਨੂੰ ਵੀ ਕਹਿੰਦੀ ਹੈ ਕਿ ਉਹ ਜਵਾਨ ਪੁੱਤ ਹੋ ਕੇ ਵੀ ਕਿਉਂ ਡਰ ਰਿਹਾ ਹੈ।

**7. ਕਿਸਮਤ ਵਿੱਚ ਵਿਸ਼ਵਾਸ ਰੱਖਣ ਵਾਲ਼ੀ -** ਉਹ ਆਪਣੇ ਪਤੀ ਦੀ ਮੌਤ ਬਾਰੇ ਸ਼ਰਨ ਸਿੰਘ ਨੂੰ ਹੌਕਾ ਭਰ ਕੇ ਦੱਸਦੀ ਹੈ ਕਿ "ਅੱਛਾ ਭਰਾਵਾ, ਕਿਸਮਤ ਦੀ ਲਿਖੀ ਨੂੰ ਕੌਣ ਮੋੜ ਸਕਦਾ ਹੈ, ਅਖੇ ਰਾਈ ਘਟੇ ਨਾ ਤਿਲ ਵਧੇ, ਜੋ ਲਿਖਿਆ ਕਰਤਾਰ।"

**8. ਆਰਥਿਕ ਤੰਗੀ ਦਾ ਸ਼ਿਕਾਰ** - ਉਹ ਆਰਥਿਕ ਤੌਰ ਤੇ ਤੰਗੀ ਦਾ ਸ਼ਿਕਾਰ ਹੈ। ਉਸ ਨੂੰ ਆਪਣੇ ਬੱਚੇ ਦੀ ਪੜ੍ਹਾਈ ਦੇ ਖਰਚੇ ਦਾ ਫਿਕਰ ਹੈ। ਉਸ ਕੋਲ ਆਪਣੇ ਪੁੱਤਰ ਨੂੰ ਕੋਈ ਕੰਮ ਸ਼ੁਰੂ ਕੇ ਦੇਣ ਲਈ ਵੀ ਪੈਸੇ ਨਹੀਂ ਹਨ। ਇਸ ਲਈ ਹੀ ਉਹ ਸ਼ਰਨ ਸਿੰਘ ਦੇ ਕਹਿਣ ਤੇ ਮਕਾਨ ਵੇਚਣ ਲਈ ਤਿਆਰ ਹੋ ਜਾਂਦੀ ਹੈ।

**9. ਗੱਲਾਂ ਵਿੱਚ ਆ ਜਾਣ ਵਾਲ਼ੀ -** ਉਹ ਆਪਣਾ ਮਕਾਨ ਵੇਚਣਾ ਨਹੀਂ ਚਾਹੁੰਦੀ ਸੀ ਅਤੇ ਸ਼ਰਨ ਸਿੰਘ ਨਾਲ਼ ਇਸ ਬਾਰੇ ਗੱਲ ਵੀ ਨਹੀਂ ਕਰਨੀ ਚਾਹੁੰਦੀ ਸੀ। ਪਰ ਹੌਲ਼ੀ-ਹੌਲ਼ੀ ਉਹ ਸ਼ਰਨ ਸਿੰਘ ਦੀਆਂ ਝੂਠੀਆਂ ਤੇ ਅਪਣੱਤ ਨਾਲ਼ ਭਰੀਆਂ ਗੱਲਾਂ ਵਿੱਚ ਆ ਕੇ ਮਕਾਨ ਵੇਚ ਦਿੰਦੀ ਹੈ ।

**10. ਭਵਿੱਖ ਦੇ ਸੁਪਨੇ ਲੈਣ ਵਾਲ਼ੀ -** ਉਹ ਆਪਣੇ ਪੁੱਤਰ ਦੇ ਭਵਿੱਖ ਬਾਰੇ ਸੁਪਨੇ ਸੋਚਦੀ ਹੈ ਕਿ ਮਕਾਨ ਵੇਚ ਕੇ ਜੇਕਰ ਉਸ ਦਾ ਪੁੱਤਰ ਦਰਸ਼ਨ ਕੋਈ ਕੰਮ ਚਲਾ ਲਵੇ ਤਾਂ ਫਿਰ ਬਹੁਤ ਮਕਾਨ ਬਣ ਜਾਣਗੇ ਨਾਲ਼ ਹੀ ਘਰ ਵਿੱਚ ਉਸ ਦੀ ਸੋਹਣੀ ਵਹੁਟੀ ਆਵੇਗੀ। ਫਿਰ ਉਸ ਦੇ ਘਰ ਪੋਤਰਾ ਹੋਵੇਗਾ, ਜਿਸ ਨੂੰ ਉਹ ਰਾਤ-ਦਿਨ ਖਿਡਾਉਂਦੀ ਨਹੀਂ ਥੱਕਗੀ। ਇਸ ਤਰ੍ਹਾਂ ਪਰਮਾਤਮਾ ਉਸ ਨੂੰ ਸੁੱਖ ਦਾ ਸਾਹ ਦੇਵੇਗਾ।

## ••• ਸੁਦਰਸ਼ਨ ਦਾ ਪਾਤਰ-ਚਿਤਰਨ •••

**1. ਜਾਣ-ਪਛਾਣ** - ਸੁਦਰਸ਼ਨ 'ਗਊਮੁਖਾ-ਸ਼ੇਰਮੁਖਾ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਉਹ ਕਿਸ਼ਨ ਦੇਈ ਦਾ ਪੁੱਤਰ ਹੈ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ। ਉਸ ਦੀ ਉਮਰ ਸਤਾਰਾਂ-ਅਠਾਰਾਂ ਸਾਲ ਦੀ ਹੈ। ਉਸ ਨੇ ਦਸਵੀਂ ਜਮਾਤ ਪਾਸ ਕਰ ਲਈ ਹੈ। ਉਹ ਇੱਕ ਆਰਥਿਕ ਤੰਗੀ ਦਾ ਸ਼ਿਕਾਰ ਪਰਿਵਾਰ ਵਿੱਚੋਂ ਹੈ। ਉਸ ਦੇ ਪਾਤਰ ਰਾਹੀਂ ਇਕਾਂਗੀਕਾਰ ਨੇ ਕਿਸ਼ਨ ਦੇਈ ਦੀਆਂ ਉਹਨਾਂ ਮਜ਼ਬੂਰੀਆਂ ਨੂੰ ਸਾਹਮਣੇ ਲਿਆਂਦਾ ਹੈ, ਜਿਨ੍ਹਾਂ ਦਾ ਫਾਇਦਾ ਉਠਾ ਕੇ ਸ਼ਰਨ ਸਿੰਘ ਉਸ ਨੂੰ ਮਕਾਨ ਵੇਚਣ ਲਈ ਤਿਆਰ ਕਰਦਾ ਹੈ।

**2. ਹੋਣਹਾਰ ਤੇ ਪੜ੍ਹਨ ਵਿੱਚ ਹੁਸ਼ਿਆਰ -** ਸੁਦਰਸ਼ਨ ਇੱਕ ਹੋਣਹਾਰ ਲੜਕਾ ਹੈ। ਉਹ ਪੜ੍ਹਨ ਵਿੱਚ ਹੁਸ਼ਿਆਰ ਹੈ। ਉਸਨੇ ਦਸਵੀਂ ਜਮਾਤ ਪਹਿਲੇ ਦਰਜੇ ਨਾਲ਼ ਪਾਸ ਕੀਤੀ ਹੈ ।

**3. ਮਾਂ ਦਾ ਆਗਿਆਕਾਰ** - ਉਹ ਮਾਂ ਦਾ ਆਗਿਆਕਾਰ ਬੱਚਾ ਹੈ। ਜਦੋਂ ਉਸ ਦੀ ਮਾਂ ਉਸ ਨੂੰ ਪੁੱਛਦੀ ਹੈ ਕਿ ਉਹ ਆਪਣੇ ਕਿਸੇ ਕੰਮ-ਕਾਰ ਉੱਤੇ ਲੱਗਣ ਬਾਰੇ ਕੀ ਵਿਚਾਰ ਰੱਖਦਾ ਹੈ, ਤਾਂ ਉਹ ਕਹਿੰਦਾ ਹੈ, "ਜਿਵੇਂ ਤੁਸੀਂ ਆਖੋ।"

**3. ਸਫ਼ਾਈ ਵੱਲ ਘੱਟ ਧਿਆਨ ਦੇਣ ਵਾਲ਼ਾ -** ਉਹ ਆਪਣੇ ਕਮਰੇ ਅਤੇ ਘਰ ਦੀ ਸਫ਼ਾਈ ਵੱਲ ਘੱਟ ਧਿਆਨ ਦਿੰਦਾ ਹੈ। ਉਸ ਦੀ ਮਾਂ ਨੂੰ ਉਸ ਬਾਰੇ ਸ਼ਿਕਾਇਤ ਹੈ ਕਿ ਉਸ ਨੇ ਆਪਣਾ ਕਮਰਾ ਸਾਫ਼ ਨਹੀਂ ਕੀਤਾ। ਉਸ ਦੀਆਂ ਕਿਤਾਬਾਂ ਵੀ ਮਿੱਟੀ-ਘੱਟੇ ਨਾਲ਼ ਭਰੀਆਂ ਹੋਈਆਂ ਹਨ।

**4. ਵਹਿਮਾਂ-ਭਰਮਾਂ ਦਾ ਸ਼ਿਕਾਰ -** ਸੁਦਰਸ਼ਨ ਸ਼ਰਨ ਸਿੰਘ ਦੇ ਮੂੰਹੋਂ ਉਸ ਦੀ ਮਨਘੜਤ ਗੱਲ ਰਾਹੀਂ ਆਪਣੇ ਘਰ ਨੇੜੇ ਬੰਦ ਕੀਤੇ ਜਾ ਚੁੱਕੇ ਖੂਹ ਬਾਰੇ ਅਤੇ ਖੂਹ ਉੱਤੇ ਆਉਂਦੀਆਂ ਭੂਤਾਂ ਬਾਰੇ ਸੁਣ ਕੇ ਡਰ ਜਾਂਦਾ ਹੈ। ਉਹ ਸ਼ਰਨ ਸਿੰਘ ਦੇ ਮੂੰਹੋਂ ਆਪਣੇ ਮਕਾਨ ਦੇ ਸ਼ੇਰਮੁਖਾ ਹੋਣ ਨਾਲ਼ ਹੋਣ ਵਾਲ਼ੇ ਨੁਕਸਾਨ ਬਾਰੇ ਸੁਣ ਕੇ ਵੀ ਡਰ ਜਾਂਦਾ ਹੈ।

**5. ਮਾਂ ਦਾ ਖ਼ਿਆਲ ਰੱਖਣ ਵਾਲ਼ਾ –** ਉਹ ਆਪਣੀ ਮਾਂ ਦਾ ਖ਼ਿਆਲ ਰੱਖਦਾ ਹੈ। ਉਹ ਆਪਣੀ ਮਾਂ ਨੂੰ ਕਹਿੰਦਾ ਹੈ ਕਿ ਉਹ ਸਾਰਾ ਦਿਨ ਘਰ ਦੀ ਸਾਫ਼-ਸਫ਼ਾਈ ਵਿੱਚ ਹੀ ਲੱਗੀ ਰਹਿੰਦੀ ਹੈ।

**6. ਇੱਕ ਜ਼ੁੰਮੇਵਾਰ ਪੁੱਤਰ -** ਉਸ ਦਾ ਪੜ੍ਹਾਈ ਵਿੱਚ ਹੁਸ਼ਿਆਰ ਹੋਣਾ ਅਤੇ ਆਪਣੀ ਮਾਂ ਦੁਆਰਾ ਉਸ ਦੇ ਭਵਿੱਖ ਬਾਰੇ ਪੁੱਛੇ ਜਾਣ ਤੇ ਉਸਦਾ ਇਹ ਆਖਣਾ ਕਿ, "ਜਿਵੇਂ ਤੁਸੀਂ ਆਖੋਂ।" ਉਸ ਦੇ ਇੱਕ ਜ਼ੁੰਮੇਵਾਰ ਪੁੱਤਰ ਹੋਣ ਦੇ ਸਬੂਤ ਹਨ।

## ••• ਚੋਪੜਾ ਸਾਹਿਬ ਦਾ ਪਾਤਰ-ਚਿਤਰਨ •••

**1. ਜਾਣ-ਪਛਾਣ -** ਚੋਪੜਾ ਸਾਹਿਬ 'ਗਊਮੁਖਾ-ਸ਼ੇਰਮੁਖਾ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਉਹ ਅਧਖੜ ਉਮਰ ਦਾ ਆਦਮੀ ਹੈ। ਉਸ ਨੇ ਪੈਂਟ ਪਾਈ ਹੋਈ ਹੈ। ਉਸ ਦੇ ਹੱਥ ਵਿੱਚ ਟੋਪੀ ਹੈ। ਉਸ ਦੇ ਚਰਿੱਤਰ ਰਾਹੀਂ ਇਕਾਂਗੀਕਾਰ ਨੇ ਸ਼ਰਨ ਸਿੰਘ ਦਲਾਲ ਦੇ ਚੁਸਤ-ਚਲਾਕ, ਢੀਠ, ਬੇਸ਼ਰਮ, ਖੁਦਗਰਜ਼ ਤੇ ਗੱਲਾਂ ਦਾ ਖੱਟਿਆ ਖਾਣ ਵਾਲ਼ੇ ਚਰਿੱਤਰ ਨੂੰ ਪੇਸ਼ ਕੀਤਾ ਹੈ।

**2. ਗੱਲਾਂ ਵਿੱਚ ਆ ਜਾਣ ਵਾਲ਼ਾ -** ਇਕਾਂਗੀ ਦੇ ਆਰੰਭ ਵਿੱਚ ਚੋਪੜਾ ਸਾਹਿਬ ਸ਼ਰਨ ਸਿੰਘ ਦਲਾਲ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹੈ ਅਤੇ ਮਕਾਨ ਖਰੀਦਣ ਤੋਂ ਨਾਂਹ ਕਰਦਾ ਹੈ, ਪਰ ਹੌਲ਼ੀ-ਹੌਲ਼ੀ ਸ਼ਰਨ ਸਿੰਘ ਦੀਆਂ ਗੱਲਾਂ ਵਿੱਚ ਆ ਕੇ ਮਕਾਨ ਖਰੀਦਣ ਲਈ ਤਿਆਰ ਹੋ ਜਾਂਦਾ ਹੈ।

**3. ਵਹਿਮਾਂ ਦਾ ਸ਼ਿਕਾਰ -** ਜਦੋਂ ਉਸ ਨੂੰ ਮਕਾਨ ਦੇ ਸ਼ੇਰਮੁਖਾ ਹੋਣ ਦਾ ਪਤਾ ਲੱਗਦਾ ਤਾਂ ਉਹ ਇਸ ਵਹਿਮ ਬਾਰੇ ਸ਼ਰਨ ਸਿੰਘ ਨਾਲ਼ ਗੱਲ ਕਰਦਾ ਹੈ। ਉਹ ਕਿਸ਼ਨ ਦੇਈ ਦੇ ਪਤੀ ਦੀ ਮੌਤ ਨੂੰ ਵੀ ਸ਼ੇਰਮੁਖੇ ਮਕਾਨ ਨਾਲ਼ ਜੋੜ ਕੇ ਵਹਿਮ ਕਰਦਾ ਹੈ।

**4. ਹਾਸ-ਰਸ ਪੈਦਾ ਕਰਨ ਵਾਲ਼ਾ -** ਚੋਪੜਾ ਸਾਹਿਬ ਦੀਆਂ ਕੁਝ ਗੱਲਾਂ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੀਆਂ ਹਨ। ਉਹ ਸ਼ਰਨ ਸਿੰਘ ਨੂੰ ਕਹਿੰਦਾ ਹੈ , "ਯਾਨੀ ਕਿ ਦਿੱਲੀ ਦੇ ਵਾਸੀ ਜਿਉਂਦੇ ਜੀਅ ,ਸਵਰਗ ਵਾਸੀ ਅਖਵਾਉਣ ਦੇ ਹੱਕਦਾਰ ਹੋ ਗਏ ਹਨ।"

**5. ਸੌਦੇ-ਬਾਜ਼ -** ਉਹ ਇੱਕ ਸੌਦੇ-ਬਾਜ਼ ਵੀ ਹੈ। ਉਹ ਪਹਿਲਾਂ ਤਾਂ ਕੀਮਤ ਘੱਟ ਕਰਵਾਉਣ ਲਈ ਮਕਾਨ ਲੈਣ ਲਈ ਤਿਆਰ ਹੀ ਨਹੀਂ ਹੁੰਦਾ, ਫਿਰ ਜਦੋਂ ਤਿਆਰ ਹੁੰਦਾ ਹੈ, ਤਾਂ ਅਗਲੇ ਦੀ ਮੰਗੀ ਕੀਮਤ ਨਾਲੋਂ ਪੰਜ ਹਜ਼ਾਰ ਘੱਟ ਕਹਿ ਕੇ ਮਗਰੋਂ ਕੇਵਲ ਡੇਢ ਹਜ਼ਾਰ ਹੀ ਵਧਦਾ ਹੈ ਤੇ ਇਸ ਤਰ੍ਹਾਂ ਅੰਤ ਤੇ ਸੌਦਾ ਕਰ ਲੈਂਦਾ ਹੈ।

## ••• ਵਾਰਤਾਲਾਪ ਸੰਬੰਧੀ ਪ੍ਰਸ਼ਨ •••

**1. "ਫੇਰ ਆ ਧਮਕਿਐ। ਇਨ੍ਹਾਂ ਦਲਾਲਾਂ ਨੇ ਕਿਹਾ ਜੀਅ ਸਾੜਿਐ। ਕੋਈ ਨਾ ਕੋਈ ਦਿਮਾਗ਼ ਚੱਟਣ ਆਇਆ ਹੀ ਰਹਿੰਦੈ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਦੇ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਕੌਣ ਕਿਸ ਦਾ ਦਿਮਾਗ਼ ਚੱਟਣ ਆਇਆ ਹੈ?

**ਉੱਤਰ -** 1. ਗਊਮੁਖਾ-ਸ਼ੇਰਮੁਖਾ।

2. ਗੁਰਚਰਨ ਸਿੰਘ ਜਸੂਜਾ।

3. ਇਹ ਵਾਕ ਕ੍ਰਿਸ਼ਨ ਦੇਈ ਨੇ ਆਪਣੇ ਪੁੱਤਰ ਸੁਦਰਸ਼ਨ ਨੂੰ ਕਹੇ।

4. ਦਲਾਲ ਸ਼ਰਨ ਸਿੰਘ ਕਿਸ਼ਨ ਦੇਈ ਦਾ।

**2. "ਤਾਂ ਹੁਣ ਤੁਹਾਡਾ ਮਤਲਬ ਏ ਸ਼ੇਰਮੁੱਖੇ ਵੱਲ ਹੱਟੀ ਕਰ ਲਈਏ ਤੇ ਗਊਮੁੱਖੇ ਵੱਲ ਘਰ ਬਣਾ ਲਈਏ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਦੇ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਗਊਮੁਖਾ-ਸ਼ੇਰਮੁਖਾ ਤੋਂ ਕੀ ਭਾਵ ਹੈ?

**ਉੱਤਰ -** 1. ਗਊਮੁਖਾ-ਸ਼ੇਰਮੁਖਾ।

2. ਗੁਰਚਰਨ ਸਿੰਘ ਜਸੂਜਾ।

3. ਇਹ ਸ਼ਬਦ ਚੋਪੜਾ ਸਾਹਿਬ ਸ਼ਰਨ ਸਿੰਘ ਨੂੰ ਕਹਿੰਦਾ ਹੈ।

4. ਅੱਗਾ ਤੰਗ ਵਾਲੇ ਮਕਾਨ ਨੂੰ ਗਊਮੁਖਾ ਅਤੇ ਅੱਗਾ ਚੌੜੇ ਵਾਲੇ ਮਕਾਨ ਨੂੰ ਸ਼ੇਰਮੁਖਾ ਕਹਿੰਦੇ ਹਨ।

**3. "ਇਹ ਤਾਂ ਭੈਣ ਜੀ, ਸਾਡਾ ਰੋਜ਼ ਦਾ ਕੰਮ ਹੋਇਆ। ਕਹਿੰਦੇ ਨੇ ਹਕੂਮਤ ਗਰਮੀ ਦੀ, ਹੱਟੀ ਨਰਮੀ ਦੀ ਤੇ ਦਲਾਲੀ ਬੇਸ਼ਰਮੀ ਦੀ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਦੇ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਦਲਾਲੀ ਕਿਹੋ ਜਿਹੀ ਚੀਜ਼ ਹੈ?

**ਉੱਤਰ -** 1. ਗਊਮੁਖਾ-ਸ਼ੇਰਮੁਖਾ।

2. ਗੁਰਚਰਨ ਸਿੰਘ ਜਸੂਜਾ।

3. ਇਹ ਸ਼ਬਦ ਸ਼ਰਨ ਸਿੰਘ ਨੇ ਕ੍ਰਿਸ਼ਨ ਦੇਈ ਨੂੰ ਕਹੇ।

4. ਬੇਸ਼ਰਮੀ ਦੀ।

# ਪੰਜਾਬੀ - ਬੀ

## ਲੇਖ

## 1. ਵਿਸਾਖੀ ਦਾ ਮੇਲਾ

• **ਭੂਮਿਕਾ -** ਵਿਸਾਖੀ ਦਾ ਮੇਲਾ ਹਰ ਸਾਲ 13 ਅਪ੍ਰੈਲ ਨੂੰ ਥਾਂ- ਥਾਂ 'ਤੇ ਲੱਗਦਾ ਹੈ। ਇਹ ਤਿਉਹਾਰ ਹਾੜ੍ਹੀ ਦੀ ਫ਼ਸਲ ਦੇ ਪੱਕਣ ਦੀ ਖ਼ੁਸ਼ੀ ਵਿੱਚ ਪੰਜਾਬ ਭਰ ਵਿੱਚ ਮਨਾਇਆ ਜਾਂਦਾ ਹੈ।

• **ਪੰਜਾਬ ਦੇ ਮੇਲੇ** - ਪੰਜਾਬ ਵਿੱਚ ਵੱਖ-ਵੱਖ ਰੁੱਤਾਂ, ਤਿਉਹਾਰਾਂ ਅਤੇ ਇਤਿਹਾਸਕ ਤੇ ਧਾਰਮਿਕ ਉਤਸਵਾਂ ਨਾਲ਼ ਸੰਬੰਧਤ ਬਹੁਤ ਸਾਰੇ ਮੇਲੇ ਲੱਗਦੇ ਹਨ ਜੋ ਪੰਜਾਬੀ ਸੱਭਿਆਚਾਰ ਵਿਚ ਬੜੀ ਮਹੱਤਤਾ ਰੱਖਦੇ ਹਨ। ਇਹ ਮੇਲੇ ਖ਼ੁਸ਼ੀ ਤੇ ਰੰਗੀਨੀ ਪੈਦਾ ਕਰਦੇ ਹਨ ਅਤੇ ਲੋਕਾਈ ਵਿੱਚ ਇੰਨੇ ਹਰਮਨ ਪਿਆਰੇ ਹਨ ਕਿ ਇਨ੍ਹਾਂ ਨੂੰ ਵੇਖਣ ਦਾ ਚਾਅ ਲੋਕ ਗੀਤਾਂ ਵਿੱਚ ਵੀ ਅੰਕਿਤ ਹੈ-

ਮੇਰਾ ਕੱਲੀ ਦਾ ਜੀਅ ਨਹੀਂ ਲੱਗਦਾ, ਵੇ ਲੈ ਚੱਲ ਮੇਲੇ ਨੂੰ।'
'ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲਊਂ।'

• **ਮੇਲਾ ਦੇਖਣ ਜਾਣਾ** - ਇਹ ਮੇਲਾ ਸਮੂਹ ਪੰਜਾਬੀਆਂ ਦੁਆਰਾ ਬੜੇ ਚਾਵਾਂ ਨਾਲ਼ ਮਨਾਇਆ ਜਾਂਦਾ ਹੈ।ਇਸ ਵਿਸਾਖੀ 'ਤੇ ਮੈਂ ਅਤੇ ਮੇਰੇ ਮਿੱਤਰਾਂ ਨੇ ਵੀ ਮੇਲਾ ਵੇਖਣ ਦਾ ਮਨ ਬਣਾਇਆ। ਅਸੀਂ ਰਸਤੇ ਵਿੱਚ ਦੇਖਿਆ ਕਿ ਬਹੁਤ ਸਾਰੇ ਬੱਚੇ, ਬੁੱਢੇ ਅਤੇ ਨੌਜਵਾਨ ਮੇਲਾ ਦੇਖਣ ਜਾ ਰਹੇ ਸਨ। ਬੱਚਿਆਂ ਨੇ ਆਪਣੇ ਮਾਂ-ਬਾਪ ਦੀਆਂ ਉਂਗਲੀਆਂ ਫੜੀਆਂ ਹੋਈਆਂ ਸਨ ਤੇ ਉਹਨਾਂ ਵਿੱਚ ਬੜਾ ਉਤਸ਼ਾਹ ਦਿਖਾਈ ਦੇ ਰਿਹਾ ਸੀ। ਸਭ ਨੇ ਨਵੇਂ ਕੱਪੜੇ ਪਾਏ ਹੋਏ ਸਨ ਅਤੇ ਚਹਿਚਹਾਉਂਦੇ ਹੋਏ ਮੇਲੇ ਜਾ ਰਹੇ ਸਨ। ਇਸ ਦੌਰਾਨ ਅਸੀਂ ਦੇਖਿਆ ਕਿ ਕਿਸਾਨ ਕਣਕਾਂ ਦੀ ਵਾਢੀ ਦਾ ਸ਼ਗਨ ਕਰ ਰਹੇ ਸਨ। ਖੇਤਾਂ ਵਿੱਚ ਕਣਕਾਂ ਇਸ ਤਰ੍ਹਾਂ ਲੱਗ ਰਹੀਆਂ ਸਨ ਜਿਵੇਂ ਕਿਸੇ ਨੇ ਸੋਨਾ ਖਿਲਾਰ ਦਿੱਤਾ ਹੋਵੇ।

• **ਇਤਿਹਾਸਕ ਪਿਛੋਕੜ** - ਵਿਸਾਖੀ ਸਾਡੇ ਦੇਸ਼ ਦਾ ਪੁਰਾਣਾ ਤਿਉਹਾਰ ਹੈ।ਇਸ ਨੂੰ ਹਾੜ੍ਹੀ ਦੀ ਫ਼ਸਲ ਦੇ ਪੱਕਣ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ।ਇਸ ਤਿਉਹਾਰ ਦਾ ਸੰਬੰਧ ਇੱਕ ਇਤਿਹਾਸਕ ਘਟਨਾ ਨਾਲ਼ ਵੀ ਹੈ। ਇਸ ਦਿਨ 1699 ਈ: ਨੂੰ ਸ੍ਰੀ ਗੁਰੂਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਉਨ੍ਹਾਂ ਨੇ ਇਸ ਦਿਨ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾਇਆ ਸੀ ਤੇ ਆਪ ਉਹਨਾਂ ਕੋਲੋਂ ਅੰਮ੍ਰਿਤ ਛਕਿਆ ਸੀ। ਉਸ ਤੋਂ ਬਾਅਦ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਦੀ ਇਕ ਖ਼ੂਨੀ ਘਟਨਾ ਵੀ ਇਸ ਨਾਲ਼ ਜੁੜ ਗਈ। 13 ਅਪਰੈਲ 1919 ਈਸਵੀ ਨੂੰ ਵਿਸਾਖੀ ਵਾਲ਼ੇ ਦਿਨ ਜ਼ਾਲਮ ਅੰਗਰੇਜ਼ ਅਫ਼ਸਰ ਜਨਰਲ ਡਾਇਰ ਨੇ ਜਲ੍ਹਿਆਂ ਵਾਲ਼ੇ ਬਾਗ਼ ਅੰਮ੍ਰਿਤਸਰ ਵਿਚ ਗੋਲੀਆਂ ਚਲਾ ਕੇ ਹਜ਼ਾਰਾਂ ਨਿਹੱਥੇ ਭਾਰਤੀਆਂ ਨੂੰ ਗੋਲੀਆਂ ਨਾਲ਼ ਭੁੰਨ ਦਿੱਤਾ ਸੀ।

• **ਮੇਲੇ ਦਾ ਦ੍ਰਿਸ਼ -** ਅਸੀਂ ਸਾਰੇ ਮਿੱਤਰ ਗੱਲਾਂ ਕਰਦੇ-ਕਰਦੇ ਮੇਲੇ ਪੁੱਜ ਗਏ।ਮੇਲੇ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ। ਸਭ ਪਾਸੇ ਰੌਲਾ-ਰੱਪਾ ਅਤੇ ਕਾਫ਼ੀ ਭੀੜ-ਭੜੱਕਾ ਸੀ। ਕੁਝ ਬੱਚੇ ਖਿਡੌਣੇ ਖ਼ਰੀਦ ਰਹੇ ਸਨ ਅਤੇ ਕੁਝ ਝੂਟੇ ਲੈ ਰਹੇ ਸਨ। ਔਰਤਾਂ ਚੂੜੀਆਂ ,ਬਿੰਦੀਆਂ ਆਦਿ ਸਮਾਨ ਖ਼ਰੀਦ ਰਹੀਆਂ ਸਨ। ਇੱਕ ਮਠਿਆਈ ਦੀ ਦੁਕਾਨ ਤੇ ਜਲੇਬੀਆਂ ਬਣ ਰਹੀਆਂ ਸਨ। ਅਸੀਂ ਸਾਰਿਆਂ ਨੇ ਗਰਮ-ਗਰਮ ਜਲੇਬੀਆਂ ਖਾਧੀਆਂ।

• **ਕੁਝ ਹੋਰ ਨਜ਼ਾਰੇ** - ਬੱਚਿਆਂ ਨੂੰ ਪੰਘੂੜੇ ਝੂਟਦਿਆਂ ਦੇਖ ਕੇ ਸਾਡਾ ਮਨ ਵੀ ਪੰਘੂੜੇ ਝੂਟਣ ਲਈ ਕਰਨ ਲੱਗ ਪਿਆ ਸੀ। ਅਸੀਂ ਵੀ ਪੰਘੂੜੇ ਉੱਪਰ ਝੂਟੇ ਲਏ। ਜਾਦੂਗਰ ਆਪਣੇ ਖੇਲ ਦਿਖਾ ਰਿਹਾ ਸੀ। ਉਸ ਨੇ ਇੱਕ ਰੁਪਏ ਦਾ ਨੋਟ ਸਾੜ ਕੇ ਫਿਰ ਉਸੇ ਨੰਬਰ ਦਾ ਨੋਟ ਦੁਬਾਰਾ ਬਣਾ ਦਿੱਤਾ। ਫਿਰ ਉਸਨੇ ਤਾਸ਼ ਦੇ ਕਈ ਖੇਲ ਦਿਖਾਏ। ਇਨ੍ਹਾਂ ਨਜ਼ਾਰਿਆਂ ਨੂੰ ਦੇਖ ਕੇ ਧਨੀ ਰਾਮ ਚਾਤ੍ਰਿਕ ਦੀਆਂ ਵਿਸਾਖੀ ਦੇ ਮੇਲੇ ਦੇ ਦ੍ਰਿਸ਼ ਨੂੰ ਬਿਆਨ ਕਰਦੀਆਂ ਸਤਰਾਂ ਯਾਦ ਆਉਣ ਲੱਗੀਆਂ-

ਥਾਈਂ-ਥਾਈਂ ਖੇਡਾਂ ਤੇ ਪੰਘੂੜੇ ਆਏ ਨੇ, ਜੋਗੀਆਂ,ਮਦਾਰੀਆਂ,ਤਮਾਸ਼ੇ ਲਾਏ ਨੇ,
ਵੰਝਲੀ,ਅਲਗੋਜ਼ਾ,ਕਾਟੋ,ਤੂੰਬਾ,ਵੱਜਦੇ, ਛਿੰਜ,ਵਿਚ ਸੂਰਜ ਪਹਿਲਵਾਨ ਗੱਜਦੇ,
ਕੱਠਾ ਹੋ ਕੇ ਆਇਆ ਰੌਲਾ ਸਾਰੇ ਜੱਗ ਦਾ, ਭੀੜ ਵਿੱਚ ਮੋਢੇ ਨਾਲ ਮੋਢਾ ਵੱਜਦਾ,
ਕੋਹਾਂ ਵਿੱਚ ਮੇਲੇ ਨੇ ਜ਼ਮੀਨ ਮੱਲੀ ਏ, ਚੱਲ ਨੀ ਪ੍ਰੇਮੀਏ ਵਿਸਾਖੀ ਚੱਲੀਏ।

• **ਭੰਗੜਾ ਤੇ ਮੈਚ** - ਜੱਟ ਥਾਂ-ਥਾਂ 'ਤੇ ਸ਼ਰਾਬਾਂ ਪੀ ਰਹੇ ਸਨ ਤੇ ਭੰਗੜਾ ਪਾ ਰਹੇ ਸਨ। ਢੋਲੀ ਢੋਲਕ ਵਜਾ ਰਿਹਾ ਸੀ। ਸ਼ਾਮ ਪੈਣੀ ਸ਼ੁਰੂ ਹੋ ਗਈ ਸੀ। ਮੇਲੇ ਵਿੱਚ ਭੀੜ ਹੱਦ ਤੋਂ ਜ਼ਿਆਦਾ ਵਧ ਗਈ ਸੀ। ਇਕ ਪਾਸੇ ਦੰਗਲ ਹੋ ਰਿਹਾ ਸੀ ਤੇ ਇੱਕ ਪਾਸੇ ਕਬੱਡੀ ਦਾ ਮੈਚ ਖੇਡਿਆ ਜਾ ਰਿਹਾ ਸੀ। ਮੇਲੇ ਦਾ ਪ੍ਰਬੰਧ ਪੁਲਿਸ ਕਰ ਰਹੀ ਸੀ।

• **ਲੜਾਈ ਤੇ ਭਗਦੜ** - ਸੂਰਜ ਛਿਪਣਾ ਸ਼ੁਰੂ ਹੋ ਗਿਆ ਸੀ। ਸਾਨੂੰ ਅਚਾਨਕ ਹੀ ਜ਼ੋਰ-ਜ਼ੋਰ ਦੀ ਬੋਲਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਦੇਖਣ 'ਤੇ ਪਤਾ ਲੱਗਾ ਕਿ ਦੋ ਆਦਮੀਆਂ ਦੀ ਆਪਸ ਵਿਚ ਲੜਾਈ ਹੋ ਰਹੀ ਸੀ। ਇਕ ਆਦਮੀ ਨੇ ਡਾਂਗ ਮਾਰ ਕੇ ਦੂਸਰੇ ਦਾ ਸਿਰ ਪਾੜ ਦਿੱਤਾ ਸੀ। ਅਸੀਂ ਜਲਦੀ ਨਾਲ਼ ਓਥੋਂ ਨਿਕਲਣ ਦੀ ਕੋਸ਼ਿਸ ਕੀਤੀ।

• **ਘਰ ਵਾਪਸੀ -** ਅਸੀਂ ਘਰ ਲਈ ਥੋੜ੍ਹੀਆਂ ਗਰਮ ਜਲੇਬੀਆਂ ਲਈਆਂ ਤੇ ਆਪਣੇ ਘਰ ਦਾ ਰਸਤਾ ਫੜ ਲਿਆ। ਸਾਨੂੰ ਘਰ ਪਹੁੰਚਦਿਆਂ ਹਨ੍ਹੇਰਾ ਹੋ ਗਿਆ ਸੀ।

• **ਸਾਰੰਸ਼ -** ਮੇਲਾ ਤਾਂ ਅਸੀਂ ਵੇਖ ਲਿਆ ਪਰ ਮੇਲੇ ਵਿੱਚ ਉਹ ਰੂਹ ਨਜ਼ਰ ਨਹੀਂ ਆਈ ਜਿਸ ਦਾ ਜ਼ਿਕਰ ਸਾਡੇ ਲੇਖਕਾਂ ਨੇ ਕੀਤਾ ਹੈ ਜਾਂ ਸਾਡੇ ਬਜ਼ੁਰਗਾਂ ਨੇ ਕਹਾਣੀਆਂ ਸੁਣਾਈਆਂ ਹਨ। ਅਸੀਂ ਸਭ ਆਪਣੇ ਵਿਰਸੇ ਨੂੰ ਭੁੱਲਦੇ ਜਾ ਰਹੇ ਹਾਂ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਵਿਰਸੇ ਨੂੰ ਅਮੀਰ ਬਣਾਈਏ।

## 2. ਡਾ. ਭੀਮ ਰਾਓ ਅੰਬੇਦਕਰ

• **ਜਾਣ-ਪਛਾਣ** - ਡਾ. ਭੀਮ ਰਾਓ ਅੰਬੇਦਕਰ ਵਿਦਵਾਨ, ਫ਼ਿਲਾਸਫ਼ਰ, ਕਨੂੰਨਦਾਨ ਅਤੇ ਦੇਸ ਨੂੰ ਪਿਆਰ ਕਰਨ ਵਾਲ਼ੇ ਇਨਸਾਨ ਸਨ। ਆਪ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਵਿਸ਼ਿਆਂ ਬਾਰੇ ਡੂੰਘੀ ਸੋਝੀ ਰੱਖਦੇ ਸਨ। ਆਪ ਨੇ ਸਮਾਜ ਵਿੱਚੋਂ ਅਨਪੜ੍ਹਤਾ, ਅੰਧ-ਵਿਸ਼ਵਾਸ ਅਤੇ ਛੂਤ-ਛਾਤ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਡਾ. ਭੀਮ ਰਾਓ ਅੰਬੇਦਕਰ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਕਿਹਾ ਜਾਂਦਾ ਹੈ। ਭਾਰਤ ਦੇ ਲੋਕ ਆਪ ਨੂੰ 'ਬਾਬਾ ਸਾਹਿਬ' ਕਹਿ ਕੇ ਯਾਦ ਕਰਦੇ

ਹਨ। ਆਪ ਦਲਿਤ ਵਰਗ ਦੇ ਮਸੀਹਾ ਸਨ। ਡਾ. ਭੀਮ ਰਾਓ ਅੰਬੇਦਕਰ ਦੀ ਜਨਮ-ਸ਼ਤਾਬਦੀ ਮੌਕੇ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ਼ ਸਨਮਾਨਿਤ ਕੀਤਾ ਗਿਆ।

• **ਜਨਮ ਅਤੇ ਪਰਿਵਾਰ** - ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ, 1891 ਈ: ਨੂੰ ਬੜੌਦਾ ਰਿਆਸਤ ਦੀ ਛਾਉਣੀ ਮਹੂ (ਮੱਧ ਪ੍ਰਦੇਸ਼) ਵਿੱਚ ਸੂਬੇਦਾਰ ਰਾਮ ਜੀ ਦਾਸ ਦੇ ਘਰ, ਮਾਤਾ ਭੀਮਾ ਬਾਈ ਜੀ ਦੀ ਕੁੱਖੋਂ ਹੋਇਆ। ਉਹਨਾਂ ਦਾ ਜੱਦੀ ਪਿੰਡ 'ਮਹਾਂਰਾਸ਼ਟਰ' ਰਾਜ ਵਿੱਚ 'ਅੰਬਾਵਡੇ' ਸੀ। ਆਪ ਅਜੇ ਤਿੰਨ ਕੁ ਸਾਲ ਦੇ ਸਨ ਕਿ ਆਪ ਦੇ ਪਿਤਾ ਨੇ ਫ਼ੌਜ ਦੀ ਨੌਕਰੀ ਵਿੱਚੋਂ ਪੈਂਨਸ਼ਨ ਲੈ ਲਈ ਅਤੇ ਕਸਬਾ ਸਤਾਰਾ ਵਿੱਚ ਰਹਿਣ ਲੱਗੇ। ਇੱਥੇ ਹੀ ਮੁਢਲੀ ਵਿੱਦਿਆ ਪ੍ਰਾਪਤ ਕਰਨ ਲਈ ਡਾ. ਭੀਮ ਰਾਓ ਅੰਬੇਦਕਰ ਨੂੰ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। ਛੋਟੀ ਉਮਰ ਵਿੱਚ ਹੀ ਆਪ ਦੇ ਮਾਤਾ ਜੀ ਦਾ ਦਿਹਾਂਤ ਹੋ ਗਿਆ। ਮਾਂ ਦੀ ਮੌਤ ਤੋਂ ਬਾਅਦ ਡਾ. ਅੰਬੇਦਕਰ ਬਹੁਤ ਉਦਾਸ ਰਹਿਣ ਲੱਗੇ। ਪੜ੍ਹਾਈ ਵਿੱਚ ਵੀ ਉਹਨਾਂ ਦਾ ਮਨ ਨਾ ਲੱਗਦਾ। ਆਪ ਦੇ ਵੱਡੇ ਭਰਾ ਅਨੰਦ ਰਾਓ ਨੇ ਇੱਕ ਦਿਨ ਆਪ ਨੂੰ ਸਮਝਾਇਆ ਕਿ ਮਾਤਾ ਜੀ ਭੀਮ ਰਾਓ ਨੂੰ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਸਨ। ਉਸ ਦਿਨ ਤੋਂ ਆਪ ਨੇ ਪੂਰੀ ਮਿਹਨਤ ਅਤੇ ਲਗਨ ਨਾਲ਼ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ। ਸਤਾਰਾਂ ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਰਾਮਾ ਬਾਈ ਨਾਲ਼ ਹੋਇਆ। ਆਪ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਜਸਵੰਤ ਰਾਓ ਰੱਖਿਆ ਗਿਆ।

• **ਜਾਤੀ ਭੇਦ-ਭਾਵ ਦਾ ਸ਼ਿਕਾਰ** - 1907 ਈ : ਵਿੱਚ ਡਾ. ਅੰਬੇਦਕਰ ਨੇ ਦਸਵੀਂ ਜਮਾਤ ਪਾਸ ਕੀਤੀ। ਉਹਨਾਂ ਦਿਨਾਂ ਵਿੱਚ ਮਹਾਂਰਾਸ਼ਟਰ ਵਿੱਚ ਛੂਤ-ਛਾਤ ਦਾ ਬਹੁਤ ਬੋਲ-ਬਾਲਾ ਸੀ। ਸਕੂਲਾਂ ਵਿੱਚ ਵੀ ਦਲਿਤ ਵਿਦਿਆਰਥੀਆਂ ਨੂੰ ਨਫ਼ਰਤ ਕੀਤੀ ਜਾਂਦੀ ਸੀ। ਉਹਨਾਂ ਨੂੰ ਦੂਜੇ ਵਿਦਿਆਰਥੀਆਂ ਨਾਲ਼ ਬੈਠਣ ਅਤੇ ਖੇਡਣ ਦੀ ਆਗਿਆ ਨਹੀਂ ਸੀ। ਇੱਕ ਵਾਰ ਅਧਿਆਪਕ ਨੇ ਭੀਮ ਰਾਓ ਨੂੰ ਬਲੈਕ-ਬੋਰਡ ਉੱਤੇ ਸਵਾਲ ਹੱਲ ਕਰਨ ਲਈ ਕਿਹਾ ਤਾਂ ਜਮਾਤ ਦੇ ਬਾਕੀ ਮੁੰਡਿਆਂ ਨੇ ਰੌਲਾ ਪਾ ਦਿੱਤਾ, "ਸਾਨੂੰ ਆਪਣੇ ਰੋਟੀ ਵਾਲ਼ੇ ਡੱਬੇ ਚੁੱਕ ਲੈਣ ਦਿਓ।" ਇਸ ਘਟਨਾ ਨੇ ਭੀਮ ਰਾਓ ਦੇ ਬਾਲ-ਮਨ ਨੂੰ ਝੰਜੋੜ ਕੇ ਰੱਖ ਦਿੱਤਾ। ਛੂਤ-ਛਾਤ ਪ੍ਰਤਿ ਵਿਦਰੋਹ ਦੀ ਭਾਵਨਾ ਆਪ ਦੇ ਮਨ ਵਿੱਚ ਹੋਰ ਵੀ ਪ੍ਰਬਲ ਹੋ ਗਈ।

• **ਪੜ੍ਹਾਈ-ਲਿਖਾਈ ਅਤੇ ਮੁੱਢਲਾ ਜੀਵਨ** - ਕਾਲਜ ਦੀ ਸਿੱਖਿਆ ਡਾ. ਅੰਬੇਦਕਰ ਨੇ ਮੁੰਬਈ ਦੇ ਐਲਫਿੰਸਟਨ ਕਾਲਜ ਤੋਂ ਪ੍ਰਾਪਤ ਕੀਤੀ। ਬੜੌਦਾ ਰਿਆਸਤ ਦੇ ਮਹਾਰਾਜਾ ਗਾਇਕਵਾੜ ਨੇ ਆਪ ਦੀ ਵਿਲੱਖਣ ਪ੍ਰਤਿਭਾ ਨੂੰ ਪਛਾਣਿਆ ਅਤੇ ਪੜ੍ਹਾਈ ਲਈ ਵਜ਼ੀਫ਼ਾ ਲਾ ਦਿੱਤਾ। 1912 ਈਸਵੀ ਵਿੱਚ ਆਪ ਨੇ ਬੀ.ਏ. ਪਾਸ ਕਰ ਲਈ 1913 ਈ: ਵਿੱਚ ਬੜੌਦਾ ਦੇ ਮਹਾਰਾਜਾ ਵੱਲੋਂ ਰਿਆਸਤ ਦੇ ਕੁਝ ਵਿਦਿਆਰਥੀਆਂ ਨੂੰ ਉੱਚ-ਵਿੱਦਿਆ ਲਈ ਅਮਰੀਕਾ ਭੇਜਣ ਦਾ ਐਲਾਨ ਕੀਤਾ ਗਿਆ। ਇਹਨਾਂ ਵਿਦਿਆਰਥੀਆਂ ਵਿੱਚ ਡਾ. ਅੰਬੇਦਕਰ ਨੂੰ ਵੀ ਚੁਣਿਆ ਗਿਆ। ਉਹਨਾਂ ਨੇ ਕੋਲੰਬੀਆ ਯੂਨੀਵਰਸਿਟੀ, ਅਮਰੀਕਾ ਤੋਂ ਅਰਥ-ਸ਼ਾਸਤਰ ਦੀ ਐਮ. ਏ. ਪਾਸ ਕੀਤੀ। 1916 ਈ: ਵਿੱਚ ਉਹਨਾਂ ਨੇ ਇੱਥੋਂ ਹੀ ਪੀ-ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। 1922 ਈ: ਵਿੱਚ ਡਾ. ਅੰਬੇਦਕਰ ਨੇ ਲੰਡਨ ਯੂਨੀਵਰਸਿਟੀ ਤੋਂ ਪੀ-ਐਚ.ਡੀ. ਦੀ ਦੂਜੀ ਡਿਗਰੀ ਪ੍ਰਾਪਤ ਕੀਤੀ। ਆਪ ਨੇ ਕੁਝ ਸਮਾਂ ਬੜੌਦਾ ਰਿਆਸਤ ਦੀ ਫ਼ੌਜ ਵਿੱਚ 'ਮਿਲਟਰੀ ਸਕੱਤਰ' ਵਜੋਂ ਨੌਕਰੀ ਕੀਤੀ ਪਰ ਇੱਥੇ ਵੀ ਜਾਤ-ਪਾਤ ਅਤੇ ਛੂਤ-ਛਾਤ ਦਾ ਬੋਲ-ਬਾਲਾ ਹੋਣ ਕਾਰਨ ਆਪ ਇੱਥੇ ਬਹੁਤੀ ਦੇਰ ਟਿਕ ਨਾ ਸਕੇ।

• **ਵਿੱਦਿਆ ਦੇ ਚਾਨਣ ਨਾਲ਼ ਛੂਤ-ਛਾਤ ਨੂੰ ਖਤਮ ਕਰਨ ਲਈ ਉਪਰਾਲੇ** - ਡਾ. ਭੀਮ ਰਾਓ ਅੰਬੇਦਕਰ ਲੋਕ-ਤੰਤਰੀ ਪ੍ਰਣਾਲੀ ਦੇ ਸਮਰਥਕ ਸਨ। ਆਪ ਦਾ ਵਿਚਾਰ ਸੀ ਕਿ ਭਾਰਤ ਦੀਆਂ ਸਮੱਸਿਆਵਾਂ ਇਸੇ ਸ਼ਾਸਨ-ਪ੍ਰਬੰਧ ਰਾਹੀਂ ਹੱਲ ਕੀਤੀਆਂ ਜਾ ਸਕਦੀਆਂ ਹਨ। ਆਪ ਦਾ ਵਿਚਾਰ ਸੀ ਕਿ ਸਮਾਜ ਵਿੱਚ ਫੈਲੀ ਜਾਤ-ਪਾਤ ਅਤੇ ਛੂਤ-ਛਾਤ ਦੀ ਬਿਮਾਰੀ ਦੂਰ ਕਰਨ

ਲਈ ਸਿੱਖਿਆ ਦਾ ਪਸਾਰ, ਸ਼ਹਿਰੀਕਰਨ ਅਤੇ ਉਦਯੋਗੀਕਰਨ ਬਹੁਤ ਜ਼ਰੂਰੀ ਹੈ। ਆਪ ਨੇ ਸਮਾਜ ਵਿੱਚ ਵਿੱਦਿਆ ਦਾ ਚਾਨਣ ਫੈਲਾਉਣ ਲਈ 'ਪੀਪਲਜ਼ ਐਜੂਕੇਸ਼ਨਲ ਸੁਸਾਇਟੀ' ਬਣਾਈ। ਗਰੀਬ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰਨਾ ਇਸ ਸੁਸਾਇਟੀ ਦਾ ਮੁੱਖ ਉਦੇਸ਼ ਸੀ। ਸਮਾਜ ਵਿੱਚ ਜਾਗਰੂਕਤਾ ਫੈਲਾਉਣ ਦੇ ਉਦੇਸ਼ ਲਈ ਆਪ ਨੇ 'ਮੂਕ ਨਾਇਕ' ਅਤੇ 'ਬਹਿਸ਼ਕ੍ਰਿਤ ਭਾਰਤ' ਨਾਂ ਦੇ ਹਫ਼ਤਾਵਾਰ ਅਖ਼ਬਾਰ ਵੀ ਕੱਢੇ।

• **ਸੰਵਿਧਾਨ ਦੀ ਰਚਨਾ** - ਅਜ਼ਾਦੀ ਤੋਂ ਬਾਅਦ ਆਪ ਨੂੰ ਦੇਸ ਦੇ ਕਨੂੰਨ-ਮੰਤਰੀ ਬਣਾਇਆ ਗਿਆ ਅਤੇ ਫਿਰ ਅਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਕਰਨ ਵਾਲ਼ੀ ਕਮੇਟੀ ਦੇ ਚੇਅਰਮੈਨ ਬਣਾਇਆ ਗਿਆ। ਆਪ ਨੇ ਬਹੁਤ ਮਿਹਨਤ ਅਤੇ ਲਗਨ ਨਾਲ਼ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਡਾ. ਅੰਬੇਦਕਰ ਦੀ ਨਿਗਰਾਨੀ ਹੇਠ ਤਿਆਰ ਹੋਇਆ ਭਾਰਤ ਦਾ ਸੰਵਿਧਾਨ ਲੋਕ-ਤੰਤਰਿਕ ਅਤੇ ਧਰਮ-ਨਿਰਪੱਖ ਹੈ। ਇਸ ਵਿੱਚ ਭਾਰਤ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਪੂਰਨ ਸੁਰੱਖਿਆ ਦਿੱਤੀ ਗਈ ਹੈ। ਸੰਵਿਧਾਨ ਦਾ ਇਹ ਖਰੜਾ 29 ਨਵੰਬਰ, 1949 ਈ: ਨੂੰ ਪਾਸ ਹੋ ਗਿਆ। 26 ਜਨਵਰੀ, 1950 ਈ: ਨੂੰ ਇਸ ਸੰਵਿਧਾਨ ਨੂੰ ਲਾਗੂ ਕਰ ਦਿੱਤਾ ਗਿਆ।

• **ਅੰਤਿਮ ਜੀਵਨ** - ਮਾਰਚ, 1952 ਈ: ਵਿੱਚ ਡਾ. ਅੰਬੇਦਕਰ ਨੂੰ ਰਾਜ-ਸਭਾ ਦਾ ਮੈਂਬਰ ਨਿਯੁਕਤ ਕੀਤਾ ਗਿਆ। ਆਪਣੇ ਅੰਤ ਸਮੇਂ ਤੱਕ ਆਪ ਰਾਜ-ਸਭਾ ਦੇ ਮੈਂਬਰ ਰਹੇ। ਜੀਵਨ ਦੇ ਅੰਤਲੇ ਦਿਨਾਂ ਵਿੱਚ ਆਪ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ। 6 ਦਸੰਬਰ, 1956 ਈ: ਨੂੰ ਡਾ: ਅੰਬੇਦਕਰ ਅਕਾਲ ਚਲਾਣਾ ਕਰ ਗਏ।

• **ਸਾਰ-ਅੰਸ਼** - ਡਾ. ਅੰਬੇਦਕਰ ਦਲਿਤਾਂ, ਔਰਤਾਂ ਅਤੇ ਸਮਾਜ ਵਿੱਚ ਸ਼ੋਸ਼ਿਤ ਹੋ ਰਹੇ ਲੋਕਾਂ ਦੇ ਸੱਚੇ ਹਮਦਰਦ ਸਨ ਉਹਨਾਂ ਨੂੰ ਮਨੁੱਖੀ ਅਜ਼ਾਦੀ ਵਿੱਚ ਵਿਸ਼ਵਾਸ ਸੀ ਅਤੇ ਉਹ ਕਿਸੇ ਵੀ ਕਿਸਮ ਦੀ ਕੱਟੜਤਾ ਨੂੰ ਪਸੰਦ ਨਹੀਂ ਕਰਦੇ ਸਨ ਡਾ. ਅੰਬੇਦਕਰ ਦੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸੁਧਾਰ ਦੀਆਂ ਨੀਤੀਆਂ ਅੱਜ ਵੀ ਦੇਸ ਲਈ ਮਹੱਤਵਪੂਰਨ ਹਨ। ਭਾਰਤਵਾਸੀ ਡਾ. ਅੰਬੇਦਕਰ ਦੇ ਯੋਗਦਾਨ ਲਈ ਹਮੇਸ਼ਾਂ ਉਹਨਾਂ ਦੇ ਰਿਣੀ ਰਹਿਣਗੇ।

## 3. ਪ੍ਰਦੂਸ਼ਣ ਦੀ ਸਮੱਸਿਆ

• **ਜਾਣ-ਪਛਾਣ** - ਪ੍ਰਦੂਸ਼ਣ ਅੱਜ ਦੇ ਯੁੱਗ ਦੀ ਸਭ ਤੋਂ ਵੱਡੀ ਸਮੱਸਿਆ ਹੈ। ਜਦੋਂ ਤੱਕ ਅਬਾਦੀ ਘੱਟ ਸੀ ਅਤੇ ਕੁਦਰਤੀ ਸੋਮੇ ਬਹੁਤੇ ਸਨ ਉਦੋਂ ਤੱਕ ਪ੍ਰਦੂਸ਼ਣ ਦੀ ਕੋਈ ਸਮੱਸਿਆ ਨਹੀਂ ਸੀ। ਵਧਦੀ ਅਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਵੀ ਵਧ ਗਈ। ਲੋੜਾਂ ਦੀ ਪੂਰਤੀ ਲਈ ਵੱਡੇ-ਵੱਡੇ ਕਾਰਖ਼ਾਨੇ ਲਾਏ ਗਏ। ਇਹਨਾਂ ਤੋਂ ਪੈਦਾ ਹੋਣ ਵਾਲ਼ੇ ਬੇਅੰਤ ਧੂੰਏਂ ਅਤੇ ਹੋਰ ਰਹਿੰਦ-ਖੂੰਹਦ ਨਾਲ਼ ਵਾਤਾਵਰਨ ਪਲੀਤ ਹੋਣ ਲੱਗਿਆ। ਦੂਜੇ ਪਾਸੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਨੁੱਖਾਂ ਨੇ ਜੰਗਲਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਹਵਾ ਨੂੰ ਸਾਫ਼ ਕਰਨ ਵਾਲ਼ੇ ਰੁੱਖਾਂ ਦੀ ਗਿਣਤੀ ਲਗਾਤਾਰ ਘੱਟ ਹੁੰਦੀ ਗਈ। ਨਤੀਜੇ ਵਜੋਂ ਸਮੁੱਚੇ ਵਾਤਾਵਰਨ ਵਿੱਚ ਇੱਕ ਅਸੰਤੁਲਨ ਪੈਦਾ ਹੋ ਗਿਆ। ਇਸ ਨਾਲ਼ ਪ੍ਰਕਿਰਤਿਕ ਵਾਤਾਵਰਨ ਵਿੱਚ ਬਹੁਤ ਸਾਰੇ ਅਣਚਾਹੇ ਕਾਰਕ ਆ ਗਏ ਜਿਹਨਾਂ ਕਾਰਨ ਵਾਤਾਵਰਨ ਪ੍ਰਦੂਸ਼ਿਤ ਹੋਣ ਲੱਗਿਆ। ਪ੍ਰਦੂਸ਼ਣ ਪੈਦਾ ਕਰਨ ਵਾਲ਼ੇ ਇਹਨਾਂ ਕਾਰਕਾਂ ਨੂੰ ਪ੍ਰਦੂਸ਼ਕ ਕਿਹਾ ਜਾਂਦਾ ਹੈ।

• **ਪ੍ਰਦੂਸ਼ਣ ਦੀਆਂ ਕਿਸਮਾਂ** - ਸਮੁੱਚੇ ਵਾਤਾਵਰਨ ਦੇ ਅਧਿਐਨ ਦੇ ਆਧਾਰ ਉੱਤੇ ਪਾਣੀ, ਹਵਾ, ਭੂਮੀ ਅਤੇ ਸ਼ੋਰ-ਪ੍ਰਦੂਸ਼ਣ ਮੁੱਖ ਮੰਨੇ ਜਾਂਦੇ ਹਨ। ਪਾਣੀ-ਪ੍ਰਦੂਸ਼ਣ ਦੀ ਸਥਿਤੀ ਜ਼ਿਆਦਾ ਭਿਆਨਕ ਹੈ। ਵੱਡੇ-ਵੱਡੇ ਕਾਰਖ਼ਾਨਿਆਂ ਵਿੱਚ ਰਹਿੰਦ-ਖੂੰਹਦ ਵਜੋਂ ਪੈਦਾ ਹੋਣ ਵਾਲ਼ੇ ਰਸਾਇਣਿਕ ਪਦਾਰਥ, ਸ਼ਹਿਰਾਂ ਦਾ ਕੂੜਾ, ਗੰਦਗੀ ਅਤੇ ਕੱਪੜੇ ਧੋਣ ਲਈ ਵਰਤੇ ਜਾਂਦੇ ਡਿਟਰਜੈਂਟ

ਪਾਊਡਰਾਂ ਆਦਿ ਸਭ ਨੇ ਸਾਡੇ ਪਾਣੀ ਦੇ ਸੋਮਿਆਂ ਜਿਵੇਂ ਨਦੀਆਂ, ਝੀਲਾਂ, ਸਮੁੰਦਰਾਂ ਅਤੇ ਧਰਤੀ ਦੇ ਹੇਠਲੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ। ਗੰਦੇ ਪਾਣੀ ਕਾਰਨ ਪਾਣੀ ਵਿੱਚ ਰਹਿਣ ਵਾਲੇ ਜਾਨਵਰਾਂ ਦੀ ਹੋਂਦ ਖ਼ਤਰੇ ਵਿੱਚ ਪਈ ਹੋਈ ਹੈ। ਗੰਦੇ ਪਾਣੀ ਨਾਲ਼ ਮਨੁੱਖਾਂ ਵਿੱਚ ਹੈਜ਼ਾ ਮਿਆਦੀ ਬੁਖ਼ਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ। ਪਾਣੀ ਵਿੱਚ ਯੂਰੇਨੀਅਮ ਵਰਗੇ ਤੱਤਾਂ ਦੀ ਜ਼ਿਆਦਾ ਮਾਤਰਾ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ।

• **ਹਵਾ ਪ੍ਰਦੂਸ਼ਣ ਦੇ ਕਾਰਨ** - ਹਵਾ ਸਾਡੇ ਵਾਤਾਵਰਨ ਦਾ ਅਹਿਮ ਤੱਤ ਹੈ ਜਿਹੜੀ ਸਾਰੇ ਜੀਵ-ਜਗਤ ਨੂੰ ਜਿਉਂਦਾ ਰੱਖਣ ਲਈ ਜ਼ਰੂਰੀ ਹੈ, ਇਹ ਵੀ ਪ੍ਰਦੂਸ਼ਿਤ ਹੋ ਰਹੀ ਹੈ। ਸਾਡੇ ਵਾਤਾਵਰਨ ਵਿੱਚ ਕਾਰਬਨ-ਡਾਇਆਕਸਾਈਡ ਦੀ ਮਾਤਰਾ ਬਹੁਤ ਵਧ ਗਈ ਹੈ। ਕੋਲਾ, ਪਟਰੋਲ, ਡੀਜ਼ਲ ਅਤੇ ਹੋਰ ਬਾਲਣਾਂ ਦੀ ਵਧ ਰਹੀ ਵਰਤੋਂ ਇਸ ਦਾ ਪ੍ਰਮੁੱਖ ਕਾਰਨ ਹੈ। ਕਾਰਖ਼ਾਨਿਆਂ ਅਤੇ ਮੋਟਰ-ਗੱਡੀਆਂ ਤੋਂ ਪੈਦਾ ਹੋਣ ਵਾਲ਼ਾ ਜ਼ਹਿਰੀਲਾ ਧੂੰਆਂ ਹਵਾ-ਪ੍ਰਦੂਸ਼ਣ ਵਿੱਚ ਲਗਾਤਾਰ ਵਾਧਾ ਕਰ ਰਿਹਾ ਹੈ। ਸਰਕਾਰ ਦੁਆਰਾ ਪਾਬੰਦੀ ਲਾਏ ਜਾਣ ਦੇ ਬਾਵਜੂਦ ਕਣਕ ਅਤੇ ਝੋਨੇ ਦੀ ਨਾੜ ਨੂੰ ਅੱਗ ਲਾਈ ਜਾਂਦੀ ਹੈ ਜਿਸ ਨਾਲ਼ ਪੈਦਾ ਹੋਇਆ ਮਣਾਂ-ਮੂੰਹੀਂ ਧੂੰਆਂ ਹਵਾ ਨੂੰ ਹੋਰ ਗੰਧਲਾ ਕਰਦਾ ਹੈ। ਫਰਿੱਜ ਅਤੇ ਏ.ਸੀ. ਆਦਿ ਵਿੱਚ ਨਿਕਲ਼ਨ ਵਾਲ਼ੇ ਕਲੋਰੋਫਲੋਰੋ ਕਾਰਬਨ, ਓਜ਼ੋਨ-ਪਰਤ ਲਈ ਘਾਤਕ ਹਨ ਅਤੇ ਇਹਨਾਂ ਨਾਲ਼ ਓਜ਼ੋਨ ਪਰਤ ਵਿੱਚ ਛੇਕ ਹੋ ਰਹੇ ਹਨ। ਆਲਮੀ ਤਪਸ਼ (ਗਲੋਬਲ ਵਾਰਮਿੰਗ) ਵਧ ਰਹੀ ਹੈ ਜਿਸ ਨਾਲ਼ ਗਲੇਸ਼ੀਅਰ ਪੰਘਰ ਰਹੇ ਹਨ ਅਤੇ ਸਮੁੰਦਰੀ ਪਾਣੀਆਂ ਦਾ ਪੱਧਰ ਵੀ ਉੱਚਾ ਹੋ ਰਿਹਾ ਹੈ। ਹਵਾ ਪ੍ਰਦੂਸ਼ਣ ਕਾਰਨ ਸਾਹ ਕਿਰਿਆ ਨਾਲ਼ ਸੰਬੰਧਿਤ ਬਿਮਾਰੀਆਂ ਵਧ ਰਹੀਆਂ ਹਨ।

• **ਭੂਮੀ ਅਤੇ ਪਾਣੀ ਪ੍ਰਦੂਸ਼ਣ ਦੇ ਕਾਰਨ** - ਖੇਤੀਬਾੜੀ ਵਿੱਚ ਕੀਟ-ਨਾਸ਼ਕਾਂ ਅਤੇ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਭੂਮੀ ਅਤੇ ਪਾਣੀ ਪ੍ਰਦੂਸ਼ਣ ਦਾ ਕਾਰਨ ਬਣ ਰਹੀ ਹੈ। ਇਸ ਨਾਲ਼ ਜਿੱਥੇ ਮਿੱਟੀ ਦੇ ਤੱਤਾਂ ਵਿਚਲਾ ਸੰਤੁਲਨ ਖਰਾਬ ਹੁੰਦਾ ਹੈ, ਉੱਥੇ ਫਲਾਂ, ਸਬਜ਼ੀਆਂ ਅਤੇ ਅਨਾਜਾਂ ਉੱਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਦੇ ਫਲ਼, ਸਬਜ਼ੀਆਂ ਅਤੇ ਅਨਾਜ ਦੀ ਵਰਤੋਂ ਕਰਨ ਨਾਲ਼ ਜੀਵਿਤ ਪ੍ਰਾਣੀਆਂ ਵਿੱਚ ਕਈ ਕਿਸਮ ਦੇ ਰੋਗ ਪੈਦਾ ਹੋ ਰਹੇ ਹਨ।

• **ਧੁਨੀ ਪ੍ਰਦੂਸ਼ਣ ਦੇ ਕਾਰਨ** - ਸ਼ੋਰ-ਪ੍ਰਦੂਸ਼ਣ ਜਾਂ ਧੁਨੀ-ਪ੍ਰਦੂਸ਼ਣ ਵੀ ਇੱਕ ਗੰਭੀਰ ਸਮੱਸਿਆ ਬਣ ਰਿਹਾ ਹੈ। ਮੋਟਰਾਂ-ਗੱਡੀਆਂ ਦੇ ਕੰਨ-ਪਾੜਵੇਂ ਹਾਰਨ, ਵਿਆਹਾਂ ਅਤੇ ਹੋਰ ਸਮਾਗਮਾਂ ਵਿੱਚ ਉੱਚੀ ਅਵਾਜ਼ ਵਿੱਚ ਚੱਲਣ ਵਾਲ਼ੇ ਡੀ. ਜੇ. ਆਦਿ ਨੇ ਮਨੁੱਖ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਰਹਾਇਸ਼ੀ ਇਲਾਕਿਆਂ ਦੇ ਨੇੜੇ ਦੇ ਕਾਰਖ਼ਾਨਿਆਂ ਵਿੱਚ ਆਉਣ ਵਾਲ਼ੀਆਂ ਅਵਾਜ਼ਾਂ ਵੀ ਸ਼ੋਰ-ਪ੍ਰਦੂਸ਼ਣ ਦਾ ਕਾਰਨ ਬਣਦੀਆਂ ਹਨ। ਇਹ ਪ੍ਰਦੂਸ਼ਣ ਤਣਾਅ, ਸਿਰਦਰਦ, ਉਨੀਂਦਰਾ, ਖ਼ੂਨ ਦਾ ਦਬਾਅ ਵਧਣ ਅਤੇ ਕੰਨਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ।

• **ਮਨੁੱਖ ਦੁਆਰਾ ਚੀਜ਼ਾਂ ਦੀ ਦੁਰਵਰਤੋਂ** - ਆਪਣੇ ਸੁੱਖ ਲਈ ਮਨੁੱਖ ਵਰਤਣ ਉਪਰੰਤ ਸੁੱਟ ਦੇਣ ਵਾਲ਼ੀਆਂ ਵਸਤਾਂ ਦੀ ਵਰਤੋਂ ਜ਼ਿਆਦਾ ਕਰਨ ਲੱਗਿਆ ਹੈ। ਵਿਭਿੰਨ ਸਮਾਗਮਾਂ ਵਿੱਚ ਵਰਤ ਕੇ ਸੁੱਟਣ ਵਾਲ਼ੀਆਂ ਕੌਲੀਆਂ, ਪਲੇਟਾਂ, ਗਲਾਸ ਅਤੇ ਚਮਚਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਖ਼ਰਾਬ ਚੀਜਾਂ ਦੀ ਮੁਰੰਮਤ ਕਰਾਉਣ ਦੀ ਥਾਂ ਨਵੀਂਆਂ ਚੀਜ਼ਾਂ ਖ਼ਰੀਦਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਾਡੀ ਅਜਿਹੇ ਕੰਮਾਂ ਨਾਲ਼ ਧਰਤੀ ਇੱਕ ਵੱਡੇ ਕਬਾੜਖ਼ਾਨੇ ਦਾ ਰੂਪ ਧਾਰਨ ਕਰ ਰਹੀ ਹੈ। ਸਾਨੂੰ ਆਪਣੀਆਂ ਲੋੜਾਂ ਨੂੰ ਸੀਮਿਤ ਰੱਖਣਾ ਚਾਹੀਦਾ ਹੈ। ਦੁਬਾਰਾ ਵਰਤਣਯੋਗ ਚੀਜਾਂ ਨੂੰ ਵਰਤਣਾ ਚਾਹੀਦਾ ਹੈ ਅਤੇ ਖ਼ਰਾਬ ਚੀਜਾਂ ਨੂੰ ਸੁੱਟ ਕੇ ਨਵੀਂ ਖਰੀਦਣ ਦੀ ਥਾਂ ਪੁਰਾਣੀ ਚੀਜ਼ ਦੀ ਮੁਰੰਮਤ ਕਰਵਾਉਣੀ ਚਾਹੀਦੀ ਹੈ।

• **ਵਾਤਾਵਰਣ ਪ੍ਰਤੀ ਮਨੁੱਖੀ ਫਰਜ਼** - ਧਰਤੀ ਅਤੇ ਇਸ ਦਾ ਜੀਵਨ-ਅਨੁਕੂਲ ਵਾਤਾਵਰਨ ਕੁਦਰਤ ਦਾ ਅਨਮੋਲ ਖ਼ਜ਼ਾਨਾ ਹੈ। ਮਨੁੱਖ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਆਪਣੇ ਸਵਾਰਥ ਲਈ, ਤਰੱਕੀ ਦੇ ਨਾਂ 'ਤੇ ਇਸ ਨਾਲ਼ ਖਿਲਵਾੜ ਕਰੇ। ਆਪਣੀ

ਮਾਂ ਧਰਤੀ ਦੇ ਵਾਤਾਵਰਨ ਨੂੰ ਸੰਤੁਲਿਤ ਰੱਖਣ ਲਈ ਸਾਨੂੰ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਨੂੰ ਅਤੇ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਪਦਾਰਥਿਕ ਵਸਤਾਂ ਨਾਲੋਂ ਜ਼ਿਆਦਾ ਸਾਫ਼ ਵਾਤਾਵਰਨ ਦੀ ਲੋੜ ਵਧੇਰੇ ਹੈ। ਉਂਝ ਤਾਂ 5 ਜੂਨ ਦਾ ਦਿਨ ਹਰ ਸਾਲ ਵਾਤਾਵਰਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਰ ਅੱਜ ਪ੍ਰਦੂਸ਼ਣ ਦੀ ਸਮੱਸਿਆ ਏਨੀ ਭਿਆਨਕ ਹੋ ਗਈ ਹੈ ਕਿ ਸਾਡਾ ਹਰ ਪਲ ਵਾਤਾਵਰਨ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਆਪਣਾ ਹਰ ਕਰਮ ਕਰਨ ਤੋਂ ਪਹਿਲਾਂ ਸਾਨੂੰ ਵਾਤਾਵਰਨ ਬਾਰੇ ਸੋਚਣਾ ਚਾਹੀਦਾ ਹੈ। ਜਾਗਰੂਕ ਹੋ ਕੇ ਕੰਮ ਕਰਨ ਨਾਲ਼ ਹੀ ਇਹ ਸਮੱਸਿਆ ਦੂਰ ਹੋ ਸਕਦੀ ਹੈ।

• **ਵਾਤਾਵਰਨ ਪ੍ਰਤੀ ਜਾਗਰੂਕਤਾ** - 'ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ' ਵਾਤਾਵਰਨ ਦੀ ਸੰਭਾਲ ਅਤੇ ਵਧ ਰਹੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਮੋਟਰਾਂ-ਗੱਡੀਆਂ ਦਾ ਪ੍ਰਦੂਸ਼ਣ ਚੈੱਕ ਕਰਵਾ ਕੇ ਸਰਟੀਫ਼ਿਕੇਟ ਲੈਣਾ ਵੀ ਜ਼ਰੂਰੀ ਹੈ। ਭਗਤ ਪੂਰਨ ਸਿੰਘ ਪਿੰਗਲਵਾੜਾ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਪ੍ਰਦੂਸ਼ਣ ਪ੍ਰਤਿ ਜਾਗਰੂਕਤਾ ਪੈਦਾ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਵਾਤਾਵਰਨ ਦੀ ਸੰਭਾਲ ਲਈ ਅਤੇ ਲੋਕਾਂ ਵਿੱਚ ਵਾਤਾਵਰਨ ਸੰਬੰਧੀ ਚੇਤਨਾ ਪੈਦਾ ਕਰਨ ਲਈ ਬਹੁਤ ਸਰਗਰਮੀ ਨਾਲ਼ ਕੰਮ ਕਰ ਰਹੇ ਹਨ। 'ਕਾਲੀ ਵੇਈਂ' ਦੀ ਵੱਡੇ ਪੱਧਰ ਉੱਤੇ ਸਫ਼ਾਈ ਕਰਵਾ ਕੇ ਆਪ ਨੇ ਬਹੁਤ ਹੀ ਪ੍ਰਸੰਸਾਯੋਗ ਕੰਮ ਕੀਤਾ ਹੈ। ਅਜਿਹੀਆਂ ਸ਼ਖ਼ਸੀਅਤਾਂ ਤੋਂ ਸਾਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਵਾਤਾਵਰਨ ਦੀ ਸੰਭਾਲ ਵਿੱਚ ਅਤੇ ਪ੍ਰਦੂਸ਼ਣ ਘੱਟ ਕਰਨ ਵਿੱਚ ਸਮਰੱਥਾ ਅਨੁਸਾਰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

## 4. ਮਨੁੱਖ ਅਤੇ ਵਿਗਿਆਨ

• **ਜਾਣ-ਪਛਾਣ** - ਅੱਜ ਦੇ ਯੁੱਗ ਨੂੰ ਵਿਗਿਆਨ ਦਾ ਯੁੱਗ ਕਿਹਾ ਜਾਂਦਾ ਹੈ। ਨਿੱਤ ਦੇ ਜੀਵਨ ਵਿੱਚ ਜਿਹੜੀਆਂ ਚੀਜ਼ਾਂ ਅਸੀਂ ਵਰਤਦੇ ਹਾਂ ਉਹਨਾਂ ਵਿੱਚੋਂ ਸ਼ਾਇਦ ਹੀ ਕੋਈ ਅਜਿਹੀ ਹੋਵੇ ਜਿਸ ਦੇ ਪੈਦਾ ਹੋਣ ਵਿੱਚ ਵਿਗਿਆਨ ਸਹਾਈ ਨਾ ਹੋਇਆ ਹੋਵੇ। ਜ਼ਰਾ ਝਾਤੀ ਮਾਰੀਏ ਤਾਂ ਪੈੱਨ, ਪੁਸਤਕ, ਕੱਪੜੇ, ਮੇਜ਼, ਕੁਰਸੀ, ਬਿਜਲੀ, ਆਵਾਜਾਈ ਦੇ ਸਾਧਨ, ਦਵਾਈਆਂ, ਮਨੋਰੰਜਨ ਦੇ ਸਾਧਨ ਆਦਿ ਅਣਗਿਣਤ ਚੀਜ਼ਾਂ ਵਿਗਿਆਨ ਦਾ ਵਰਦਾਨ ਹਨ ਵਿਗਿਆਨ ਦਾ ਸਦਕਾ ਧਰਤੀ ਉੱਤੇ ਕਿਤੇ ਵੀ ਵੱਸਦਾ ਮਨੁੱਖ ਸਾਰੀ ਦੁਨੀਆ ਨਾਲ਼ ਜੁੜਿਆ ਮਹਿਸੂਸ ਕਰਦਾ ਹੈ। ਦੂਰੀਆਂ ਘਟ ਗਈਆਂ ਜਾਪਦੀਆਂ ਹਨ। ਕਿਤੇ ਵੀ ਕੋਈ ਘਟਨਾ ਵਾਪਰੇ ਉਸਦੀ ਸੂਚਨਾ ਮਿੰਟਾਂ-ਸਕਿੰਟਾਂ ਵਿੱਚ ਧਰਤੀ ਦੇ ਹਰ ਕੋਨੇ 'ਤੇ ਪਹੁੰਚ ਜਾਂਦੀ ਹੈ। ਮਾਰੂ ਸਮਝੀਆਂ ਜਾਂਦੀਆਂ ਬਿਮਾਰੀਆਂ ਉੱਤੇ ਕਾਬੂ ਪਾ ਲਿਆ ਗਿਆ ਹੈ। ਹਰ ਪ੍ਰਕਾਰ ਦੇ ਸੁੱਖਾਂ ਦੇ ਸਾਧਨ ਮਨੁੱਖ ਦੀ ਸੇਵਾ ਵਿੱਚ ਹਨ। ਕੁਦਰਤ ਦੀਆਂ ਸ਼ਕਤੀਆਂ ਨੂੰ ਵੱਸ ਵਿੱਚ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਵਿਗਿਆਨ ਨੇ ਮਨੁੱਖ ਦੇ ਜੀਵਨ-ਢੰਗ ਨੂੰ ਹੀ ਬਦਲ ਦਿੱਤਾ ਹੈ। ਹੁਣ ਵਿਗਿਆਨ ਸਦਕਾ ਮਨੁੱਖ ਇਸ ਧਰਤੀ ਦਾ ਬਾਦਸ਼ਾਹ ਹੈ।

• **ਵਿਗਿਆਨ ਮਨੁੱਖੀ ਮਿਹਨਤ ਦਾ ਸਿੱਟਾ** - ਵਿਗਿਆਨ ਮਨੁੱਖ ਦੀ ਹੀ ਸੂਝ ਅਤੇ ਮਿਹਨਤ ਦਾ ਸਿੱਟਾ ਹੈ। ਵਿਗਿਆਨ ਦਾ ਇਹ ਵਿਕਾਸ ਇੱਕ ਦਿਨ ਵਿੱਚ ਨਹੀਂ ਹੋਇਆ। ਇਸ ਦੇ ਪਿੱਛੇ ਮਨੁੱਖ ਦੀਆਂ ਆਪਣੀਆਂ ਲੋੜਾਂ ਲਈ ਕੁਦਰਤ ਨੂੰ ਸਮਝਣ ਅਤੇ ਉਸ ਉੱਤੇ ਕਾਬੂ ਪਾਉਣ ਦੇ ਯਤਨਾਂ ਦੀ ਲੰਮੀ ਕਹਾਣੀ ਹੈ ਜਿਹੜੀਆਂ ਚੀਜ਼ਾਂ ਦੀ ਅਸੀਂ ਹੁਣ ਆਮ ਵਰਤੋਂ ਕਰਦੇ ਹਾਂ ਉਹ ਕਿਸੇ ਸਮੇਂ ਹੋਈ ਵਿਗਿਆਨ ਦੀ ਕਿਸੇ ਕਾਢ ਦਾ ਹੀ ਸਿੱਟਾ ਹਨ, ਜਿਵੇਂ : ਅੱਗ ਬਾਲਨ ਦੀ ਕਾਢ (ਤੀਲਾਂ ਦੀ ਡੱਬੀ), ਪਹੀਏ ਦੀ ਕਾਢ, ਹਵਾਈ ਜਹਾਜ਼ ਦੀ ਕਾਢ। ਜੋ ਅੱਜ ਵਿਗਿਆਨ ਹੈ ਉਹ ਕੁਝ ਸਮੇਂ ਬਾਅਦ ਆਮ ਗਿਆਨ ਦਾ ਹਿੱਸਾ ਬਣ

ਜਾਂਦਾ ਹੈ।

• **ਵਿਗਿਆਨ ਪੂਰੇ ਵਿਸ਼ਵ ਦੇ ਲੋਕਾਂ ਪ੍ਰਾਪਤੀ** - ਵਿਗਿਆਨ ਦੀਆਂ ਕਾਢਾਂ ਕਿਸੇ ਇੱਕ ਦੇਸ਼ ਜਾਂ ਧਰਤੀ ਦੇ ਖਿੱਤੇ ਦੇ ਲੋਕਾਂ ਦੀ ਦੇਣ ਨਹੀਂ ਹਨ। ਇਹਨਾਂ ਲਈ ਸਾਰੇ ਸੰਸਾਰ ਦੇ ਵਿਗਿਆਨੀਆਂ ਨੇ ਆਪਣਾ ਯੋਗਦਾਨ ਪਾਇਆ ਹੈ। ਕੋਈ ਕਾਢ ਭਾਵੇਂ ਕਿਸੇ ਵਿਗਿਆਨੀ ਨੇ ਕੱਢੀ ਹੋਵੇ ਉਸ ਦਾ ਲਾਭ ਸਾਰੇ ਸੰਸਾਰ ਨੂੰ ਹੁੰਦਾ ਹੈ। ਉਦਾਹਰਨ ਲਈ ਬਿਜਲੀ , ਰੇਡੀਓ , ਟੈਲੀਫੂਨ , ਟੈਲੀਵੀਜ਼ਨ ਆਦਿ ਕਾਢਾਂ ਦਾ ਲਾਭ ਸਾਰੀ ਦੁਨੀਆ ਨੂੰ ਪਹੁੰਚ ਰਿਹਾ ਹੈ। ਇਸ ਤਰ੍ਹਾਂ ਵਿਗਿਆਨ ਇਸ ਧਰਤੀ ਦੇ ਲੋਕਾਂ ਦੀ ਸਾਂਝੀ ਪ੍ਰਾਪਤੀ ਹੈ ਅਤੇ ਇਸ ਦੇ ਲਾਭਾਂ ਦਾ ਹੱਕ ਸਾਰਿਆਂ ਨੂੰ ਹੈ।

• **ਵਿਗਿਆਨ ਨਾਲ਼ ਮਨੁੱਖੀ ਜੀਵਨ ਵਿੱਚ ਤੇਜ਼ੀ ਨਾਲ਼ ਬਦਲਾਵ** - ਵਿਗਿਆਨ ਦੇ ਖੇਤਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਨਿੱਤ ਅਖ਼ਬਾਰਾਂ , ਰਸਾਲਿਆਂ , ਰੇਡੀਓ , ਟੈਲੀਵੀਜ਼ਨ ਰਾਹੀਂ ਨਵੀਂਆਂ ਤੋਂ ਨਵੀਂਆਂ ਕਾਢਾਂ ਦਾ ਪਤਾ ਲੱਗਦਾ ਹੈ। ਪਰ ਇਹ ਪਸਾਰਾ ਇਤਨੀ ਤੇਜ਼ੀ ਨਾਲ਼ ਹੋ ਰਿਹਾ ਹੈ ਕਿ ਜਿਹੜੀ ਕਾਢ ਅੱਜ ਹੈਰਾਨੀ ਪੈਦਾ ਕਰਦੀ ਹੈ ਉਹ ਕੁਝ ਸਮੇਂ ਪਿੱਛੋਂ ਆਮ ਹੋ ਜਾਂਦੀ ਹੈ। ਇਲੈਕਟ੍ਰਾਨਿਕ ਘੜੀ ਹੀ ਲਈਏ। ਕੁਝ ਸਾਲ ਪਹਿਲਾਂ ਅਜਿਹੀਆਂ ਘੜੀਆਂ ਹੈਰਾਨੀ ਪੈਦਾ ਕਰਦੀਆਂ ਤੇ ਉਤਸੁਕਤਾ ਜਗਾਉਂਦੀਆਂ ਸਨ, ਪਰ ਅੱਜ-ਕੱਲ੍ਹ ਇਹਨਾਂ ਦੀ ਵਰਤੋਂ ਆਮ ਹੁੰਦੀ ਹੈ। ਇੰਝ ਇਹ ਅਨੁਮਾਨ ਕਰਨਾ ਸੌਖਾ ਨਹੀਂ ਕਿ ਆਉਣ ਵਾਲ਼ੇ ਸਮੇਂ ਵਿੱਚ ਵਿਗਿਆਨ ਦੀਆਂ ਕਿਹੜੀਆਂ-ਕਿਹੜੀਆਂ ਕਾਢਾਂ ਹੋਣਗੀਆਂ ਅਤੇ ਉਹਨਾਂ ਕਾਰਨ ਮਨੁੱਖੀ ਜੀਵਨ ਕਿੰਨਾ ਤਬਦੀਲ ਹੋ ਜਾਵੇਗਾ।

• **ਵਿਗਿਆਨ ਸਦਕਾ ਮਨੁੱਖ ਦੇ ਭੌਤਿਕ ਜੀਵਨ ਵਿੱਚ ਤਬਦੀਲੀਆਂ** - ਵਿਗਿਆਨ ਸਦਕਾ ਮਨੁੱਖ ਦੇ ਭੌਤਿਕ ਜੀਵਨ ਵਿੱਚ ਤੇਜ਼ੀ ਨਾਲ਼ ਤਬਦੀਲੀਆਂ ਆਈਆਂ ਹਨ ਪਰ ਇਸ ਦੇ ਨਾਲ਼ ਮਨੁੱਖ ਦੇ ਮਨ ਵਿੱਚ ਵੀ ਤਬਦੀਲੀ ਆਉਣੀ ਚਾਹੀਦੀ ਹੈ। ਮੁੱਖ ਰੂਪ ਵਿੱਚ ਇਹ ਤਬਦੀਲੀ ਸਾਹਿਤ ਅਤੇ ਕਲਾਵਾਂ ਨੇ ਲਿਆਉਣੀ ਹੁੰਦੀ ਹੈ। ਵਿਗਿਆਨ ਨੇ ਕਲਾਵਾਂ ਦੇ ਵਿਕਸਿਤ ਹੋਣ ਵਿੱਚ ਵੀ ਬਹੁਤ ਯੋਗਦਾਨ ਪਾਇਆ ਹੈ। ਉਦਾਹਰਨ ਲਈ ਸੰਗੀਤ ਦੇ ਅਜਿਹੇ ਸਾਜ਼ ਬਣ ਗਏ ਹਨ ਜਿਹਨਾਂ ਨਾਲ਼ ਬਰੀਕ ਤੋਂ ਬਰੀਕ ਅਤੇ ਮੋਟੀਆਂ ਤੋਂ ਮੋਟੀਆਂ ਧੁਨੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਫ਼ਿਲਮਾਂ ਵਿੱਚ ਵਿਗਿਆਨ ਨੇ ਕਲਾਕਾਰਾਂ ਦੀ ਕਲਾ ਦੇ ਪ੍ਰਭਾਵ ਵਿੱਚ ਬੇਅੰਤ ਵਾਧਾ ਕੀਤਾ ਹੈ। ਕੋਈ ਸੋਭਾ ਸਿੰਘ ਜਿਹਾ ਚਿੱਤਰਕਾਰ ਇੱਕ ਵਧੀਆ ਚਿੱਤਰ ਬਣਾਉਂਦਾ ਹੈ ਤਾਂ ਵਿਗਿਆਨ ਉਸ ਚਿੱਤਰ ਦੀਆਂ ਇੰਨ - ਬਿੰਨ ਲੱਖਾਂ ਕਾਪੀਆਂ ਤਿਆਰ ਕਰਨ ਵਿੱਚ ਮਦਦ ਕਰਦਾ ਹੈ। ਹੋਰ ਤਾਂ ਹੋਰ ਪਹਿਲਾ ਚਿੱਤਰ ਬਣਨ ਵਿੱਚ ਵੀ ਵਧੀਆ ਕੈਨਵਸ, ਭਿੰਨ-ਭਿੰਨ ਰੰਗ ਅਤੇ ਮਿਆਰੀ ਬੁਰਸ਼ ਵਿਗਿਆਨ ਦੀ ਪੈਦਾਵਾਰ ਹਨ। ਵਿਗਿਆਨ ਸਦਕਾ ਕਿਸੇ ਇੱਕ ਥਾਂ ਦਾ ਉੱਤਮ ਸਾਹਿਤ ਸਾਰੇ ਸੰਸਾਰ ਵਿੱਚ ਛਪਦਾ ਅਤੇ ਵਿਕਦਾ ਹੈ। ਇਸ ਪ੍ਰਕਾਰ ਵਿਗਿਆਨ ਅਤੇ ਕਲਾਵਾਂ ਮਨੁੱਖ ਨੇ ਪੈਦਾ ਕੀਤੀਆਂ ਹਨ ਅਤੇ ਮਨੁੱਖ ਦੇ ਭਲੇ ਲਈ ਇੱਕ-ਦੂਜੇ ਦੀਆਂ ਪੂਰਕ ਹਨ। ਮਨੁੱਖ ਦੇ ਮਨ ਵਿੱਚੋਂ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਨਿਰਮੂਲ ਡਰਾਂ ਦਾ ਹਨੇਰਾ ਦੂਰ ਕਰਨ ਲਈ ਵਿਗਿਆਨ ਅਤੇ ਕਲਾਵਾਂ ਦਾ ਬਰਾਬਰ ਯੋਗਦਾਨ ਹੈ।

• **ਵਿਗਿਆਨ ਇੱਕ ਸ਼ਕਤੀ** - ਵਿਗਿਆਨ ਮਨੁੱਖ ਦੇ ਹੱਥ ਵਿੱਚ ਇੱਕ ਵੱਡੀ ਸ਼ਕਤੀ ਹੈ। ਕਿਸੇ ਵੀ ਸ਼ਕਤੀਸ਼ਾਲੀ ਸਾਧਨ ਵਾਂਗ ਇਸ ਦੀ ਕੁਵਰਤੋਂ ਵੀ ਮਾੜੀ ਹੈ। ਅੱਜ ਜੰਗਾਂ-ਯੁੱਧਾਂ ਲਈ ਵਿਗਿਆਨ ਦੀ ਮਦਦ ਨਾਲ਼ ਬੜੇ ਭਿਅੰਕਰ ਹਥਿਆਰ ਬਣਾਏ ਜਾ ਰਹੇ ਹਨ। ਦੂਜੇ ਮਹਾਂ-ਯੁੱਧ ਸਮੇਂ ਜਪਾਨੀ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਐਟਮ-ਬੰਬਾਂ ਨਾਲ਼ ਹੋਈ ਬਰਬਾਦੀ ਅਜੇ ਤੱਕ ਸਭ ਨੂੰ ਯਾਦ ਹੈ। ਹੁਣ ਤਾਂ ਅਜਿਹੇ ਮਾਰੂ ਹਥਿਆਰਾਂ ਬਾਰੇ ਸੁਣਦੇ ਹਾਂ ਜਿਹਨਾਂ ਦੀ ਮਾਰ ਨਾਲ਼ ਸਾਰਾ ਸੰਸਾਰ ਇੱਕੋ ਸਮੇਂ ਤਬਾਹ ਹੋ ਸਕਦਾ ਹੈ। ਪਰ ਇਸ ਵਿੱਚ ਦੋਸ਼ ਵਿਗਿਆਨ ਦਾ ਨਹੀਂ ਸਗੋਂ ਉਹਨਾਂ ਲੋਕਾਂ ਦਾ ਹੈ ਜਿਹੜੇ ਇਸ ਨੂੰ ਤਬਾਹੀ ਲਈ

ਵਰਤਣ ਤੋਂ ਝਿਜਕਦੇ ਨਹੀਂ। ਆਉਣ ਵਾਲ਼ੇ ਸਮਿਆਂ ਵਿੱਚ ਅਜਿਹੇ ਮਨੁੱਖ ਦੀ ਲੋੜ ਹੈ ਜਿਹੜਾ ਮਾਰੂ ਦੀ ਥਾਂ ਉਸਾਰੂ ਹੋਵੇ ਅਤੇ ਜਿਹੜਾ ਵਿਗਿਆਨਿਕ ਦ੍ਰਿਸ਼ਟੀ ਅਤੇ ਕੋਮਲ ਹਿਰਦੇ ਦਾ ਮਾਲਕ ਹੋਵੇ , ਤਾਂ ਹੀ ਉਹ ਵਿਗਿਆਨ ਦੀ ਵਧਦੀ ਸ਼ਕਤੀ ਨੂੰ ਸਮੁੱਚੀ ਮਾਨਵਤਾ ਦੇ ਭਲੇ ਲਈ ਵਰਤ ਸਕਦਾ ਹੈ। ਨਿਸ਼ਚੇ ਹੀ ਅਜਿਹੇ ਮਨੁੱਖ ਦੀ ਸ਼ਖ਼ਸੀਅਤ ਦਾ ਵਿਕਾਸ ਵਿਗਿਆਨ ਅਤੇ ਕਲਾ ਦੋਹਾਂ ਦੇ ਸੁਮੇਲ ਸਦਕਾ ਹੀ ਹੋ ਸਕਦਾ ਹੈ।

## ਮੁਹਾਵਰੇ

1. **ਉਸਤਾਦੀ ਕਰਨੀ** - ਬੇਈਮਾਨ ਲੋਕ ਆਪਣੇ ਨੇੜਲੇ ਬੰਦਿਆਂ ਨਾਲ਼ ਵੀ ਉਸਤਾਦੀ ਕਰ ਜਾਂਦੇ ਹਨ।

2. **ਉਂਗਲ ਕਰਨਾ** - ਸਾਡੇ ਮੁੱਖ ਅਧਿਆਪਕ ਏਨੇ ਇਮਾਨਦਾਰ ਅਤੇ ਸੱਚੇ ਸੁੱਚੇ ਹਨ ਕਿ ਉਹਨਾਂ ਵੱਲ ਕੋਈ ਉਂਗਲ ਨਹੀਂ ਕਰ ਸਕਦਾ।

3. **ਉੱਚਾ ਸਾਹ ਨਾ ਕੱਢਣਾ** - ਜੇ ਘਰ ਵਿੱਚ ਮਾਤਾ ਜਾਂ ਪਿਤਾ ਜੀ ਸਖ਼ਤ ਸੁਭਾਅ ਦੇ ਹੋਣ ਤਾਂ ਉਹਨਾਂ ਦੀ ਹਾਜ਼ਰੀ ਵਿੱਚ ਬੱਚੇ ਉੱਚਾ ਸਾਹ ਨਹੀਂ ਕੱਢਦੇ।

4. **ਉੱਚਾ-ਨੀਵਾਂ ਬੋਲਣਾ** - ਅੱਜ-ਕੱਲ੍ਹ ਭਾਵੇਂ ਕੋਈ ਛੋਟੀ ਨੌਕਰੀ ਹੀ ਕਰਦਾ ਹੋਵੇ, ਆਪਣੇ ਅਫ਼ਸਰ ਦੁਆਰਾ ਉੱਚਾ-ਨੀਵਾਂ ਬੋਲਣਾ ਪਸੰਦ ਨਹੀਂ ਕਰਦਾ।

5. **ਉਡੀਕ-ਉਡੀਕ ਕੇ ਬੁੱਢਾ ਹੋ ਜਾਣਾ** - ਨੀਲਮ, ਤੈਨੂੰ ਵੀਰੇ ਦੇ ਵਿਆਹ ’ਤੇ ਉਡੀਕ-ਉਡੀਕ ਕੇ ਮੈਂ ਬੁੱਢੀ ਹੋ ਗਈ, ਪਰ ਤੂੰ ਨਾ ਆਈ।

6. **ਉੱਨੀ-ਇੱਕੀ ਦਾ ਫ਼ਰਕ ਹੋਣਾ** - ਸਾਡੀ ਸ਼੍ਰੇਣੀ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਦੇ ਅੰਕਾਂ ਵਿੱਚ ਕੇਵਲ ਉੱਨੀ ਇੱਕੀ ਦਾ ਫ਼ਰਕ ਸੀ।

7. **ਉੱਲੂ ਬਣਾਉਣਾ** - ਜਿਹੜੇ ਦੂਜਿਆਂ ਨੂੰ ਉੱਲੂ ਬਣਾਉਣ ਦੀ ਕੋਸ਼ਸ਼ ਕਰਦੇ ਹਨ, ਉਹ ਆਪ ਉੱਲੂ ਹੁੰਦੇ ਹਨ।

8. **ਉੱਲੂ ਬੋਲਣਾ** - ਘਰ ਵਿੱਚ ਬੱਚਿਆਂ ਤੋਂ ਬਿਨਾਂ ਉੱਲੂ ਬੋਲਦੇ ਜਾਪਦੇ ਹਨ।

9. **ਅੱਖਾਂ ਅੱਗੇ ਹਨੇਰਾ ਆਉਣਾ** - ਗੜਿਆਂ ਨਾਲ਼ ਆਪਣੀ ਫ਼ਸਲ ਤਬਾਹ ਹੋਈ ਵੇਖ ਕੇ ਕਿਸਾਨ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ।

10. **ਅੱਖਾਂ ਫੇਰ ਲੈਣਾ** - ਜਦੋਂ ਮਹਿੰਦਰ ਕੋਲ ਧਨ ਮੁੱਕ ਗਿਆ ਤਾਂ ਉਸਦੇ ਸਵਾਰਥੀ ਮਿੱਤਰਾਂ ਨੇ ਅੱਖਾਂ ਫੇਰ ਲਈਆਂ।

11. **ਅੱਖਾਂ ਵਿੱਚ ਲਹੂ ਉੱਤਰਨਾ** - ਜਲ੍ਹਿਆਂਵਾਲ਼ੇ ਬਾਗ਼ ਦੀ ਘਟਨਾ ਵੇਖ ਕੇ ਊਧਮ ਸਿੰਘ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਤੇ ਉਸ ਨੇ ਬਦਲਾ ਲੈਣ ਦਾ ਨਿਸ਼ਚਾ ਕੀਤਾ।

12. **ਅੱਖੋਂ ਓਹਲੇ ਕਰਨਾ** - ਕੋਈ ਵੀ ਮਾਂ ਵਾਹ ਲੱਗਦੀ ਆਪਣੀ ਉਲਾਦ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੁੰਦੀ।

13. **ਅੱਗ ਨਾਲ਼ ਖੇਡਣਾ** - ਸਰਕਸ ਦੇ ਕਲਾਕਾਰ ਆਪਣੇ ਕਰਤਬ ਦਿਖਾਉਂਦੇ ਹੋਏ ਅੱਗ ਨਾਲ਼ ਖੇਡਦੇ ਹਨ।

14. **ਅੱਗ ਲਾਉਣਾ** - ਫ਼ਿਰਕਾਪ੍ਰਸਤ ਲੋਕ ਆਪਣੇ ਸਵਾਰਥ ਲਈ ਸ਼ਾਂਤੀ ਨਾਲ਼ ਵੱਸਦੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਫ਼ਿਰਕਾਪ੍ਰਸਤੀ ਦੀ ਅੱਗ ਲਾਉਂਦੇ ਹਨ।

15. **ਅੱਡੀਆਂ ਚੁੱਕ-ਚੁੱਕ ਵੇਖਣਾ** - ਹਰਦੀਪ ਦੇ ਪਿਤਾ ਜੀ ਨੇ ਅੱਜ ਆਉਣਾ ਹੈ। ਉਹ ਸਵੇਰ ਤੋਂ ਹੀ ਅੱਡੀਆਂ ਚੁੱਕ-ਚੁੱਕ ਕੇ ਉਹਨਾਂ ਦਾ ਰਾਹ ਵੇਖਦੀ ਹੈ।

16. **ਅੱਡੀ-ਚੋਟੀ ਦਾ ਜ਼ੋਰ ਲਾਉਣਾ** - ਨੌਕਰੀ ਪ੍ਰਾਪਤ ਕਰਨ ਲਈ ਉਸ ਨੇ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ।

17. **ਅੱਡੀ ਨਾ ਲੱਗਣਾ** - ਸਕੂਲ ਦੀਆਂ ਸਲਾਨਾ ਖੇਡਾਂ ਵੇਲੇ ਪੀ.ਟੀ. ਮਾਸਟਰ ਜੀ ਦੀ ਤਾਂ ਅੱਡੀ ਨਹੀਂ ਸੀ ਲੱਗਦੀ।

18. **ਅਣਿਆਈ ਮੌਤ ਮਰਨਾ** - ਟੈਫ਼ਿਕ ਨਿਯਮਾਂ ਦੀ ਪਾਲਣਾ ਨਾ ਕਰਨ ਕਰਕੇ ਹਾਦਸੇ ਹੁੰਦੇ ਹਨ ਜਿਨ੍ਹਾਂ ਵਿੱਚ ਕਈ ਲੋਕ ਅਣਿਆਈ ਮੌਤ ਮਰਦੇ ਹਨ।

19. **ਅੱਤ ਚੁੱਕਣਾ** - ਕਈ ਮੋਟਰ-ਚਾਲਕਾਂ ਨੇ ਤਾਂ ਏਨੀ ਅੱਤ ਚੁੱਕੀ ਹੁੰਦੀ ਹੈ ਕਿ ਉਹ ਭੀੜ ਵਾਲੀਆਂ ਥਾਂਵਾਂ ਤੋਂ ਵੀ ਤੇਜ਼ ਰਫ਼ਤਾਰ ਨਾਲ਼ ਮੋਟਰ-ਸਾਈਕਲ ਚਲਾਉਂਦੇ ਲੰਘ ਜਾਂਦੇ ਹਨ।

20. **ਅਬਾ-ਤਬਾ ਬੋਲਣਾ** - ਸ਼ਰਾਬ ਪੀਣ ਦਾ ਇੱਕ ਔਗੁਣ ਇਹ ਵੀ ਹੈ ਕਿ ਸ਼ਰਾਬੀ ਨਸ਼ੇ ਵਿੱਚ ਅਬਾ-ਤਬਾ ਬੋਲਦਾ ਹੈ ਜਿਸ ਕਾਰਨ ਕਈ ਵਾਰ ਲੜਾਈ ਵੀ ਹੋ ਜਾਂਦੀ ਹੈ।

21. **ਅਲਖ ਮੁਕਾਉਣਾ** - ਰਾਜੇ ਮਹਾਰਾਜਿਆਂ ਦੇ ਜ਼ਮਾਨੇ ਵਿੱਚ ਜੇ ਕੋਈ ਉਹਨਾਂ ਦਾ ਵਿਰੋਧ ਕਰਦਾ ਸੀ ਤਾਂ ਉਸ ਦੀ ਅਲਖ ਮੁਕਾ ਦਿੱਤੀ ਜਾਂਦੀ ਸੀ।

22. **ਅਲੂਣੀ ਸਿਲ਼ ਚੱਟਣਾ** - ਜਿਹੜੇ ਵਿਦਿਆਰਥੀ ਦੀ ਪੜ੍ਹਨ ਵਿੱਚ ਦਿਲਚਸਪੀ ਨਹੀਂ ਹੁੰਦੀ, ਉਸ ਲਈ ਪੜ੍ਹਾਈ ਕਰਨੀ ਅਲੂਣੀ ਸਿਲ਼ ਚੱਟਣ ਵਾਂਗ ਹੁੰਦੀ ਹੈ।

23. **ਅੰਨ੍ਹੇ ਅੱਗੇ ਦੀਦੇ ਗਾਲਣੇ** - ਅੰਗਰੇਜ਼ੀ ਰਾਜ ਵਿੱਚ ਭਾਰਤੀਆਂ ਦਾ ਸਰਕਾਰ ਅੱਗੇ ਦਾਦ-ਫ਼ਰਿਆਦ ਕਰਨਾ ਅੰਨ੍ਹੇ ਅੱਗੇ ਦੀਦੇ ਗਾਲਣ ਵਾਲ਼ੀ ਗੱਲ ਹੁੰਦੀ ਸੀ।

24. **ਆਪਣੀ ਲੱਤ ਉੱਪਰ ਰੱਖਣੀ** - ਜਿਹੜਾ ਵਿਅਕਤੀ ਹਰ ਗੱਲ ਵਿੱਚ ਆਪਣੀ ਲੱਤ ਉੱਪਰ ਰੱਖਣ ਦੀ ਕੋਸ਼ਸ਼ ਕਰਦਾ ਹੈ, ਉਹਨੂੰ ਘੁਮੰਡੀ ਅਤੇ ਜਿੱਦੀ ਕਿਹਾ ਜਾਂਦਾ ਹੈ।

25. **ਆਪਣੇ ਪੈਰੀਂ ਆਪ ਕੁਹਾੜਾ ਮਾਰਨਾ** - ਜਿਹੜੇ ਕਰਮਚਾਰੀ ਕੰਮ ਕਰਨ ਦੀ ਥਾਂ ਵਿਹਲੇ ਰਹਿਣ ਦੀ ਆਦਤ ਪਾ ਲੈਂਦੇ ਹਨ, ਉਹ ਆਪਣੇ ਪੈਰੀਂ ਆਪ ਕੁਹਾੜਾ ਮਾਰਦੇ ਹਨ।

26. **ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ** - ਤੁਹਾਡੇ ਗੁਣਾਂ ਕਰਕੇ ਜੇ ਕੋਈ ਦੂਜਾ ਤੁਹਾਡੀ ਪ੍ਰਸ਼ੰਸਾ ਕਰੇ ਤਾਂ ਉਚਿਤ ਹੈ ਪਰ ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ ਚੰਗਾ ਨਹੀਂ।

27. **ਆਲ਼ੇ ਕੌਡੀ ਛਿੱਕੇ ਕੌਡੀ ਕਰਨਾ** - ਮੈਂ ਜਦੋਂ ਵੀ ਦਫ਼ਤਰ ਆਉਂਦਾ ਹਾਂ ਬਾਬੂ ਆਲ਼ੇ ਕੌਡੀ ਛਿੱਕੇ ਕੌਡੀ ਕਰ ਦਿੰਦਾ ਹੈ। ਸਿੱਧੀ ਤਰ੍ਹਾਂ ਗੱਲ ਨਹੀਂ ਕਰਦਾ ਕਿ ਉਹ ਚਾਹ-ਪਾਣੀ ਪੀਣਾ ਚਾਹੁੰਦਾ ਹੈ।

28. **ਆਵਾ ਊਤ ਜਾਣਾ** - ਉਸ ਦਾ ਇੱਕ ਭਰਾ ਸ਼ਰਾਬੀ ਹੈ , ਦੂਜਾ ਜੁਆਰੀਆ ਅਤੇ ਤੀਜਾ ਕਬੂਤਰਬਾਜ਼ੀ ਦਾ ਸ਼ੌਕ ਰੱਖਦਾ ਹੈ, ਗੱਲ ਕੀ, ਉਹਨਾਂ ਦਾ ਤਾਂ ਆਵਾ ਹੀ ਊਤਿਆ ਪਿਆ ਹੈ।

29. **ਆਈ-ਚਲਾਈ ਕਰਨਾ** - ਘਰ ਦੀ ਆਮਦਨ ਨਾਲ਼ ਮਸਾਂ ਆਈ-ਚਲਾਈ ਹੀ ਹੁੰਦੀ ਹੈ। ਮੇਰੀ ਪੜ੍ਹਾਈ ਦੇ ਖ਼ਰਚ ਜੋਗੇ ਪੈਸਿਆਂ ਦਾ ਪ੍ਰਬੰਧ ਬਹੁਤ ਔਖਾ ਹੁੰਦਾ ਹੈ।

30. **ਆਸਾਂ ਉੱਤੇ ਪਾਣੀ ਫਿਰ ਜਾਣਾ** - ਨਰਿੰਦਰ ਦਾ ਦਸਵੀਂ ਵਿੱਚ ਤੀਜਾ ਦਰਜਾ ਆਉਣ ਕਾਰਨ ਜਾਣੋ ਉਸ ਦੀਆਂ ਆਸਾਂ 'ਤੇ ਪਾਣੀ ਹੀ ਫਿਰ ਗਿਆ।

31. **ਆਹੂ ਲਾਹੁਣਾ** - ਸਾਹਿਬਜ਼ਾਦਾ ਅਜੀਤ ਸਿੰਘ ਨੇ ਚਮਕੌਰ ਦੀ ਲੜਾਈ ਵਿੱਚ ਦੁਸ਼ਮਣਾਂ ਦੇ ਆਹੂ ਲਾਹ ਸੁੱਟੇ।

**32. ਆਟੇ ਵਿੱਚ ਲੂਣ ਹੋਣਾ** - ਅੰਗਰੇਜ਼ਾਂ ਦੇ ਰਾਜ ਵਿੱਚ ਸਕੂਲ ਜਾਂਦੇ ਬੱਚਿਆਂ ਦੀ ਗਿਣਤੀ ਆਟੇ ਵਿੱਚ ਲੂਣ ਸੀ। ਇਸ ਦੇ ਉਲਟ ਹੁਣ ਅਜ਼ਾਦ ਭਾਰਤ ਵਿੱਚ ਸਕੂਲ ਨਾ ਜਾਣ ਵਾਲੇ ਬੱਚਿਆਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੈ।

**33. ਆਂਦਰਾਂ ਠਾਰਨਾ** - ਜਿਹੜੇ ਵਿਦਿਆਰਥੀ ਮਿਹਨਤ ਨਾਲ਼ ਪੜ੍ਹਾਈ ਕਰਦੇ ਹਨ, ਉਹ ਨਾ ਕੇਵਲ ਆਪਣੇ ਅਧਿਆਪਕਾਂ ਨੂੰ ਚੰਗੇ ਲੱਗਦੇ ਹਨ ਸਗੋਂ ਆਪਣੇ ਮਾਪਿਆਂ ਦੀਆਂ ਆਂਦਰਾਂ ਵੀ ਠਾਰਦੇ ਹਨ।

**34. ਆਪਣਾ ਉੱਲੂ ਸਿੱਧਾ ਕਰਨਾ** - ਕਈ ਵਿਅਕਤੀ ਆਪਣਾ ਉੱਲੂ ਸਿੱਧਾ ਕਰਨ ਲਈ ਦੂਜਿਆਂ ਨਾਲ਼ ਦੋਸਤੀ ਦਾ ਵਿਖਾਵਾ ਵੀ ਕਰਦੇ ਹਨ।

**35. ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾਉਣੀ** - ਤੈਨੂੰ ਸਾਰਿਆਂ ਨਾਲ਼ ਰਲ਼ ਕੇ ਰਹਿਣਾ ਚਾਹੀਦਾ ਹੈ। ਆਪਣੀ ਢਾਈ ਪਾ ਖਿੱਚੜੀ ਵੱਖਰੀ ਪਕਾਉਣੀ ਚੰਗੀ ਗੱਲ ਨਹੀਂ।

**36. ਆਪਣੀ ਪੀਹੜੀ ਹੇਠ ਸੋਟਾ ਫੇਰਨਾ** - ਕਿਸੇ ਵੱਲ ਉਂਗਲ ਕਰਨ ਤੋਂ ਸਾਨੂੰ ਆਪਣੀ ਪੀਹੜੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

**37. ਇੱਕ ਅੱਖ ਨਾਲ਼ ਵੇਖਣਾ** - ਲੋਕ ਉਸ ਨੇਤਾ ਨੂੰ ਪਸੰਦ ਕਰਦੇ ਹਨ ਜੋ ਸਭ ਨੂੰ ਇੱਕ ਅੱਖ ਨਾਲ਼ ਵੇਖਦਾ ਹੈ।

**38. ਇੱਕ ਕੰਨ ਸੁਣ ਕੇ ਦੂਜੇ ਕੰਨ ਕੱਢ ਦੇਣਾ** - ਲੋਕ ਉਸ ਹਾਕਮ ਦਾ ਸਤਿਕਾਰ ਨਹੀਂ ਕਰਦੇ ਜਿਹੜਾ ਕਿਸੇ ਦੀ ਦਾਦ-ਫ਼ਰਿਆਦ ਨੂੰ ਇੱਕ ਕੰਨ ਸੁਣ ਕੇ ਦੂਜੇ ਕੰਨ ਕੱਢ ਦਿੰਦਾ ਹੈ।

**39. ਇੱਕ ਦੀਆਂ ਚਾਰ ਸੁਣਾਉਣਾ** - ਉਸ ਨੇ ਆਪਣਾ ਦੋਸ਼ ਨਹੀਂ ਮੰਨਣਾ , ਉਹਨੂੰ ਕੁਝ ਕਹੋਗੇ ਤਾਂ ਉਹ ਇੱਕ ਦੀਆਂ ਚਾਰ ਸੁਣਾਏਗਾ। **40. ਇੱਕੋ ਰੱਸੇ ਫਾਹੇ ਦੇਣਾ** - ਅੰਗਰੇਜ਼ੀ ਰਾਜ ਵਿੱਚ ਨਿਆਂ ਕੇਵਲ ਦਿਖਾਵੇ ਮਾਤਰ ਲਈ ਸੀ, ਬਹੁਤੀ ਵਾਰੀ ਇੱਕ ਦੇ ਕਸੂਰ ਬਦਲੇ ਸਭ ਨੂੰ ਇੱਕੋ ਰੱਸੇ ਫਾਹੇ ਲਾਇਆ ਜਾਂਦਾ ਸੀ।

**41. ਇੱਕੋ ਤੱਕੜੀ ਦੇ ਵੱਟੇ ਹੋਣਾ** - ਚੋਰ - ਬਜ਼ਾਰੀਏ ਭਾਵੇਂ ਕਿਸੇ ਵੀ ਦੇਸ ਜਾਂ ਪ੍ਰਾਂਤ ਦੇ ਹੋਣ ਇੱਕੋ ਤੱਕੜੀ ਦੇ ਵੱਟੇ ਹੁੰਦੇ ਹਨ।

**42. ਇੱਜ਼ਤ ਨੂੰ ਵੱਟਾ ਲਾਉਣਾ** - ਜਿਹੜੇ ਲੋਕ ਬੇਈਮਾਨੀ, ਰਿਸ਼ਵਤਖੋਰੀ ਜਾਂ ਚੋਰ-ਬਜ਼ਾਰੀ ਆਦਿ ਕੁਕਰਮਾਂ ਰਾਹੀਂ ਦੇਸ-ਧ੍ਰੋਹ ਕਰਦੇ ਹਨ, ਉਹ ਦੇਸ ਦੀ ਇੱਜ਼ਤ ਨੂੰ ਵੱਟਾ ਲਾਉਂਦੇ ਹਨ।

**43. ਇੱਟ-ਕੁੱਤੇ ਦਾ ਵੈਰ ਹੋਣਾ** - ਕਿਹਾ ਜਾਂਦਾ ਹੈ ਕਿ ਸੱਪ ਅਤੇ ਨਿਓਲ਼ੇ ਦਾ ਆਪਸ ਵਿੱਚ ਇੱਟ-ਕੁੱਤੇ ਦਾ ਵੈਰ ਹੈ।

**44. ਇੱਟ-ਚੁੱਕਦੇ ਨੂੰ ਪੱਥਰ ਚੁੱਕਣਾ** - ਭਾਰਤ ਭਾਵੇਂ ਸ਼ਾਂਤੀ ਦਾ ਪੁਜਾਰੀ ਹੈ ਤਾਂ ਵੀ ਇਹ ਇੱਟ ਚੁੱਕਦੇ ਨੂੰ ਪੱਥਰ ਚੁੱਕ ਕੇ ਮੁਕਾਬਲਾ ਕਰਨ ਲਈ ਤਿਆਰ ਰਹਿੰਦਾ ਹੈ।

**45. ਇੱਟ ਨਾਲ਼ ਇੱਟ ਖੜਕਾਉਣਾ** - ਪੁਰਾਣੇ ਸਮੇਂ ਵਿੱਚ ਕਈ ਵਾਰ ਜਦੋਂ ਹਮਲਾ ਹੁੰਦਾ ਸੀ ਤਾਂ ਸ਼ਹਿਰਾਂ ਤੇ ਨਗਰਾਂ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ ਜਾਂਦੀ ਸੀ।

**46. ਈਦ ਦਾ ਚੰਨ ਹੋਣਾ** - ਕਿੱਥੇ ਰਹਿੰਦਾ ਏਂ ? ਬੜੀ ਦੇਰ ਬਾਅਦ ਮਿਲ਼ਿਆ ਏਂ, ਤੂੰ ਤਾਂ ਈਦ ਦਾ ਚੰਨ ਹੋ ਗਿਆ ਏ।

**47. ਈਨ ਮੰਨਣਾ** - ਸਾਹਿਬਜ਼ਾਦਿਆਂ ਨੇ ਆਪਣੀ ਜਾਨ ਦੇ ਦਿੱਤੀ ਪਰ ਜ਼ਾਲਮ ਹਾਕਮਾਂ ਦੀ ਈਨ ਨਾ ਮੰਨੀ।

**48. ਸੱਜੀ ਬਾਂਹ ਹੋਣਾ** - ਭਾਰਤ ਅਮਨ-ਪਸੰਦ ਦੇਸਾਂ ਦੀ ਸੱਜੀ ਬਾਂਹ ਹੈ।

**49. ਸੱਤਰਿਆ-ਬਹੱਤਰਿਆ ਜਾਣਾ** - ਬਜ਼ੁਰਗਾਂ ਦੇ ਤਜਰਬੇ ਤੋਂ ਲਾਭ ਉਠਾਉਣਾ ਚਾਹੀਦਾ ਹੈ। ਉਹਨਾਂ ਨੂੰ ਸੱਤਰਿਆ-ਬਹੱਤਰਿਆ ਕਹਿ ਕੇ ਕਾਰਨਾ ਨਹੀਂ ਚਾਹੀਦਾ।

**50. ਸੱਤੀਂ ਕੱਪੜੀਂ ਅੱਗ ਲੱਗਣਾ** - ਸ: ਮਹਿੰਦਰ ਸਿੰਘ ਵਰਗੇ ਨੇਕ ਅਤੇ ਸ਼ਰੀਫ਼ ਇਨਸਾਨ ਉੱਤੇ ਚੋਰੀ ਦੇ ਝੂਠੇ ਇਲਜ਼ਾਮ ਨੂੰ ਸੁਣ ਕੇ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ।

# ਵਿਆਕਰਨ: ਪਰਿਭਾਸ਼ਾ, ਮੰਤਵ ਅਤੇ ਅੰਗ

**ਪ੍ਰਸ਼ਨ 1. ਵਿਆਕਰਨ ਕਿਸ ਨੂੰ ਆਖਦੇ ਹਨ? ਵਿਆਕਰਨ ਦੀ ਪਰਿਭਾਸ਼ਾ ਦਿਓ।**

ਉੱਤਰ - ਵਿਆਕਰਨ ਅਜਿਹੀ ਵਿੱਦਿਆ ਹੈ, ਜਿਸ ਵਿਚ ਭਾਸ਼ਾ ਦੇ ਧੁਨੀ-ਉਚਾਰਨ, ਸ਼ਬਦ-ਰਚਨਾ, ਸ਼ਬਦ-ਜੋੜਾਂ, ਸ਼ਬਦਾਰਥ ਅਤੇ ਵਾਕ ਰਚਨਾ ਦੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ। ਵਿਆਕਰਨਕ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਸਾਹਿਤਕ ਜਾਂ ਟਕਸਾਲੀ ਰੂਪ ਧਾਰਨ ਕਰਦੀ ਹੈ। ਵਿਆਕਰਨ ਦੇ ਨਿਯਮਾਂ ਨਾਲ਼ ਭਾਸ਼ਾ ਮਾਂਜੀ-ਸੁਆਰੀ ਜਾਂਦੀ ਹੈ।

**ਪ੍ਰਸ਼ਨ 2. ਵਿਆਕਰਨ ਦੀ ਕੀ ਮਹੱਤਤਾ ਹੈ?**

ਉੱਤਰ - ਭਾਸ਼ਾ ਦੇ ਸ਼ੁੱਧ ਤੇ ਮਿਆਰੀ ਸਰੂਪ ਨੂੰ ਸਮਝਣ ਲਈ ਵਿਆਕਰਨ ਦੀ ਪੜ੍ਹਾਈ ਦੀ ਬੜੀ ਮਹੱਤਤਾ ਹੈ। ਇਸ ਦੇ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਟਕਸਾਲੀ ਰੂਪ ਧਾਰਨ ਕਰਦੀ ਹੈ। ਇਸ ਤੋਂ ਧੁਨੀਆਂ ਦੇ ਉਚਾਰਨ, ਸ਼ਬਦਾਂ ਦੀ ਬਣਤਰ ਤੇ ਵਾਕ-ਰਚਨਾ ਦਾ ਪਤਾ ਲੱਗਦਾ ਹੈ। ਦੂਜੀਆਂ ਭਾਸ਼ਾਵਾਂ ਨੂੰ ਸਿੱਖਣ ਲਈ ਵਿਆਕਰਨ ਤੋਂ ਬਿਨਾਂ ਕੰਮ ਚੱਲਦਾ ਹੀ ਨਹੀਂ। ਇਸ ਕਰਕੇ ਦੀ ਇਹ ਖ਼ਾਸ ਮਹੱਤਤਾ ਹੈ ਕਿ ਸਕੂਲ ਪੱਧਰ 'ਤੇ ਵਿਆਕਰਨ ਦੀ ਪੜ੍ਹਾਈ ਜ਼ਰੂਰੀ ਹੈ।

**ਪ੍ਰਸ਼ਨ 3. ਵਿਆਕਰਨ ਦਾ ਕੀ ਮੰਤਵ ਹੈ?**

ਉੱਤਰ: ਵਿਆਕਰਨ ਦਾ ਮੰਤਵ ਕਿਸੇ ਭਾਸ਼ਾ ਦੇ ਵਰਤਾਰੇ ਨੂੰ ਵਿਗਿਆਨਕ ਢੰਗ ਨਾਲ਼ ਸਮਝਣਾ ਹੈ। ਇਸ ਰਾਹੀਂ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ ਨਿਯਮ ਕੱਢੇ ਜਾਂਦੇ ਹਨ। ਉਹਨਾਂ ਨਿਯਮਾਂ ਨੂੰ ਸਮੁੱਚੀ ਭਾਸ਼ਾ ਉੱਤੇ ਲਾਗੂ ਕਰਕੇ ਭਾਸ਼ਾ ਦਾ ਮਿਆਰੀ ਜਾਂ ਟਕਸਾਲੀ ਰੂਪ ਸਥਾਪਿਤ ਕੀਤਾ ਜਾਂਦਾ ਹੈ ਤੇ ਇਸੇ ਰਾਹੀਂ ਵਿਦੇਸ਼ੀਆਂ ਨੂੰ ਸੰਬੰਧਿਤ ਬੋਲੀ ਸਿਖਾਈ ਜਾਂਦੀ ਹੈ।

**ਪ੍ਰਸ਼ਨ 4. ਪੰਜਾਬੀ ਵਿਆਕਰਨ ਕਿਸ ਨੂੰ ਕਹਿੰਦੇ ਹਨ?**

ਉੱਤਰ: ਪੰਜਾਬੀ ਬੋਲੀ ਦੀ ਵਾਕ-ਰਚਨਾ, ਸ਼ਬਦ-ਰਚਨਾ, ਸ਼ਬਦ-ਰੂਪਾਂ, ਸ਼ਬਦ-ਜੋੜਾਂ ਤੋਂ ਸ਼ਬਦਾਰਥਾਂ ਵਿੱਚ ਕੰਮ ਕਰਦੇ ਨਿਯਮਾਂ ਨੂੰ ਪੰਜਾਬੀ ਵਿਆਕਰਨ ਕਿਹਾ ਜਾਂਦਾ ਹੈ।

**ਪ੍ਰਸ਼ਨ 5. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?**

ਉੱਤਰ - ਵਿਆਕਰਨ ਭਾਸ਼ਾ ਦੇ ਵਰਤਾਰੇ ਦੀ ਵਿਆਖਿਆ ਕਰਦਾ ਹੈ। ਇਸ ਲਈ ਭਾਸ਼ਾ ਦੇ ਵੱਖ-ਵੱਖ ਅੰਗਾਂ ਦੇ ਅਧਿਐਨ ਲਈ ਪੰਜਾਬੀ ਵਿਆਕਰਨ ਦੇ ਅੰਗ ਹੇਠ ਲਿਖੇ ਹਨ -

- ਧੁਨੀ ਬੋਧ ਜਾਂ ਵਰਨ ਬੋਧ
- ਸ਼ਬਦ ਬੋਧ
- ਵਾਕ ਬੋਧ
- ਅਰਥ ਬੋਧ

ਇਸ ਤੋਂ ਬਿਨਾਂ ਵਿਆਕਰਨ ਵਿੱਚ ਵਿਸਰਾਮ ਚਿੰਨ੍ਹਾਂ, ਸ਼ਬਦ-ਜੋੜਾਂ, ਮੁਹਾਵਰਿਆਂ, ਮੁਹਾਵਰੇਦਾਰ ਵਾਕੰਸ਼ਾਂ ਤੇ ਅਖਾਣਾਂ ਦੀ ਚਰਚਾ ਵੀ ਕੀਤੀ ਜਾਂਦੀ ਹੈ।

# ਜਮਾਤ- ਦਸਵੀਂ

# ਛੁੱਟੀਆਂ ਦਾ ਕੰਮ

# ਗੁਰਮਤਿ-ਕਾਵਿ

## 1. ਗੁਰੂ ਨਾਨਕ ਦੇਵ ਜੀ

## 1. ਪਵਣੁ ਗੁਰੂ ਪਾਣੀ ਪਿਤਾ

ਸਭ ਜੀਵ ਸੰਸਾਰ ਰੂਪੀ ਰੰਗ-ਭੂਮੀ ਉੱਤੇ ਆਪੋ-ਆਪਣੀ ਖੇਡ ਖੇਡਦੇ ਹਨ। ਧਰਮਰਾਜ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਦੀ ਪੜਤਾਲ ਕਰਦਾ ਹੈ। ਜੀਵ ਆਪਣੇ ਚੰਗੇ ਅਤੇ ਮਾੜੇ ਕੰਮਾਂ ਨਾਲ਼ ਹੀ ਪਰਮਾਤਮਾ ਦੇ ਨੇੜੇ ਅਤੇ ਦੂਰ ਹੁੰਦੇ ਹਨ। ਜਿਨ੍ਹਾਂ ਨੇ ਨਾਮ ਸਿਮਰਨ ਦੀ ਖੇਡ ਖੇਡੀ ਹੁੰਦੀ ਹੈ, ਉਹ ਦੂਜਿਆਂ ਨੂੰ ਵੀ ਸਹੀ ਰਾਹ ਪਾਉਂਦੇ ਹੋਏ ਪਰਮਾਤਮਾ ਦੀ ਹਜ਼ੂਰੀ ਵਿੱਚ ਸੁਰਖ਼ਰੂ ਹੋ ਜਾਂਦੇ ਹਨ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1.ਗੁਰੂ ਜੀ ਨੇ ਪਵਣੁ ਨੂੰ ਕਿਸ ਦਾ ਰੂਪ ਦੱਸਿਆ ਹੈ?**

ਉ - ਗੁਰੂ ਦਾ।

**ਪ੍ਰ 2.ਗੁਰੂ ਜੀ ਅਨੁਸਾਰ ਸਭ ਜੀਵਾਂ ਦਾ ਪਿਤਾ ਕੌਣ ਹੈ?**

ਉ - ਪਾਣੀ।

**ਪ੍ਰ 3. ਸਭ ਜੀਵਾਂ ਦੀ ਵੱਡੀ ਮਾਤਾ ਕੌਣ ਹੈ?**

ਉ - ਧਰਤੀ।

**ਪ੍ਰ 4. ਗੁਰੂ ਜੀ ਅਨੁਸਾਰ ਦਿਨ ਤੇ ਰਾਤ ਕੀ ਹਨ?**

ਉ - ਖਿਡਾਵਾ ਤੇ ਖਿਡਾਵੀ।

**ਪ੍ਰ 5. ਮਨੁੱਖ ਦੇ ਚੰਗੇ ਤੇ ਮਾੜੇ ਕੰਮਾਂ ਦੀ ਪੜਤਾਲ ਕੌਣ ਕਰਦਾ ਹੈ?**

ਉ - ਧਰਮਰਾਜ।

**ਪ੍ਰ 6. ਕਿਸ ਦੇ ਅਧਾਰ 'ਤੇ ਜੀਵ ਅਕਾਲ ਪੁਰਖ ਦੇ ਨੇੜੇ ਅਤੇ ਦੂਰ ਹੁੰਦੇ ਹਨ?**

ਉ - ਆਪਣੇ ਕਰਮਾਂ ਦੇ ਅਧਾਰ ’ਤੇ।

**ਪ੍ਰ 7. ਕਿਹੜੇ ਜੀਵ ਆਪਣੀ ਮਿਹਨਤ ਸਫ਼ਲ ਕਰ ਗਏ ਹਨ?**

ਉ - ਨਾਮ ਸਿਮਰਨ ਕਰਨ ਵਾਲੇ।

## 2. ਸੋ ਕਿਉ ਮੰਦਾ ਆਖੀਐ

ਮਨੁੱਖੀ ਜੀਵਨ ਦਾ ਜਨਮ ਤੋਂ ਮਰਨ ਤੱਕ ਦਾ ਇਸਤਰੀ ਨਾਲ਼ ਨਾਤਾ ਜੁੜਿਆ ਹੈ। ਇਸਤਰੀ ਤੋਂ ਬਾਹਰ ਕੇਵਲ ਪਰਮਾਤਮਾ ਹੈ, ਕੋਈ ਵੀ ਇਸਤਰੀ ਪੁਰਸ਼ ਨਹੀਂ। ਰਾਜੇ ਵੀ ਇਸਤਰੀ ਤੋਂ ਜਨਮ ਲੈਂਦੇ ਹਨ। ਸਾਨੂੰ ਇਸਤਰੀ ਨੂੰ ਕਦੇ ਵੀ ਮੰਦਾ ਨਹੀਂ ਬੋਲਣਾ ਚਾਹੀਦਾ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. ‘ਸੋ ਕਿਉ ਮੰਦਾ ਆਖੀਐ’ ਬਾਣੀ ਕਿਸ ਗੁਰੂ ਦੀ ਰਚਨਾ ਹੈ?**

ਉ - ਗੁਰੂ ਨਾਨਕ ਦੇਵ ਜੀ ਦੀ।

**ਪ੍ਰ 2. ਸਲੋਕ ਵਿੱਚ ਇਸਤਰੀ ਤੋਂ ਬਾਹਰ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ?**

ਉ - ਪਰਮਾਤਮਾ ਦੀ।

**ਪ੍ਰ 3. ਗੁਰੂ ਨਾਨਕ ਦੇਵ ਜੀ ਅਨੁਸਾਰ ਕਿਸ ਦੀ ਸਿਫ਼ਤ ਕਰਨ ਨਾਲ਼ ਸੱਚੇ ਦਰਬਾਰ ਵਿੱਚ ਕਦਰ ਪੈਂਦੀ ਹੈ?**

ਉ - ਪਰਮਾਤਮਾ ਦੀ।

**ਪ੍ਰ 4. ਰਾਜੇ ਕਿਸ ਤੋਂ ਜਨਮ ਲੈਂਦੇ ਹਨ?**

ਉ - ਇਸਤਰੀ ਤੋਂ।

**ਪ੍ਰ 5. ਗੁਰੂ ਨਾਨਕ ਦੇਵ ਜੀ ਅਨੁਸਾਰ ਭੰਡੈ ਬਾਹਰਾ ਕੌਣ ਹੈ?**

ਉ - ਪਰਮਾਤਮਾ।

**ਪ੍ਰ 6. ‘ਭੰਡ’ ਸ਼ਬਦ ਦਾ ਕੀ ਅਰਥ ਹੈ?**

ਉ - ਇਸਤਰੀ।

**ਪ੍ਰ 7. ‘ਸੋ ਕਿਉ ਮੰਦਾ ਆਖੀਐ’ ਸ਼ਬਦ ਵਿੱਚ ਕਿਸ ਦੀ ਮਹਾਨਤਾ ਦੱਸੀ ਗਈ ਹੈ?**

ਉ - ਇਸਤਰੀ ਦੀ।

**ਪ੍ਰ 8. ਪਰਮਾਤਮਾ ਦੇ ਦਰਬਾਰ ਵਿੱਚ ਕੌਣ ਉਜਲੇ ਮੁੱਖ ਵਾਲ਼ੇ ਹਨ?**

ਉ - ਪਰਮਾਤਮਾ ਦੇ ਗੁਣ ਗਾਉਣ ਵਾਲ਼ੇ।।

## 3. ਗਗਨ ਮੈ ਥਾਲੁ

## ••• ਕੇਂਦਰੀ ਭਾਵ •••

ਸਾਰੀ ਕੁਦਰਤ ਹਰ ਸਮੇਂ ਸਰਗੁਣ ਤੇ ਨਿਰਗੁਣ ਸਰੂਪ ਵਾਲੇ ਪ੍ਰਭੂ ਦੀ ਆਰਤੀ ਉਤਾਰਨ ਦੇ ਆਹਰ ਵਿੱਚ ਲੱਗੀ ਹੋਈ ਹੈ। ਜੀਵ ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਉਸ ਦੀ ਕਿਰਪਾ ਨਾਲ ਪ੍ਰਾਪਤ ਹੋਈ ਗੁਰੂ ਦੀ ਸਿੱਖਿਆ ਅਨੁਸਾਰ ਜਦੋਂ ਸਾਰੇ ਜੀਵਾਂ ਵਿੱਚ ਪ੍ਰਭੂ ਦੀ ਜੋਤ ਨੂੰ ਵਸਦੀ ਅਨੁਭਵ ਕਰ ਕੇ ਉਸ ਦੇ ਭਾਣੇ ਵਿੱਚ ਚਲਦਾ ਹੈ, ਤਾਂ ਉਹ ਵੀ ਕੁਦਰਤ ਦੁਆਰਾ ਉਤਾਰੀ ਜਾ ਰਹੀ ਆਰਤੀ ਵਿੱਚ ਸ਼ਾਮਲ ਹੋ ਜਾਂਦਾ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

ਪ੍ਰ 1. **'ਗਗਨ ਮੈਂ ਥਾਲੁ' ਬਾਣੀ ਵਿੱਚ ਕਿਸ ਦੀ ਆਰਤੀ ਉਤਾਰੀ ਜਾ ਰਹੀ ਹੈ?**

ਉ - ਪਰਮਾਤਮਾ ਦੀ।

**ਪ੍ਰ 2. ਭਵਖੰਡਨਾ ਦੀ ਆਰਤੀ ਵਿੱਚ ਗਗਨ ਕੀ ਹੈ?**

ਉ - ਥਾਲ।

**ਪ੍ਰ 3. ਭਵਖੰਡਨਾ ਦੀ ਆਰਤੀ ਵਿੱਚ ਸੂਰਜ ਤੇ ਚੰਦ ਕੀ ਹਨ?**

ਉ - ਦੀਵੇ।

**ਪ੍ਰ 4. ਭਵਖੰਡਨਾ ਦੀ ਆਰਤੀ ਵਿੱਚ ਤਾਰਿਕਾ ਮੰਡਲ ਕੀ ਹੈ**?

ਉ - ਮੋਤੀ।

**ਪ੍ਰ 5. ਭਵਖੰਡਨਾ ਦੀ ਆਰਤੀ ਵਿੱਚ ਪੌਣ ਕੀ ਕਰ ਰਹੀ ਹੈ**?

ਉ - ਚਵਰ।

**ਪ੍ਰ 6. ਭਵਖੰਡਨਾ ਦੀ ਆਰਤੀ ਵਿੱਚ ਬਨਸਪਤੀ ਕੀ ਕਰ ਰਹੀ ਹੈ?**

ਉ - ਸੁਗੰਧੀ ਅਤੇ ਫੁੱਲ ਭੇਟਾ।

ਪ੍ਰ **7. ਪ੍ਰਮਾਤਮਾ ਦੀ ਸਰਵ-ਵਿਆਪਕ ਜੋਤ ਦਾ ਗਿਆਨ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ?**

ਉ - ਗੁਰੂ ਦੀ ਸਿੱਖਿਆ ਨਾਲ।

**ਪ੍ਰ 8. 'ਗਗਨ ਮੈਂ ਥਾਲੁ' ਬਾਣੀ ਵਿੱਚ ਭਵਖੰਡਨਾ ਦੀ ਆਰਤੀ ਕੌਣ ਉਤਾਰ ਰਿਹਾ ਹੈ?**

ਉ - ਸਾਰੀ ਕੁਦਰਤ।

**ਪ੍ਰ 9. 'ਗਗਨ ਮੈਂ ਥਾਲੁ' ਬਾਣੀ ਵਿੱਚ ਪ੍ਰਭੂ ਦਾ ਸਰੂਪ ਕਿਸ ਤਰ੍ਹਾਂ ਦਾ ਹੈ?**

ਉ - ਸਰਗੁਣ ਤੇ ਨਿਰਗੁਣ।

**ਪ੍ਰ 10. ਗੁਰਮਤਿ ਕਾਵਿ-ਧਾਰਾ ਦੇ ਮੋਢੀ ਕਵੀ ਕੌਣ ਹਨ?**

ਉ - ਗੁਰੂ ਨਾਨਕ ਦੇਵ ਜੀ।

## 2. ਗੁਰੂ ਅਮਰਦਾਸ ਜੀ -

## 1. ਅਨੰਦ ਭਇਆ ਮੇਰੀ ਮਾਏ

## ••• ਕੇਂਦਰੀ ਭਾਵ •••

ਪਰਮਾਤਮਾ ਦੀ ਮਿਹਰ ਨਾਲ ਜਦੋਂ ਮਨੁੱਖ ਨੂੰ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਸ ਦੇ ਉਪਦੇਸ਼ ਨਾਲ ਮਨੁੱਖ ਦੀ ਮਾਇਆ ਦੀ ਭਟਕਣਾ ਦੂਰ ਹੁੰਦੀ ਹੈ। ਉਸ ਦੀ ਦੁੱਖਾਂ-ਕਲੇਸ਼ਾਂ ਤੋਂ ਨਵਿਰਤੀ ਹੁੰਦੀ ਹੈ ਤੇ ਪ੍ਰਭੂ ਦੀ ਸਿਫ਼ਤ-ਸਾਲਾਹ ਵਿੱਚ ਜੁੜਿਆ ਮਨ ਅਡੋਲ ਅਨੰਦ ਦੀ ਪ੍ਰਾਪਤ ਅਵਸਥਾ ਵਿੱਚ ਟਿਕ ਜਾਂਦਾ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. ਅਨੰਦ ਕਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ?**

ਉ - ਸਤਿਗੁਰੂ ਦੀ ਪ੍ਰਾਪਤੀ ਨਾਲ।

**ਪ੍ਰ 2. ਸਤਿਗੁਰੂ ਦੀ ਪ੍ਰਾਪਤੀ ਨਾਲ ਕੀ ਪ੍ਰਾਪਤ ਹੁੰਦਾ ਹੈ?**

ਉ - ਅਨੰਦਪੂਰਨ ਅਡੋਲ ਅਵਸਥਾ।

**ਪ੍ਰ 3. ਗੁਰੂ ਜੀ ਕਿਸ ਦਾ ਸ਼ਬਦ ਗਾਉਣ ਲਈ ਕਹਿੰਦੇ ਹਨ?**

ਉ - ਪ੍ਰਭੂ ਦੀ ਸਿਫ਼ਤ-ਸਲਾਹ ਦਾ।

**ਪ੍ਰ 4. ਅਨੰਦ ਦਾ ਕੀ ਅਰਥ ਹੈ?**

ਉ - ਪੂਰਨ ਖੜਾਓ।

**ਪ੍ਰ 5. ਪਰਮਾਤਮਾ ਨਾਲ ਸਦਾ ਚਿੱਤ ਲਾਈ ਰੱਖਣ ਦਾ ਕੀ ਲਾਭ ਹੈ?**

ਉ - ਦੁੱਖ ਦੂਰ ਹੁੰਦੇ ਹਨ।

**ਪ੍ਰ 6. ਅਨੰਦ ਦੀ ਪ੍ਰਾਪਤੀ ਕਿਸ ਰਾਹੀਂ ਹੁੰਦੀ ਹੈ?**

ਉ - ਸਤਿਗੁਰੂ ਰਾਹੀਂ।

**ਪ੍ਰ 7. ਗੁਰੂ ਜੀ ਮਨ ਨੂੰ ਕਿਸ ਨਾਲ ਜੁੜਿਆ ਰਹਿਣ ਲਈ ਕਹਿੰਦੇ ਹਨ?**

ਉ - ਪਰਮਾਤਮਾ ਨਾਲ।

**ਪ੍ਰ 8. ਗੁਰੂ ਜੀ ਅਨੁਸਾਰ ਮਨੁੱਖ ਦੇ ਸਾਰੇ ਕੰਮਾਂ ਵਿੱਚ ਅੰਗੀਕਾਰ ਕੌਣ ਬਣਦਾ ਹੈ?**

ਉ - ਪਰਮਾਤਮਾ।

**ਪ੍ਰ 9. 'ਅਨੰਦ ਭਇਆ ਮੇਰੀ ਮਾਏ' ਸ਼ਬਦ ਕਿਸ ਦੀ ਰਚਨਾ ਹੈ?**

ਉ - ਗੁਰੂ ਅਮਰਦਾਸ ਜੀ ਦੀ।

# 2. ਏ ਸਰੀਰਾ ਮੇਰਿਆ

## ••• ਕੇਂਦਰੀ ਭਾਵ •••

ਮੁੱਨਖੀ ਸਰੀਰ ਇਸ ਸੰਸਾਰ ਵਿੱਚ ਆ ਕੇ ਆਪਣੇ ਰਚਣਹਾਰ ਪਰਮਾਤਮਾ ਨੂੰ ਭੁੱਲ ਕੇ ਫ਼ਜ਼ੂਲ ਦੇ ਕੰਮ ਕਰਨ ਵਿੱਚ ਹੀ ਲੱਗਾ ਰਹਿੰਦਾ ਹੈ ,ਪਰ ਜਿਹਨਾਂ ਉੱਤੇ ਪੂਰਬਲੇ ਕਰਮਾਂ ਅਨੁਸਾਰ ਸਤਿਗੁਰੂ ਦੀ ਮਿਹਰ ਹੁੰਦੀ ਹੈ , ਉਨ੍ਹਾਂ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਸਰੀਰ ਸਫ਼ਲ ਹੋ ਜਾਂਦਾ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. 'ਏ ਸਰੀਰਾ ਮੇਰਿਆ' ਬਾਣੀ ਕਿਸ ਨੂੰ ਸੰਬੋਧਿਤ ਹੈ?**

ੳ - ਸਰੀਰ ਨੂੰ।

**ਪ੍ਰ 2. ਸਰੀਰ ਸੰਸਾਰ ਵਿੱਚ ਆ ਕੇ ਕੀ ਕਰਦਾ ਹੈ?**

ੳ - ਫ਼ਜ਼ੂਲ ਕੰਮ।

**ਪ੍ਰ 3. ਗੁਰੂ ਜੀ ਮਨੁੱਖੀ ਸਰੀਰ ਤੋਂ ਕਿਸ ਤਰ੍ਹਾਂ ਦੇ ਕੰਮ ਦੀ ਆਸ ਕਰਦੇ ਹਨ?**

ੳ - ਆਤਮਿਕ ਲਾਭ ਦੇਣ ਵਾਲੇ।

**ਪ੍ਰ 4. ਸਰੀਰ ਦਾ ਰਚਨ ਕਿਸ ਨੇ ਰਚਿਆ ਹੈ?**

ੳ - ਪਰਮਾਤਮਾ ਨੇ।

**ਪ੍ਰ 5. ਸਰੀਰ ਨੇ ਕਿਸ ਨੂੰ ਮਨ ਵਿੱਚ ਨਹੀਂ ਵਸਾਇਆ?**

ੳ - ਰਚਣਹਾਰ ਪਰਮਾਤਮਾ ਨੂੰ।

**ਪ੍ਰ 6 ਪਰਮਾਤਮਾ ਮਨ ਵਿੱਚ ਕਿਸ ਦੀ ਮਿਹਰ ਨਾਲ਼ ਨਿਵਾਸ ਕਰਦਾ ਹੈ?**

ੳ - ਗੁਰੂ ਦੀ।

**ਪ੍ਰ 7. ਪੂਰਬਲੇ ਕਰਮਾਂ ਕਰਕੇ ਕੌਣ ਮਨ ਵਿੱਚ ਆ ਵਸਦਾ ਹੈ?**

ੳ - ਪਰਮਾਤਮਾ।

**ਪ੍ਰ 8. ਕਿਸ ਨਾਲ਼ ਚਿੱਤ ਲਾਉਣ ਵਾਲ਼ਾ ਸਰੀਰ ਪਰਵਾਨ ਹੁੰਦਾ ਹੈ?**

ੳ - ਸਤਿਗੁਰੂ ਨਾਲ਼।

**ਪ੍ਰ 9. ਗੁਰੂ ਅਮਰਦਾਸ ਜੀ ਨੇ ਬਾਣੀ ਕਿੰਨ੍ਹੇ ਰਾਗਾਂ ਵਿੱਚ ਰਚੀ?**

ੳ - 17 ਰਾਗਾਂ ਵਿੱਚ।

**ਪ੍ਰ 10. ਗੁਰੂ ਅਮਰਦਾਸ ਜੀ ਦਾ ਜਨਮ ਕਦੋਂ ਹੋਇਆ?**

ੳ - 1479 ਈ: ਵਿੱਚ।

ਪ੍ਰ 11. **ਗੁਰੂ ਅਮਰਦਾਸ ਜੀ ਜੋਤੀ-ਜੋਤ ਕਦੋਂ ਸਮਾਏ?**

ੳ - 1574 ਈ: ਵਿੱਚ।

ਪ੍ਰ 12.**'ਏ ਸਰੀਰਾ ਮੇਰਿਆ'ਸ਼ਬਦ ਕਿਸ ਗੁਰੂ ਦੀ ਰਚਨਾ ਹੈ?**

ੳ - ਗੁਰੂ ਅਮਰਦਾਸ ਜੀ ਦੀ।

## 3. ਕਿਰਪਾ ਕਰਿ ਕੈ ਬਖਸਿ ਲੈਹੁ

### ••• ਕੇਂਦਰੀ ਭਾਵ •••

ਜੀਵ ਬਹੁਤ ਭੁੱਲਾਂ ਤੇ ਗੁਨਾਹ ਕਰਨ ਵਾਲ਼ਾ ਹੈ, ਜਿਨ੍ਹਾਂ ਨੂੰ ਪ੍ਰਭੂ ਕਿਰਪਾ ਕਰ ਕੇ ਹੀ ਉਸ ਨੂੰ ਬਖ਼ਸ਼ ਸਕਦਾ ਹੈ। ਪ੍ਰਭੂ ਨਾਲ਼ ਮੇਲ-ਮਿਲ਼ਾਪ ਉਹਨਾਂ ਦਾ ਹੁੰਦਾ ਹੈ , ਜਿਹੜੇ ਉਸ ਦਾ ਨਾਮ ਧਿਆ ਕੇ ਸਾਰੇ ਪਾਪ ਤੇ ਵਿਕਾਰ ਕੱਟਣ ਵਾਲ਼ੇ ਗੁਰੂ ਦੀ ਕਿਰਪਾ ਦੇ ਪਾਤਰ ਬਣਦੇ ਹਨ ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1.'ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਵਿੱਚ ਪ੍ਰਭੂ ਅੱਗੇ ਕਾਹਦੀ ਅਰਦਾਸ ਕੀਤੀ ਗਈ ਹੈ?**

ਉ - ਗੁਨਾਹ ਬਖ਼ਸ਼ਣ ਲਈ।

**ਪ੍ਰ 2. ਸਾਰੇ ਜੀਵ ਕਿਹੋ ਜਿਹੇ ਹਨ?**

ਉ - ਪਾਪੀ ਤੇ ਗੁਨਾਹਗਾਰ।

**ਪ੍ਰ 3. ਮਨੁੱਖ ਦੀ ਬਿਰਤੀ ਕਿਸ ਤਰ੍ਹਾਂ ਦੀ ਹੈ?**

ਉ - ਭੁੱਲਾਂ ਤੇ ਗੁਨਾਹ ਕਰਨ ਵਾਲ਼ੀ।

**ਪ੍ਰ 4. ਪ੍ਰਭੂ ਨਾਲ਼ ਕਿਵੇਂ ਮਿਲਿਆ ਜਾ ਸਕਦਾ ਹੈ?**

ਉ - ਉਸ ਦੀ ਬਖ਼ਸ਼ਿਸ਼ ਨਾਲ਼।

**ਪ੍ਰ 5. ਮਨੁੱਖ ਕਿਸ ਤਰ੍ਹਾਂ ਪ੍ਰਭੂ ਦੀ ਬਖ਼ਸ਼ਿਸ਼ ਨਹੀਂ ਪ੍ਰਾਪਤ ਕਰ ਸਕਦਾ?**

ਉ - ਆਪਣੇ ਕਰਮਾਂ ਦੇ ਲੇਖੇ ਨਾਲ਼।

**ਪ੍ਰ 6. ਗੁਰੂ ਪ੍ਰਸੰਨ ਹੋ ਕੇ ਕਿਸ ਦਾ ਨਾਸ਼ ਕਰਦਾ ਹੈ?**

ਉ - ਪਾਪਾਂ ਤੇ ਵਿਕਾਰਾਂ ਦਾ।

**ਪ੍ਰ 7. ਗੁਰੂ ਪ੍ਰਸੰਨ ਹੋ ਕੇ ਕਿਹੜੀ ਦਾਤ ਦਿੰਦਾ ਹੈ?**

ਉ - ਨਾਮ ਸਿਮਰਨ ਦੀ।

**ਪ੍ਰ 8. 'ਕਿਲਵਿਖ' ਤੋਂ ਕੀ ਭਾਵ ਹੈ?**

ਉ - ਪਾਪ।

**ਪ੍ਰ 9. ਸੰਸਾਰ ਵਿੱਚ ਕਿੰਨ੍ਹਾਂ ਦੀ ਜੈ-ਜੈ ਕਾਰ ਹੁੰਦੀ ਹੈ?**

ਉ - ਨਾਮ ਸਿਮਰਨ ਕਰਨ ਵਾਲ਼ਿਆਂ ਦੀ।

**ਪ੍ਰ 10. ਸਤਿਗੁਰੂ ਕੋਲੋਂ ਕੀ ਮੰਗਣਾ ਚਾਹੀਦਾ ਹੈ?**

ਉ - ਵਿਕਾਰਾਂ ਦਾ ਨਾਸ਼ ਅਤੇ ਪ੍ਰਭੂ ਨਾਲ਼ ਮਿਲਾਪ।

**ਪ੍ਰ 11. ਗੁਰੂ ਅਮਰਦਾਸ ਜੀ ਦੀ ਪ੍ਰਸਿੱਧ ਬਾਣੀ ਕਿਹੜੀ ਹੈ?**

ਉ - 'ਅਨੰਦ ਸਾਹਿਬ।

**ਪ੍ਰ 12. ਗੁਰੂ ਅਮਰਦਾਸ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?**

ਉ - ਤੀਜੇ ਗੁਰੂ।

## 3. ਗੁਰੂ ਅਰਜਨ ਦੇਵ ਜੀ -

## 1. ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

## ••• ਕੇਂਦਰੀ ਭਾਵ •••

ਪਰਮਾਤਮਾ ਹੀ ਸਭ ਜੀਵਾਂ ਦਾ ਅਸਲ ਮਾਤਾ-ਪਿਤਾ ਅਤੇ ਸਾਕ-ਸੰਬੰਧੀ ਹੈ। ਪਰਮਾਤਮਾ ਨੇ ਸਾਰੇ ਜੀਵਾਂ ਨੂੰ ਪੈਦਾ ਕਰਕੇ ਵੱਖ-ਵੱਖ ਕੰਮਾਂ-ਕਾਰਾਂ ਵਿੱਚ ਲਾਇਆ ਹੈ। ਉਸ ਦਾ ਨਾਮ ਧਿਆਉਣ ਨਾਲ਼ ਮਹਾਂ-ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਵਿਕਾਰਾਂ ਦਾ ਔਖਾ ਘੋਲ਼ ਜਿੱਤਿਆ ਜਾ ਸਕਦਾ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸਲੋਕ ਕਿਸ ਗੁਰੂ ਦੀ ਰਚਨਾ ਹੈ?**

ਉ - ਗੁਰੂ ਅਰਜਨ ਦੇਵ ਜੀ ਦੀ।

**ਪ੍ਰ 2. ਗੁਰੂ ਜੀ ਅਨੁਸਾਰ ਮਾਤਾ-ਪਿਤਾ, ਬੰਧਪੁ, ਭ੍ਰਾਤਾ, ਸਭਨੀ ਥਾਂਈ ਰਾਖਾ ਕੌਣ ਹੈ?**

ਉ - ਪਰਮਾਤਮਾ।

**ਪ੍ਰ 3. ਗੁਰੂ ਜੀ ਅਨੁਸਾਰ ਜੀਵ-ਜੰਤੂ ਕਿਸ ਨੇ ਪੈਦਾ ਕੀਤੇ ਹਨ?**

ਉ - ਪਰਮਾਤਮਾ ਨੇ।

**ਪ੍ਰ 4. ਕਿਸ ਦਾ ਨਾਮ ਧਿਆਉਣ ਨਾਲ਼ ਮਹਾਂ-ਸੁਖ ਪ੍ਰਾਪਤ ਹੁੰਦਾ ਹੈ?**

ਉ - ਪਰਮਾਤਮਾ ਦਾ।

**ਪ੍ਰ 5. ਵਿਕਾਰਾਂ ਦਾ ਔਖਾ ਘੋਲ਼ ਕਿਸ ਤਰ੍ਹਾਂ ਜਿੱਤਿਆ ਜਾ ਸਕਦਾ ਹੈ?**

ਉ - ਗੁਰੂ ਦੀ ਕਿਰਪਾ ਨਾਲ਼।

**ਪ੍ਰ 6. 'ਸੁਖਮਨੀ ਸਾਹਿਬ' ਕਿਸ ਗੁਰੂ ਦੀ ਬਾਣੀ ਹੈ?**

ਉ - ਗੁਰੂ ਅਰਜਨ ਦੇਵ ਜੀ ਦੀ।

**ਪ੍ਰ 7. 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਸੰਪਾਦਨਾ ਕਿਸ ਗੁਰੂ ਨੇ ਕਰਵਾਈ?**

ਉ - ਗੁਰੂ ਅਰਜਨ ਦੇਵ ਜੀ ਦੀ।

**ਪ੍ਰ 8. ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ?**

ਉ - 1563 ਈ: ਨੂੰ।

# 2. ਮਿਠ ਬੋਲੜਾ ਜੀ ਹਰਿ ਸਜਣੁ

## ••• ਕੇਂਦਰੀ ਭਾਵ •••

ਉਸ ਮਾਲਕ-ਪਰਮਾਤਮਾ ਦਾ ਸੁਭਾਅ ਬਹੁਤ ਮਿੱਠਾ ਹੈ। ਉਹ ਹਰ ਜੀਵ ਵਿੱਚ ਵਸਦਾ ਹੈ ਅਤੇ ਸਾਰਿਆਂ ਨੂੰ ਆਤਮਿਕ ਸਾਂਤੀ ਭਰਪੂਰ ਜੀਵਨ ਦੇਣ ਵਾਲ਼ਾ ਹੈ।ਉਸ ਦੇ ਦਰਸ਼ਨ ਕਰਨ ਨਾਲ਼ ਜੀਵਾਂ ਨੂੰ ਸਾਂਤੀ ਮਿਲ਼ਦੀ ਹੈ। ਉਹ ਕਣ-ਕਣ ਵਿੱਚ ਵਸਦਾ ਹੈ ਅਤੇ ਉਸ ਦਾ ਧਿਆਨ ਧਰ ਕੇ ਮਨੁੱਖ ਸੰਸਾਰ-ਸਮੁੰਦਰ ਨੂੰ ਪਾਰ ਕਰ ਸਕਦਾ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. 'ਮਿਠ ਬੋਲੜਾ ਜੀ ਹਰਿ ਸਜਣੁ' ਸ਼ਬਦ ਕਿਸ ਗੁਰੂ ਦੀ ਰਚਨਾ ਹੈ?**

ਉ - ਗੁਰੂ ਅਰਜਨ ਦੇਵ ਜੀ ਦੀ।

**ਪ੍ਰ 2.'ਮਿਠ ਬੋਲੜਾ ਜੀ ਹਰਿ ਸਜਣੁ' ਸ਼ਬਦ ਵਿੱਚ ਗੁਰੂ ਜੀ ਦੇ ਭਾਵ ਕਿਹੋ ਜਿਹੇ ਹਨ?**

ਉ - ਵਿਸਮਾਦ ਤੇ ਨਿਰਮਾਣਤਾ ਭਰੇ।

**ਪ੍ਰ 3. ਗੁਰੂ ਜੀ ਕਿਸ ਦੀ ਸ਼ਰਨ ਪੈਣ ਦੀ ਗੱਲ ਕਰਦੇ ਹਨ?**

ਉ - ਮਾਲਕ-ਪ੍ਰਭੂ ਦੀ।

**ਪ੍ਰ 4. ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?**

ਉ - ਪੰਜਵੇਂ ਗੁਰੂ।

**ਪ੍ਰ 5. ਗੁਰੂ ਅਰਜਨ ਦੇਵ ਜੀ ਕਿਸ ਕਾਵਿ-ਧਾਰਾ ਦੇ ਕਵੀ ਹਨ?**

ਉ - ਗੁਰਮਤਿ ਕਾਵਿ-ਧਾਰਾ ਦੇ।

**ਪ੍ਰ 6. ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਗੁਰੂ ਨੇ ਕਰਵਾਈ?**

ਉ - ਸ੍ਰੀ ਗੁਰੂ ਅਰਜਨ ਦੇਵ ਜੀ ਨੇ।

## 3. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ

### ••• ਕੇਂਦਰੀ ਭਾਵ •••

ਇੱਕ ਗੁਰਸਿੱਖ ਮਨੁੱਖ ਗੁਰੂ ਦੇ ਵਿਛੋੜੇ ਵਿੱਚ ਬੇਕਰਾਰ ਹੁੰਦਾ ਹੈ ਅਤੇ ਉਸ ਦਾ ਮਿਲ਼ਾਪ ਪ੍ਰਾਪਤ ਕਰਨ ਲਈ ਤੜਫਦਾ ਹੈ। ਪ੍ਰਭੂ ਦੀ ਕਿਰਪਾ ਨਾਲ਼ ਉਸ ਨੂੰ ਗੁਰੂ ਦਾ ਮਿਲ਼ਾਪ ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੀ ਸਿੱਖਿਆ ਉੱਤੇ ਚੱਲ ਕੇ ਉਸ ਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੁੰਦਾ ਹੈ, ਜੋ ਕਿ ਬਹੁਤ ਅਨੰਦਮਈ ਹੁੰਦਾ ਹੈ।

### ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ' ਸ਼ਬਦ ਕਿਸ ਗੁਰੂ ਦੀ ਰਚਨਾ ਹੈ?**

ਉ - ਗੁਰੂ ਅਰਜਨ ਦੇਵ ਜੀ ਦੀ।

**ਪ੍ਰ 2. ਗੁਰੂ ਜੀ ਦਾ ਮਨ ਗੁਰੂ-ਪਿਤਾ ਦੇ ਮਿਲਾਪ ਲਈ ਕਿਸ ਤਰ੍ਹਾਂ ਵਿਲਕ ਰਿਹਾ ਹੈ?**

ਉ - ਪਪੀਹੇ ਵਾਂਗ।

**ਪ੍ਰ 3. ਗੁਰੂ ਜੀ ਨੇ 'ਮੇਰੇ ਸਜਣੁ ਮੀਤ ਮੁਰਾਰੇ ਜੀਓ' ਕਿਸ ਨੂੰ ਕਿਹਾ ਹੈ?**

ਉ - ਗੁਰੂ-ਪਿਤਾ ਨੂੰ।

**ਪ੍ਰ 4. ਗੁਰੂ- ਸੰਤਾਂ ਨਾਲ਼ ਕਿਸ ਨੇ ਮਿਲਾਇਆ ਹੈ?**

ਉ - ਪਰਮਾਤਮਾ ਨੇ।

**ਪ੍ਰ 5. ਗੁਰੂ ਮਿਲ਼ਾਪ ਪ੍ਰਾਪਤ ਕਰ ਕੇ ਗੁਰੂ ਜੀ ਕੀ ਕਰਨਾ ਚਾਹੁੰਦੇ ਹਨ?**

ਉ - ਗੁਰੂ ਦੀ ਸੇਵਾ।

**ਪ੍ਰ 6. 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ' ਸ਼ਬਦ ਦੇ ਪਹਿਲੇ ਤਿੰਨ ਬੰਦਾਂ ਦੇ ਭਾਵ ਕਿਹੋ ਜਿਹੇ ਹਨ?**

ਉ - ਵਿਆਕੁਲਤਾ ਭਰੇ।

**ਪ੍ਰ 7. ਗੁਰੂ ਜੀ ਲਈ ਪਰਮਾਤਮਾ ਦੇ ਵਿਛੋੜੇ ਵਿੱਚ ਸਮਾਂ ਬਿਤਾਉਣਾ ਕਿਵੇਂ ਲੱਗਦਾ ਹੈ?**

ਉ - ਕਲਯੁਗ ਵਾਂਗ।

## 4. ਭਾਈ ਗੁਰਦਾਸ -

## 1. ਸਤਿਗੁਰ ਨਾਨਕ ਪ੍ਰਗਟਿਆ

### ••• ਕੇਂਦਰੀ ਭਾਵ •••

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ਼ ਸੰਸਾਰ ਵਿੱਚ ਪਸਰਿਆ ਅਗਿਆਨਤਾ ਦਾ ਹਨੇਰਾ ਅਤੇ ਪਾਪਾਂ ਦਾ ਨਾਸ ਹੋ ਗਿਆ। ਗੁਰੂ ਜੀ ਨੇ ਥਾਂ-ਥਾਂ ਜਾ ਕੇ ਸੱਚ ਤੇ ਧਰਮ ਦਾ ਪ੍ਰਚਾਰ ਕੀਤਾ। ਇਸ ਪ੍ਰਕਾਰ ਗੁਰੂ ਜੀ ਨੇ ਚਾਰੇ ਦਿਸ਼ਾਵਾਂ ਅਤੇ ਨੌ ਖੰਡ ਪ੍ਰਿਥਵੀ ਨੂੰ ਤਾਰ ਦਿੱਤਾ।

### ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿੱਚ ਜਨਮ ਲੈਣ ਨਾਲ਼ ਕੀ ਮਿਟ ਗਿਆ?**

ਉ - ਅਗਿਆਨਤਾ ਦਾ ਹਨੇਰਾ।

**ਪ੍ਰ 2. ਸ਼ੇਰ ਦੇ ਬੁੱਕਣ ਨਾਲ਼ ਕਿਸ ਦਾ ਧੀਰਜ ਟੁੱਟ ਜਾਂਦਾ ਹੈ?**

ਉ - ਹਿਰਨਾਂ ਦਾ।

**ਪ੍ਰ 3. ਜਿਸ ਥਾਂ ਗੁਰੂ ਨਾਨਕ ਦੇਵ ਜੀ ਨੇ ਪੈਰ ਧਰਿਆ,ਉਹ ਥਾਂਵਾਂ ਕੀ ਬਣ ਗਈਆਂ?**

ਉ - ਪੂਜਣਯੋਗ।

**ਪ੍ਰ 4. ਚਾਰੇ ਦਿਸ਼ਾਵਾਂ ਤੇ ਨੌ ਖੰਡਾਂ ਨੂੰ ਕਿਸ ਨੇ ਤਾਰਿਆ?**

ਉ - ਗੁਰੂ ਨਾਨਕ ਦੇਵ ਜੀ ਨੇ।

**ਪ੍ਰ 5. ਗੁਰੂ ਜੀ ਦੇ ਪ੍ਰਭਾਵ ਨਾਲ਼ ਸਿੱਧਾਂ ਦੇ ਆਸਣ ਕਿਹੋ ਜਿਹੇ ਬਣ ਗਏ?**

ਉ - ਗੁਰੂ ਨਾਨਕ ਦੇ ਆਸਣ।

**ਪ੍ਰ 6. ਥਾਂ-ਥਾਂ , ਘਰ-ਘਰ ਵਿੱਚ ਕੀ ਹੋਣ ਲੱਗਾ?**

ਉ - ਕੀਰਤਨ।

**ਪ੍ਰ 7. ਗੁਰੂ ਨਾਨਕ ਦੇਵ ਜੀ ਕਿਸ ਯੁਗ ਵਿੱਚ ਪ੍ਰਗਟ ਹੋਏ?**

ਉ - ਕਲਯੁੱਗ ਵਿੱਚ।

**ਪ੍ਰ 8. ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ਼ ਕਾਹਦਾ ਪ੍ਰਕਾਸ਼ ਹੋ ਗਿਆ?**

ਉ - ਗਿਆਨ ਦਾ।

## 2. ਦੇਖਿ ਪਰਾਈਆ ਚੰਗੀਆ

### ••• ਕੇਂਦਰੀ ਭਾਵ •••

ਉੱਚੇ ਨੈਤਿਕ ਗੁਣਾਂ ਦਾ ਮਾਲਕ ਗੁਰਸਿੱਖ ਜੋ ਗੁਣ ਉਸ ਨੂੰ ਸਾਧ-ਸੰਗਤ ਤੋਂ ਪ੍ਰਾਪਤ ਹੁੰਦੇ ਹਨ, ਜਿਹਨਾਂ ਨੈਤਿਕ ਗੁਣਾਂ ਕਾਰਨ ਉਹ ਪਰਾਈਆਂ ਇਸਤਰੀਆਂ ਨੂੰ ਮਾਵਾਂ, ਧੀਆਂ ਅਤੇ ਭੈਣਾਂ ਸਮਝਦਾ ਹੈ ਅਤੇ ਪਰਾਏ ਹੱਕ, ਪਰਿਵਾਰਿਕ ਮੋਹ, ਹੰਕਾਰ ਤੇ ਉਸਤਤ ਨਿੰਦਿਆ ਤੋਂ ਬਚਦਾ ਹੈ। ਉਹ ਸੁੱਖ-ਫਲ ਨੂੰ ਪ੍ਰਾਪਤ ਕਰਦਾ ਹੈ ਤੇ ਰਾਜ-ਜੋਗ ਦਾ ਆਨੰਦ ਮਾਣਦਾ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. ਗੁਰਸਿੱਖ ਨੂੰ ਪਰਾਈਆਂ ਇਸਤਰੀਆਂ ਨੂੰ ਕੀ ਸਮਝਣਾ ਚਾਹੀਦਾ ਹੈ?**

ਉ - ਮਾਂਵਾਂ, ਧੀਆਂ ਅਤੇ ਭੈਣਾਂ।

**ਪ੍ਰ 2. ਹਿੰਦੂ ਲਈ ਪਰਾਇਆ ਧਨ ਖਾਣਾ ਕਿਸ ਦੇ ਬਰਾਬਰ ਹੈ?**

ਉ - ਗਊ ਦਾ ਮਾਸ ਖਾਣ ਦੇ ਬਰਾਬਰ।

**ਪ੍ਰ 3. ਮੁਸਲਮਾਨ ਲਈ ਪਰਾਇਆ ਧਨ ਖਾਣਾ ਕਿਸ ਦੇ ਬਰਾਬਰ ਹੈ?**

ਉ - ਸੂਰ ਦਾ ਮਾਸ ਖਾਣ ਦੇ ਬਰਾਬਰ।

**ਪ੍ਰ 4. ਕੌਣ ਸੁਖ ਫਲ ਪ੍ਰਾਪਤ ਕਰਦਾ ਹੈ ਤੇ ਰਾਜ-ਯੋਗ ਦਾ ਰਸ ਮਾਣਦਾ ਹੈ?**

ਉ - ਗੁਰਮੁਖ।

**ਪ੍ਰ 5. ਗੁਰਮੁਖ ਕਿਸ ਤੋਂ ਕੁਰਬਾਨ ਜਾਂਦਾ ਹੈ?**

ਉ - ਸਾਧ-ਸੰਗਤ ਤੋਂ।

**ਪ੍ਰ 6 ਭਾਈ ਗੁਰਦਾਸ ਜੀ ਦਾ ਜਨਮ ਕਦੋਂ ਹੋਇਆ?**

ਉ - 1559 ਈ: ਨੂੰ।

**ਪ੍ਰ 7. ਭਾਈ ਗੁਰਦਾਸ ਜੀ ਨੇ ਪੰਜਾਬੀ ਵਿੱਚ ਕਿੰਨੀਆਂ ਵਾਰਾਂ ਲਿਖੀਆਂ?**

ਉ - ਚਾਲੀ।

**ਪ੍ਰ 8. ਭਾਈ ਗੁਰਦਾਸ ਜੀ ਕਿਸ ਕਾਵਿ-ਧਾਰਾ ਦੇ ਕਵੀ ਹਨ?**

ਉ - ਗੁਰਮਤਿ ਕਾਵਿ-ਧਾਰਾ ਦੇ।

**ਪ੍ਰ 9. ਗੁਰਬਾਣੀ ਦੀ ਕੁੰਜੀ ਕਿਸ ਦੀਆਂ ਵਾਰਾਂ ਨੂੰ ਕਿਹਾ ਜਾਂਦਾ ਹੈ?**

ਉ - ਭਾਈ ਗੁਰਦਾਸ ਜੀ ਦੀਆਂ।

**ਪ੍ਰ 10. ਭਾਈ ਗੁਰਦਾਸ ਜੀ ਦੀਆਂ ਪਾਠਕ੍ਰਮ ਵਿੱਚ ਦਰਜ਼ ਰਚਨਾਵਾਂ ਦੇ ਨਾਂ ਲਿਖੋ।**

ਉ - 1. ਸਤਿਗੁਰ ਨਾਨਕ ਪ੍ਰਗਟਿਆ
2. ਦੇਖਿ ਪਰਾਈਆ ਚੰਗੀਆ
3. ਆਪਿ ਭਲਾ ਸਭੁ ਜਗੁ ਭਲਾ
4. ਅਕਿਰਤਘਣ

# 3. ਆਪਿ ਭਲਾ ਸਭੁ ਜਗੁ ਭਲਾ

## ••• ਕੇਂਦਰੀ ਭਾਵ •••

ਭਲੇ ਮਨੁੱਖ ਨੂੰ ਯੁਧਿਸ਼ਟਰ ਵਾਂਗ ਸਾਰਾ ਸੰਸਾਰ ਹੀ ਭਲਾ, ਪਰ ਬੁਰੇ ਮਨੁੱਖ ਨੂੰ ਦੁਰਯੋਧਨ ਵਾਂਗ ਸਾਰਾ ਸੰਸਾਰ ਹੀ ਬੁਰਾ ਦਿਸਦਾ ਹੈ। ਹਰ ਇੱਕ ਮਨੁੱਖੀ ਜੀਵ ਨੂੰ ਆਪਣੀ ਭਾਵਨਾ ਦਾ ਹੀ ਫਲ ਪ੍ਰਾਪਤ ਹੁੰਦਾ ਹੈ, ਜਿਸ ਕਰਕੇ ਪਾਂਡਵ ਕ੍ਰਿਸ਼ਨ ਜੀ ਦੇ ਪਿਆਰ ਅਤੇ ਕੌਰਵ ਉਨ੍ਹਾਂ ਦੇ ਤ੍ਰਿਸਕਾਰ ਦੇ ਪਾਤਰ ਬਣੇ ਸਨ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. ਜਿਹੜਾ ਆਪ ਭਲਾ ਹੁੰਦਾ ਹੈ, ਉਸ ਨੂੰ ਸਾਰਾ ਸੰਸਾਰ ਕਿਹੋ ਜਿਹਾ ਲੱਗਦਾ ਹੈ?**

ਉ - ਭਲਾ।

**ਪ੍ਰ 2. ਸਾਰਾ ਸੰਸਾਰ ਕਿਸ ਨੂੰ ਬੁਰਾ ਦਿਸਦਾ ਹੈ?**

ਉ - ਬੁਰੇ ਨੂੰ।

**ਪ੍ਰ 3. ਕ੍ਰਿਸ਼ਨ ਨੇ ਪਾਂਡਵਾਂ ਦੀ ਮਦਦ ਉਨ੍ਹਾਂ ਦੇ ਕਿਸ ਗੁਣ ਕਰਕੇ ਕੀਤੀ?**

ਉ - ਭਗਤੀ ਭਾਵ ਕਰਕੇ।

**ਪ੍ਰ 4. ਕੌਰਵਾਂ ਦੇ ਦਿਲ ਵਿੱਚ ਕੀ ਸੀ?**

ਉ - ਵੈਰ ਭਾਵ।

**ਪ੍ਰ 5. ਲੋਟੇ ਦੀ ਟੂਟੀ ਵਿੱਚੋਂ ਕੀ ਬਾਹਰ ਨਿਕਲਦਾ ਹੈ?**

ਉ - ਜੋ ਲੋਟੇ ਦੇ ਅੰਦਰ ਹੁੰਦਾ ਹੈ।

# 4. ਅਕਿਰਤਘਣ

## ••• ਕੇਂਦਰੀ ਭਾਵ •••

ਧਰਤੀ ਨੂੰ ਉੱਚੇ-ਉੱਚੇ ਪਹਾੜ, ਸਮੁੰਦਰ, ਨਦੀਆਂ, ਦਰਿਆ, ਕੋਟ-ਗੜ੍ਹ, ਘਰ-ਬਾਰ, ਫਲਾਂ ਨਾਲ਼ ਭਰੇ ਹੋਏ ਰੁੱਖ ਅਤੇ ਅਣਗਿਣਤ ਜੀਵ-ਜੰਤੂ ਭਾਰੇ ਨਹੀਂ ਲੱਗਦੇ, ਉਸ ਨੂੰ ਤਾਂ ਕੇਵਲ ਕਿਸੇ ਦੁਆਰਾ ਕੀਤੀ ਨੇਕੀ ਨੂੰ ਭੁੱਲ ਜਾਣ ਵਾਲ਼ੇ ਅਕ੍ਰਿਤਘਣ ਮਨੁੱਖ ਹੀ ਭਾਰੇ ਲੱਗਦੇ ਹਨ, ਜੋ ਕਿ ਮੰਦਿਆਂ ਤੋਂ ਵੀ ਮੰਦੇ ਹੁੰਦੇ ਹਨ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰ 1. 'ਅਕਿਰਤਘਣ' ਕਵਿਤਾ ਵਿੱਚ ਕਿਸ ਨੂੰ ਮੰਦਾ ਕਿਹਾ ਗਿਆ ਹੈ?**

ਉ - ਅਕ੍ਰਿਤਘਣਾਂ ਨੂੰ।

**ਪ੍ਰ 2. ਧਰਤੀ ਨੂੰ ਕਿਸ ਦਾ ਭਾਰ ਲੱਗਦਾ ਹੈ?**

ਉ - ਅਕ੍ਰਿਤਘਣਾਂ ਦਾ।

**ਪ੍ਰ 3. ਅਕਿਰਤਘਣ ਕੌਣ ਹੁੰਦੇ ਹਨ?**

ਉ - ਜੋ ਕਿਸੇ ਦੀ ਕੀਤੀ ਨੇਕੀ ਨਾ ਜਾਣੇ।

**ਪ੍ਰ 4. ਧਰਤੀ ਨੂੰ ਕਿਸ ਦਾ ਭਾਰ ਨਹੀਂ ਲੱਗਦਾ ਹੈ?**

ਉ - ਅਕ੍ਰਿਤਘਣਾਂ ਤੋਂ ਬਿਨਾਂ ਹੋਰ ਕਿਸੇ ਵੀ ਭਾਰੀ ਤੋਂ ਭਾਰੀ ਚੀਜ਼ ਦਾ ਨਹੀਂ।

**ਪ੍ਰ 5. ਮੰਦਿਆਂ ਤੋਂ ਵੀ ਮੰਦੇ ਕੌਣ ਹੁੰਦੇ ਹਨ?**

ਉ - ਅਕ੍ਰਿਤਘਣ।

## ਵਾਰਤਕ-ਭਾਗ

# 1. ਰਬਾਬ ਮੰਗਾਉਨ ਦਾ ਵਿਰਤਾਂਤ

## ਲੇਖਕ ਗਿ: ਦਿੱਤ ਸਿੰਘ

### ••• ਸਾਰ •••

ਗੁਰੂ ਨਾਨਕ ਦੇਵ ਜੀ ਵੇਦੀ ਖੱਤਰੀ ਜਾਤ ਨਾਲ ਸੰਬੰਧਤ ਅਤੇ ਭਲਿਆਂ ਦੇ ਪੁੱਤ-ਪੋਤੇ, ਖਾਣਾ-ਪੀਣਾ ਅਤੇ ਪਹਿਨਣਾ ਭੁੱਲ ਕੇ ਜੰਗਲ ਵਿੱਚ ਬੈਠ ਕੇ ਨਾਲ ਮਰਦਾਨੇ 'ਡੂੰਮ' ਨੂੰ ਸਾਥੀ ਬਣਾ ਲਿਆ ਅਤੇ ਹਿੰਦੂ ਮੁਸਲਮਾਨਾਂ ਤੋਂ ਵੱਖਰੀ ਚਾਲ ਚੱਲ ਕੇ ਕਰਤਾਰ ਦੇ ਗੁਣ-ਗਾਉਂਦਿਆਂ ਦੇਖ ਕੇ ਲੋਕ 'ਕੁਰਾਹੀਆ' ਕਹਿਣ ਲੱਗ ਪਏ। ਦੂਜੇ ਪਾਸੇ ਅਕਾਲ-ਪੁਰਖ ਦੀ ਮਹਿਮਾਂ ਵਿੱਚ ਨਿੱਤ ਨਵਾਂ ਸ਼ਬਦ ਗਾਉਣ ਵਾਲ਼ੇ ਗੁਰੂ ਜੀ ਨੇ ਮਰਦਾਨੇ ਨੂੰ ਬੀਬੀ ਨਾਨਕੀ ਤੋਂ ਪੈਸੇ ਲੈ ਕੇ ਵਧੀਆ ਸਾਜ਼ ਲਿਆਉਣ ਲਈ ਕਿਹਾ। ਮਰਦਾਨੇ ਦੇ ਪੁੱਛਣ ਤੇ ਉਹਨਾਂ ਰਬਾਬ ਨੂੰ ਸਭ ਤੋਂ ਵਧੀਆ ਸਾਜ਼ ਕਿਹਾ। ਮਰਦਾਨਾ ਬੀਬੀ ਜੀ ਕੋਲ ਗਿਆ ਤੇ ਉਹਨਾਂ ਪਾਸੋਂ ਪੈਸਿਆਂ ਦਾ ਭਰੋਸਾ ਲੈ ਕੇ ਗਲ਼ੀਆਂ ਵਿੱਚ ਤੁਰ ਫਿਰ ਕੇ ਰਬਾਬ ਲੱਭਣ ਲੱਗ ਪਿਆ, ਪਰ ਕੁਝ ਲੋਕ ਉਸ ਨੂੰ 'ਕੁਰਾਹੀਏ ਦਾ ਡੂੰਮ' ਕਹਿ ਕੇ ਮਖੌਲ ਉਡਾਉਣ ਲੱਗੇ। ਕੁਝ ਨੇ ਉਸ ਉੱਪਰ ਮਿੱਟੀ ਸੁੱਟੀ ਅਤੇ ਬੁਰਾ ਸਲੂਕ ਕੀਤਾ, ਤੰਗ ਆ ਕੇ ਮਰਦਾਨੇ ਨੇ ਵਾਪਸ ਗੁਰੂ ਜੀ ਕੋਲ ਜਾ ਕੇ ਸਾਰੀ ਗੱਲ ਦੱਸੀ। ਗੁਰੂ ਜੀ ਨੇ ਉਸ ਨੂੰ ਲੋਕਾਂ ਵੱਲੋਂ ਬੇਪ੍ਰਵਾਹ ਰਹਿਣ ਲਈ ਕਿਹਾ। ਕੁਝ ਦਿਨਾਂ ਮਗਰੋਂ ਗੁਰੂ ਜੀ ਦੇ ਹੁਕਮ ਅਨੁਸਾਰ ਮਰਦਾਨਾ ਬੀਬੀ ਨਾਨਕੀ ਜੀ ਪਾਸੋਂ ਸੱਤ ਰੁਪਏ ਲੈ ਕੇ ਦੁਆਬੇ ਦੇ ਇੱਕ ਜੱਟਾਂ ਦੇ ਪਿੰਡ ਵਿੱਚ ਰਹਿੰਦੇ ਫਰਹਿੰਦੇ ਨਾਮ ਦੇ ਰਬਾਬੀ ਕੋਲ ਰਬਾਬ ਲੈਣ ਚਲਾ ਗਿਆ। ਜਦੋਂ ਤਿੰਨ ਦਿਨ ਖ਼ੁਆਰ ਹੋਣ ਮਗਰੋਂ ਵਾਪਸ ਮੁੜਨ ਲੱਗਾ ਤਾਂ, ਉਸ ਦਾ ਫਰਹਿੰਦੇ ਨਾਲ਼ ਮੇਲ ਹੋਇਆ। ਮਰਦਾਨੇ ਤੋਂ ਗੁਰੂ ਜੀ ਦੇ ਮੁੱਖੋਂ ਗਾਈ ਜਾਣ ਵਾਲ਼ੀ ਅਗੰਮੀ ਬਾਣੀ ਬਾਰੇ ਸੁਣ ਕੇ ਫਰਹਿੰਦੇ ਨੇ ਰਬਾਬ ਮਰਦਾਨੇ ਨੂੰ ਦਿੰਦਿਆਂ ਕੀਮਤ ਦੇ ਸੱਤ ਰੁਪਏ ਵੀ ਨਾ ਲਏ ਤੇ ਰਬਾਬ ਨਾਲ਼ ਗੁਰੂ ਜੀ ਦਾ ਕੋਈ ਪੁਰਾਣਾ ਸੰਬੰਧ ਦੱਸਿਆ। ਦਰਸ਼ਨਾਂ ਦੀ ਇੱਛਾ ਪੈਦਾ ਹੋਣ ਕਾਰਨ ਉਹ ਵੀ ਮਰਦਾਨੇ ਨਾਲ਼ ਗੁਰੂ ਜੀ ਕੋਲ ਪੁੱਜਾ। ਕਰਤਾਰ ਬਾਰੇ ਗੱਲਾਂ ਕਰਨ ਮਗਰੋਂ ਫਰਹਿੰਦਾ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ। ਕੁਝ ਦਿਨਾਂ ਮਗਰੋਂ ਉਸ ਦੇ ਚਲੇ ਜਾਣ ਤੇ

ਮਰਦਾਨਾ ਰਬਾਬ ਸੁਰ ਕਰਨ ਲੱਗਾ, ਪਰ ਉਹ ਬੇਸੁਰੀ ਹੁੰਦੀ ਜਾਵੇ। ਜਦੋਂ ਗੁਰੂ ਜੀ ਦੁਆਰਾ ਉਸ ਨੂੰ ਰਬਾਬ ਵਜਾਉਣ ਲਈ ਕਿਹਾ, ਤਾਂ ਉਸ ਨੇ ਕਿਹਾ ਕਿ ਉਹ ਠੀਕ ਕਰ ਲਵੇ ਤਾਂ ਜੋ ਚੰਗਾ ਠਾਟ ਬਣ ਜਾਵੇ। ਗੁਰੂ ਜੀ ਨੇ ਕਿਹਾ ਕਿ ਉਸ ਦਾ ਕੰਮ ਰਬਾਬ ਵਜਾਉਣਾ ਹੈ, ਠਾਟ ਕਰਨ ਵਾਲਾ ਕਰਤਾਰ ਹੈ। ਇਹ ਸੁਣ ਕੇ ਜਦੋਂ ਮਰਦਾਨੇ ਨੇ ਰਬਾਬ ਵਜਾਈ ਤਾਂ ਮਿਰਗਾਂ ਨੂੰ ਮਸਤ ਕਰਨ ਵਾਲ਼ਾ ਠਾਟ ਨਿਕਲ ਆਇਆ ਤੇ ਗੁਰੂ ਜੀ ਨੂੰ ਜਿਹੜੀ ਅਗੰਮ ਬਾਣੀ ਆਈ, ਮਰਦਾਨੇ ਨੇ ਉਹ ਵੀ ਉਸ ਮਧੁਰ ਸੁਰ ਨਾਲ਼ ਗਾਈ।

## ••• ਸੰਖੇਪ ਉੱਤਰ ਵਾਲ਼ੇ ਪ੍ਰਸ਼ਨ •••

**ਪ੍ਰਸ਼ਨ 1. ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ ?**

ਉੱਤਰ - ਆਮ ਲੋਕ ਖੱਤਰੀ ਜਾਤ ਨਾਲ਼ ਸਬੰਧਿਤ ਭਲਿਆਂ ਦੇ ਪੁੱਤ-ਪੋਤੇ ਗੁਰੂ ਨਾਨਕ ਦੇਵ ਜੀ ਨੂੰ ਖਾਣ-ਪਹਿਨਣ ਭੁਲਾ ਕੇ ਮਰਦਾਨੇ 'ਡੂੰਮ' ਨੂੰ ਨਾਲ਼ ਲੈ ਕੇ ਜੰਗਲ ਵਿੱਚ ਬੈਠ ਕੇ ਕਰਤਾਰ ਦੇ ਗੁਣ ਗਾਉਂਦਿਆਂ ਤੇ ਹਿੰਦੂਆਂ ਮੁਸਲਮਾਨਾਂ ਤੋਂ ਵੱਖਰੀ ਚਾਲ ਚੱਲਦਿਆਂ ਦੇਖ ਕੇ 'ਕੁਰਾਹੀਆ' ਸਮਝਣ ਲੱਗੇ ਤੇ ਕਹਿਣ ਲੱਗੇ ਕਿ ਉਸ ਦੀ ਮੱਤ ਮਾਰੀ ਗਈ ਹੈ, ਜੋ ਕਿਸੇ ਦੀ ਵੀ ਗੱਲ ਨਹੀਂ ਸੁਣਦਾ।

**ਪ੍ਰਸ਼ਨ 2. ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ, ਤਾਂ ਲੋਕਾਂ ਨੇ ਉਸ ਨਾਲ਼ ਕੀ ਵਿਹਾਰ ਕੀਤਾ ?**

ਉੱਤਰ - ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ, ਤਾਂ ਲੋਕਾਂ ਨੇ ਉਸ ਨਾਲ਼ ਬਹੁਤ ਬੁਰਾ ਸਲੂਕ ਕੀਤਾ। ਲੋਕ ਉਸ ਨੂੰ ਠੱਠਾ-ਮਖੌਲ ਕਰਨ ਲੱਗੇ ਅਤੇ ਕਹਿਣ ਲੱਗੇ ਕਿ 'ਕੁਰਾਹੀਏ ਦਾ ਡੂੰਮ' ਆਇਆ ਹੈ। ਕਈ ਲੋਕ ਉਸ ਨੂੰ ਹੋਰ ਵੀ ਬਹੁਤ ਬੁਰੇ-ਭਲੇ ਸ਼ਬਦ ਬੋਲ ਰਹੇ ਸਨ ਤੇ ਕਈਆਂ ਨੇ ਉਸ ਉੱਤੇ ਮਿੱਟੀ ਚੁੱਕ ਕੇ ਸੁੱਟੀ।

**ਪ੍ਰਸ਼ਨ 3. ਮਰਦਾਨੇ ਨੇ ਨਗਰ ਵਿੱਚ ਉਸ ਨਾਲ਼ ਜੋ ਬੀਤੀ, ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸੁਣਾਈ, ਤਾਂ ਗੁਰੂ ਜੀ ਨੇ ਅੱਗੋਂ ਕੀ ਕਿਹਾ ?**

ਉੱਤਰ - ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਕਿ ਉਹ ਲੋਕਾਂ ਤੋਂ ਨਾ ਡਰੇ, ਲੋਕਾਂ ਦਾ ਕੰਮ ਝੱਖ ਮਾਰਨਾ ਹੈ, ਉਹ ਲੋਕਾਂ ਤੋਂ ਬੇਪਰਵਾਹ ਰਹੇ ਤੇ ਸੰਸਾਰ ਦਾ ਨਾਂ ਬਣੇ ਕਿਉਂਕਿ ਉਨ੍ਹਾਂ ਨੇ ਉਸ ਨੂੰ ਕਰਤਾਰ ਦਾ ਬਣਾਇਆ ਹੈ। ਪਰਮੇਸ਼ਰ ਦੇ ਪਿਆਰਿਆਂ ਦਾ ਲੋਕਾਂ ਦੇ ਝੱਖ ਮਾਰਨ ਨਾਲ਼ ਕੁਝ ਨਹੀਂ ਵਿਗੜਦਾ। ਕੁੱਤੇ ਆਪੇ ਭੌਂਕ ਕੇ ਚੁੱਪ ਕਰ ਜਾਂਦੇ ਹਨ ।

**ਪ੍ਰਸ਼ਨ 4. ਮਰਦਾਨੇ ਅਤੇ ਫਰਹਿੰਦੇ ਰਬਾਬੀ ਦੀ ਆਪਸ ਵਿਚ ਹੋਈ ਵਾਰਤਾਲਾਪ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**

ਉੱਤਰ - ਫਰਹਿੰਦੇ ਦੇ ਪੁੱਛਣ ਤੇ ਮਰਦਾਨੇ ਨੇ ਆਪਣਾ ਨਾਂ ਥਾਂ ਦੱਸਿਆ ਅਤੇ ਕਿਹਾ ਕਿ ਉਹ ਸਾਧਾਂ ਵਾਲ਼ੀ ਬਿਰਤੀ ਧਾਰਨ ਕਰ ਚੁੱਕੇ ਬੇਦੀ ਖੱਤਰੀ ਨਾਨਕ ਨਾਲ਼ ਰਹਿੰਦਾ ਹੈ, ਜੋ ਅਗੰਮ ਦੀ ਬਾਣੀ ਉਚਾਰਦਾ ਹੈ ਤੇ ਉਸ ਨੇ ਉਸ ਨੂੰ ਉਸ ਤੋਂ ਰਬਾਬ ਲੈਣ ਭੇਜਿਆ ਹੈ। ਫਰਹਿੰਦੇ ਨੇ ਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕਰਦਿਆਂ ਮਰਦਾਨੇ ਨੂੰ ਰਬਾਬ ਦੇ ਕੇ ਉਸ ਤੋਂ ਪੈਸੇ ਨਾ ਲਏ ਤੇ ਕਿਹਾ ਕਿ ਇਸ ਦਾ ਵੀ ਉਸ ਗੁਰੂ ਜੀ ਨਾਲ਼ ਕੋਈ ਪੁਰਾਣਾ ਸੰਬੰਧ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰਸ਼ਨ 1. 'ਰਬਾਬ ਮੰਗਾਉਨ ਦਾ ਵਿਰਤਾਂਤ' ਸਾਖੀ ਦਾ ਲੇਖਕ ਕੌਣ ਹੈ?**

ਉੱਤਰ - ਗਿ: ਦਿੱਤ ਸਿੰਘ।

**ਪ੍ਰਸ਼ਨ 2. ਗੁਰੂ ਨਾਨਕ ਦੇਵ ਜੀ ਕਿੱਥੇ ਬੈਠ ਕੇ ਕਰਤਾਰ ਦੇ ਗੁਣ ਗਾਉਣ ਲੱਗੇ?**

ਉੱਤਰ - ਜੰਗਲ ਵਿੱਚ।

**ਪ੍ਰਸ਼ਨ 3. ਗੁਰੂ ਜੀ ਨੂੰ ਹਿੰਦੂ ਮੁਸਲਮਾਨ ਲੋਕ ਕੀ ਕਹਿ ਰਹੇ ਸਨ?**

ਉੱਤਰ - ਕੁਰਾਹੀਆ।

**ਪ੍ਰਸ਼ਨ 4. ਗੁਰੂ ਨਾਨਕ ਦੇਵ ਜੀ ਕਿਸ ਕੁੱਲ ਵਿੱਚੋਂ ਸਨ?**

ਉੱਤਰ - ਵੇਦੀ ਖੱਤਰੀ।

**ਪ੍ਰਸ਼ਨ 5. ਗੁਰੂ ਜੀ ਦਾ ਸਾਥੀ ਕੌਣ ਸੀ?**

ਉੱਤਰ - ਭਾਈ ਮਰਦਾਨਾ।

**ਪ੍ਰਸ਼ਨ 6. ਗੁਰੂ ਜੀ ਨੂੰ ਸਭ ਤੋਂ ਵੱਧ ਕਿਹੜਾ ਸਾਜ਼ ਪਸੰਦ ਸੀ?**

ਉੱਤਰ - ਰਬਾਬ।

**ਪ੍ਰਸ਼ਨ 7. 'ਰਬਾਬ ਮੰਗਾਉਨ ਦਾ ਵਿਰਤਾਂਤ' ਲੇਖ ਵਿੱਚ ਬੀਬੀ ਕੌਣ ਹੈ?**

ਉੱਤਰ - ਗੁਰੂ ਜੀ ਦੀ ਭੈਣ ਬੇਬੇ ਨਾਨਕੀ।

**ਪ੍ਰਸ਼ਨ 8. ਲੋਕ ਮਰਦਾਨੇ ਨੂੰ ਕੀ ਕਹਿ ਰਹੇ ਸਨ?**

ਉੱਤਰ - ਕੁਰਾਹੀਏ ਦਾ ਡੂੰਮ।

**ਪ੍ਰਸ਼ਨ 9. ਰਬਾਬੀ ਦਾ ਕੀ ਨਾਂ ਸੀ?**

ਉੱਤਰ - ਫਰਹਿੰਦਾ।

**ਪ੍ਰਸ਼ਨ 10. ਗੁਰੂ ਜੀ ਨੇ ਮਰਦਾਨੇ ਨੂੰ ਬੀਬੀ ਤੋਂ ਕਿੰਨੇ ਰੁਪਏ ਲੈਣ ਲਈ ਕਿਹਾ?**

ਉੱਤਰ - ਸੱਤ।

**ਪ੍ਰਸ਼ਨ 11. ਮਰਦਾਨਾ ਕਿੱਥੋਂ ਦਾ ਰਹਿਣ ਵਾਲ਼ਾ ਸੀ?**

ਉੱਤਰ - ਰਾਏ ਭੋਏ ਦੀ ਤਲਵੰਡੀ ਦਾ।

**ਪ੍ਰਸ਼ਨ 12. ਗੁਰੂ ਜੀ ਅਤੇ ਫਰਹਿੰਦੇ ਨੇ ਕਿਸ ਬਾਰੇ ਗੱਲਾਂ ਕੀਤੀਆਂ?**

ਉੱਤਰ - ਕਰਤਾਰ ਬਾਰੇ।

**ਪ੍ਰਸ਼ਨ 13. ਜਦੋਂ ਮਰਦਾਨੇ ਨੇ ਰਬਾਬ ਵਜਾਈ, ਤਾਂ ਠਾਟ ਕਿਸ ਨੇ ਬਣਾਇਆ?**

ਉੱਤਰ - ਕਰਤਾਰ ਨੇ।

**ਪ੍ਰਸ਼ਨ 14. ਲੋਕ ਗੁਰੂ ਨਾਨਕ ਦੇਵ ਜੀ ਨੂੰ ਕਿੰਨ੍ਹਾਂ ਦਾ ਪੁੱਤ-ਪੋਤਾ ਕਹਿ ਰਹੇ ਸਨ?**

ਉੱਤਰ - ਭਲੇ ਲੋਕਾਂ ਦਾ।

**ਪ੍ਰਸ਼ਨ 15. ਫਰਹਿੰਦੇ ਦਾ ਪਿੰਡ ਕਿੱਥੇ ਸੀ?**

ਉੱਤਰ - ਸਤਲੁਜ ਤੇ ਬਿਆਸ ਦੇ ਵਿਚਕਾਰ।

**ਪ੍ਰਸ਼ਨ 16. ਫਰਹਿੰਦੇ ਅਨੁਸਾਰ ਰਬਾਬ ਨਾਲ਼ ਗੁਰੂ ਜੀ ਦਾ ਕੀ ਸੰਬੰਧ ਸੀ?**

ਉੱਤਰ - ਪੁਰਾਣਾ।

# 2. ਘਰ ਦਾ ਪਿਆਰ

## ਲੇਖਕ - ਪ੍ਰਿੰ ਤੇਜਾ ਸਿੰਘ

### ••• ਸਾਰ •••

ਘਰ ਉਹ ਥਾਂ ਹੁੰਦਾ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆਂ ਸਧਰਾਂ ਪਲਦੀਆਂ ਹਨ, ਜਿੱਥੇ ਉਸ ਨੇ ਮਾਂ, ਭੈਣ ਤੇ ਭਰਾ ਦਾ ਪਿਆਰ ਹੰਢਾਇਆ ਹੁੰਦਾ ਹੈ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ-ਬਹਿਣੀ ਦਾ ਕੇਂਦਰ ਹੁੰਦਾ ਹੈ। ਇਹ ਮਨੁੱਖ ਦੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਸਮਾਜਿਕ ਤੇ ਸੰਸਾਰਿਕ ਆਲ਼ੇ-ਦੁਆਲ਼ੇ ਜਿੰਨਾ ਹੀ ਹਿੱਸਾ ਪਾਉਂਦਾ ਹੈ। ਘਰ ਦੇ ਪਿਆਰ ਤੋਂ ਸੱਖਣੇ ਮਨੁੱਖ ਦਾ ਸੁਭਾਅ ਸੜੀਅਲ ਤੇ ਖਿਝੂ ਹੁੰਦਾ ਹੈ। ਵੱਡੇ-ਵੱਡੇ ਪੰਡਾਲਾਂ ਵਿੱਚ ਕਥਾ ਕਰਕੇ ਜਾਂ ਭਾਸ਼ਣ ਦੇ ਕੇ ਆਪਣੇ ਗਿਆਨ ਨਾਲ਼ ਦੂਜਿਆਂ ਨੂੰ ਹੈਰਾਨ ਕਰਨ ਵਾਲ਼ੇ ਪ੍ਰਚਾਰਕਾਂ ਦਾ ਸੁਭਾਅ ਆਮ ਕਰਕੇ ਰੁੱਖਾ ਤੇ ਖਿਝੂ ਹੁੰਦਾ ਹੈ। ਕਿਉਂਕਿ ਉਹ ਹਰ ਵੇਲੇ ਪੋਥੀਆਂ ਪੜ੍ਹਨ ਜਾਂ ਇੱਧਰ-ਉੱਧਰ ਸਫ਼ਰ ਕਰਨ ਵਿਚ ਹੀ ਲੱਗੇ ਰਹਿੰਦੇ ਹਨ ਤੇ ਘਰ ਦੇ ਪਿਆਰ ਤੋਂ ਸੱਖਣੇ ਰਹਿੰਦੇ ਹਨ। ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਗੁਰੂਆਂ ਤੇ ਪੈਗ਼ੰਬਰਾਂ ਦੇ ਜੀਵਨ ਨੂੰ ਇਸ ਢੰਗ ਨਾਲ਼ ਪੇਸ਼ ਕਰਦੇ ਹਨ, ਜਿਵੇਂ ਉਹ ਤੋਤਲੀਆਂ ਗੱਲਾਂ ਕਰਨ ਵਾਲ਼ੇ ਬਚਪਨ ਵਿੱਚੋਂ ਲੰਘੇ ਹੀ ਨਹੀਂ ਤੇ ਉਹ ਬਚਪਨ ਵਿੱਚ ਹੀ ਪਰਮਾਰਥ ਦੀਆਂ ਗੱਲਾਂ ਕਰਦੇ ਸਨ। ਉਹ ਇਹ ਨਹੀਂ ਜਾਣਦੇ ਕਿ ਬੱਚਿਆਂ ਦਾ ਭੋਲਾਪਨ, ਅਲਬੇਲਾਪਣ, ਭੈਣ-ਭਰਾ ਦਾ ਪਿਆਰ ਅਤੇ ਲਾਡ ਮਹਾਂਪੁਰਖਾਂ ਦੇ ਜੀਵਨ ਵਿੱਚ ਵੀ ਉਹੀ ਥਾਂ ਰੱਖਦੇ ਹਨ ਜੋ ਆਮ ਲੋਕਾਂ ਵਿੱਚ। ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਉਹਨਾਂ ਦੀ ਪਤਨੀ ਖ਼ਦੀਜਾ ਦਾ ਬਹੁਤ ਪ੍ਰਭਾਵ ਸੀ। ਕਾਰਲਾਈਲ ਦੇ ਸੜੀਅਲ ਸੁਭਾ ਦਾ ਕਾਰਨ ਉਸ ਦੁਆਰਾ ਆਪਣੀ ਪਤਨੀ ਨਾਲ਼ ਪਿਆਰ ਨਾਲ਼ ਗੱਲ ਨਾ ਕਰਨਾ ਸੀ। ਅਜੋਕੇ ਸਮੇਂ  ਫੈਲ ਰਹੀ ਦੁਰਾਚਾਰੀ ਦਾ ਕਾਰਨ ਘਰੋਗੀ ਵੱਸੋਂ ਦਾ ਘਾਟਾ ਅਤੇ ਬਜਾਰੀ ਰਹਿਣੀ-ਬਹਿਣੀ ਦਾ ਵਾਧਾ ਹੈ। ਵਿਦਿਆਰਥੀ ਜੀਵਨ ਵਿੱਚ ਸਮਾਜਿਕ, ਨੈਤਿਕ ਅਤੇ ਸਦਾਚਾਰਿਕ ਗੁਣਾਂ ਦੇ ਕੋਰੇਪਨ ਅਤੇ ਗੈਰ-ਜ਼ਿੰਮੇਵਾਰ ਹੋਣ ਦਾ ਕਾਰਨ ਵੀ ਉਨ੍ਹਾਂ ਦੀ ਘਰਾਂ ਨੂੰ ਛੱਡ ਕੇ ਰਹਿਸ਼ੀ ਸਕੂਲਾਂ ਦੀ ਰਹਿਣੀ-ਬਹਿਣੀ ਹੈ। ਅਸਲੀ ਧਾਰਮਿਕ ਜੀਵਨ ਦੀ ਨੀਂਹ ਵੀ ਘਰੋਗੀ ਰਹਿਣੀ-ਬਹਿਣੀ ਵਿੱਚ ਹੀ ਰੱਖੀ ਜਾ ਸਕਦੀ ਹੈ। ਸਿੱਖ ਗੁਰੂ ਸਹਿਬਾਨਾਂ ਨੇ ਵੀ ਘਰੋਗੀ ਜੀਵਨ ਉੱਤੇ ਜ਼ੋਰ ਦਿੱਤਾ ਹੈ। ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ। ਕੇਵਲ ਉਹ ਲੋਕ ਹੀ ਆਪਣੇ ਦੇਸ ਉੱਪਰ ਅੱਤਿਆਚਾਰੀ ਹਮਲੇ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਜਿਨ੍ਹਾਂ ਨੂੰ ਆਪਣੇ ਘਰ ਤੇ ਉਸ ਵਿੱਚ ਵਸਦੇ ਪਰਿਵਾਰ ਪਤਨੀ ਤੇ ਬੱਚਿਆਂ ਦੇ ਨੁਕਸਾਨ  ਦਾ ਡਰ ਹੁੰਦਾ ਹੈ।

### ••• ਛੋਟੇ ਉੱਤਰ ਵਾਲ਼ੇ ਪ੍ਰਸ਼ਨ •••

**ਪ੍ਰਸ਼ਨ 1. 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?**

ਉੱਤਰ – ਲੇਖ ਅਨੁਸਾਰ ਘਰ ਤੋਂ ਭਾਵ ਹੈ, ਉਹ ਥਾਂ ਜਿੱਥੇ ਮਨੁੱਖ ਦੇ ਪਿਆਰ ਦੀਆਂ ਸਧਰਾਂ ਪਲਦੀਆਂ ਹਨ, ਜਿੱਥੇ ਮਾਂ, ਭੈਣ ਅਤੇ ਭਰਾ ਕੋਲੋਂ ਲਾਡ-ਪਿਆਰ ਲਿਆ ਹੁੰਦਾ ਹੈ। ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਖੱਟੀ-ਕਮਾਈ ਕਰਕੇ ਮੁੜ ਆਉਣ ਨੂੰ ਜੀਅ ਕਰਦਾ ਹੈ। ਘਰ ਵਿੱਚ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਤੋਂ ਮਿਲ਼ੀ ਵਿਹਲ ਨੂੰ ਆਰਾਮ ਨਾਲ਼ ਕੱਟਣ ਵਿੱਚ ਮਾਂ ਦੀ ਗੋਦੀ ਵਰਗਾ ਸੁਆਦ ਆਉਂਦਾ ਹੈ।

**ਪ੍ਰਸ਼ਨ 2. ਘਰ  ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ ਵਿਚਾਰ ਕਰੋ**

ਉੱਤਰ - ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਕਿਉਂਕਿ ਮਨੁੱਖ ਦੇ ਆਚਰਨ ਨੂੰ ਬਣਾਉਣ ਵਿੱਚ ਜਿੱਥੇ ਸਮਾਜਿਕ ਅਤੇ ਸੰਸਾਰਿਕ ਆਲ਼ੇ-ਦੁਆਲ਼ੇ ਦਾ ਪ੍ਰਭਾਵ ਪੈਂਦਾ ਹੈ, ਉੱਥੇ ਘਰ ਦੇ ਅੰਦਰ ਦੇ ਹਾਲਾਤ ਵੀ ਮਨੁੱਖ ਦੀ ਸ਼ਖ਼ਸੀਅਤ ਘੜਨ ਵਿੱਚ ਕੰਮ ਕਰਦੇ ਹਨ। ਉਸ ਦੀਆਂ ਰੁਚੀਆਂ ਅਤੇ ਸੁਭਾਅ ਘਰ ਦੇ ਹਲਾਤ ਵਾਲ਼ੇ ਸਾਂਚੇ ਵਿੱਚ ਹੀ ਢਲਦੇ ਹਨ। ਘਰ ਦੇ ਪਿਆਰ ਤੋਂ ਸੱਖਣੇ ਮਨੁੱਖ ਸੜੀਅਲ ਅਤੇ ਖਿਝੂ ਹੁੰਦੇ, ਹਨ ਜਦ ਕਿ ਘਰ ਵਿਚਲਾ ਸਬੰਧੀਆਂ ਦਾ ਪਿਆਰ ਮਨੁੱਖ ਵਿੱਚ ਪਿਆਰ, ਹਮਦਰਦੀ, ਨਿਮਰਤਾ, ਕੁਰਬਾਨੀ ਤੇ ਸੇਵਾ ਦੇ ਭਾਵ ਪੈਦਾ ਕਰਦਾ ਹੈ।

**ਪ੍ਰਸ਼ਨ 3. 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਇੱਕ ਬਿਰਧ ਬੀਬੀ ਦਾ ਸੁਭਾਅ ਕਿਹੋ ਜਿਹਾ ਚਿਤਰਿਆ ਹੈ?**

ਉੱਤਰ - ਬਿਰਧ ਬੀਬੀ ਦਾ ਸੁਭਾਅ ਨੇਕੀ, ਉਪਕਾਰ ਤੇ ਹਮਦਰਦੀ ਵਾਲ਼ਾ ਹੈ। ਉਹ ਹਰ-ਰੋਜ ਗੁਰਦੁਆਰੇ ਜਾਂਦੇ ਹਨ। ਬੱਚਿਆਂ ਨਾਲ਼ ਬੱਚੇ ਹੀ ਬਣ ਜਾਂਦੇ ਹਨ, ਪਰ ਉਨ੍ਹਾਂ ਦਾ ਸੁਭਾਅ ਬਹੁਤ ਖਰ੍ਹਵਾ ਹੈ। ਉਹ ਨਿੱਕੀ-ਨਿੱਕੀ ਗੱਲ ਉੱਤੇ ਖਿਝ ਜਾਂਦੇ ਹਨ ਅਤੇ ਗੁੱਸੇ ਵਿੱਚ ਆਪੇ ਤੋਂ ਬਾਹਰ ਹੋ ਜਾਂਦੇ ਹਨ। ਉਨ੍ਹਾਂ ਦੇ ਨਰਮ ਤੇ ਕੋਮਲ ਸੁਭਾ ਦਾ ਗੁੱਸੇ ਹੇਠ ਆਉਣ ਦਾ ਕਾਰਨ ਉਨ੍ਹਾਂ ਦੇ ਜੀਵਨ ਵਿੱਚ ਪਿਆਰ ਦੀ ਕਮੀ ਹੈ। ਪਤੀ ਜਵਾਨੀ ਵਿੱਚ ਹੀ ਸਾਥ ਛੱਡ ਗਿਆ ਅਤੇ ਝੋਲੀ ਧੀਆਂ ਪੁੱਤਰਾਂ ਤੋਂ ਖ਼ਾਲੀ ਰਹੀ। ਜਿਸ ਕਰਕੇ ਉਹ ਘਰ ਦੇ ਪਿਆਰ ਸੱਖਣੀ ਹੀ ਰਹੀ।

**ਪ੍ਰਸ਼ਨ 4. ਮਹਾਨ ਵਿਅਕਤੀਆਂ ਦੇ ਚਰਿਤਰ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੁੰਦਾ ਹੈ?**

ਉੱਤਰ - ਮਹਾਨ ਵਿਅਕਤੀਆਂ ਦੇ ਚਰਿਤਰ ਵਿੱਚ ਵੀ ਆਮ ਵਿਅਕਤੀ ਵਾਂਗ ਘਰ ਦੇ ਪਿਆਰ ਦਾ ਬਹੁਤ ਮਹੱਤਵ ਹੁੰਦਾ ਹੈ। ਘਰ ਦੇ ਪਿਆਰ ਨੂੰ ਹੰਢਾ ਕੇ ਹੀ ਖ਼ਿਆਲਾਂ, ਵਲਵਲਿਆਂ ਅਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ ਤੇ ਹੁੰਦੀ ਹੈ। ਆਮ ਮਨੁੱਖ ਨੂੰ ਬਚਪਨ ਦਾ ਸਮਾਂ ਸੰਸਾਰ ਵਿੱਚ ਵਿਚਰਨ ਲਈ ਤਿਆਰ ਕਰਦਾ ਹੈ। ਪਰ ਜਿਨ੍ਹਾਂ ਨੇ ਮਹਾਨ ਕੰਮ ਕਰਨੇ ਹੁੰਦੇ ਹਨ, ਉਨ੍ਹਾਂ ਲਈ ਘਰ ਦਾ ਪਿਆਰ, ਮਾਪਿਆਂ ਤੋਂ ਉਦਰੇਵਾਂ ਅਤੇ ਭੈਣਾਂ ਦਾ ਥਾਂ-ਥਾਂ ਵੀਰਾਂ ਨੂੰ ਬਚਾਉਣਾ ਇੱਕ ਅਜਿਹਾ ਚੁਗਿਰਦਾ ਤਿਆਰ ਕਰਦਾ ਹੈ, ਜਿਸ ਤੋਂ ਉਨ੍ਹਾਂ ਦੇ ਵਲਵਲੇ ਕੁਦਰਤ ਅਤੇ ਸਾਈਂ ਦੇ ਪਿਆਰ ਵੱਲ ਪ੍ਰੇਰਿਤ ਹੋ ਜਾਂਦੇ ਹਨ। ਜਿਸ ਨਾਲ਼ ਉਹਨਾਂ ਵਿੱਚ ਕੁਰਬਾਨੀਆਂ ਕਰਨ ਦੀ ਜਾਂਚ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਘਰ ਦੇ ਪਿਆਰ ਦਾ ਪ੍ਰਤੱਖ ਪ੍ਰਭਾਵ ਦੇਖਿਆ ਜਾ ਸਕਦਾ ਹੈ।

**ਪ੍ਰਸ਼ਨ 5. ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਮਾਤਾ ਨਾਲ਼ ਮਿਲਾਪ ਦਾ ਦ੍ਰਿਸ਼ ਕਿਹੋ ਜਿਹਾ ਪੇਸ਼ ਕੀਤਾ ਹੈ?**

ਉੱਤਰ - ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼-ਵਿਦੇਸ਼ ਦੀ ਯਾਤਰਾ ਕਰਨ ਤੋਂ ਬਾਅਦ ਵਾਪਸ ਤਲਵੰਡੀ ਪਰਤੇ ਤਾਂ ਉਹ ਘਰ ਜਾਣ ਦੀ ਥਾਂ ਪਿੰਡੋਂ ਬਾਹਰ ਇੱਕ ਖੂਹ ਤੇ ਬੈਠ ਗਏ। ਮਰਦਾਨਾ ਘਰ ਗਿਆ ਅਤੇ ਮਾਤਾ ਤ੍ਰਿਪਤਾ ਕੋਲ਼ੋਂ ਹਾਲ-ਚਾਲ ਪੁੱਛ ਕੇ ਵਾਪਸ ਮੁੜ ਆਇਆ। ਮਾਤਾ ਤ੍ਰਿਪਤਾ ਜੀ ਵੀ ਉਸ ਦੇ ਮਗਰ-ਮਗਰ ਖੂਹ ਉੱਤੇ ਪਹੁੰਚ ਗਏ। ਉਹ ਪੁੱਤਰ ਨੂੰ ਦੇਖ ਕੇ ਭਾਵੁਕ ਹੋ ਗਈ ਤੇ ਉਸ ਵੇਲੇ ਉਸ ਦੇ ਮੂੰਹੋਂ ਜੋ ਮਮਤਾ ਭਰੇ ਸ਼ਬਦ ਨਿਕਲੇ, ਉਹ ਇਸ ਦ੍ਰਿਸ਼ ਨੂੰ ਬੜਾ ਕਰੁਣਾਮਈ ਤੇ ਰੋਮਾਂਚਕਾਰੀ ਬਣਾ ਦਿੰਦੇ ਹਨ।

**ਪ੍ਰਸ਼ਨ 6. ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਬੀਬੀ ਖ਼ਦੀਜਾ ਕਿਵੇਂ ਵਿਚਰਦੀ ਸੀ? ਆਪਣੇ ਸ਼ਬਦਾਂ ਵਿੱਚ ਲਿਖੋ।**

ਉੱਤਰ - ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿੱਚ ਉਨ੍ਹਾਂ ਦੀ ਪਤਨੀ ਖ਼ਦੀਜਾ ਨੇ ਔਖੇ ਤੋਂ ਔਖੇ ਵੇਲੇ ਉਨ੍ਹਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਦੇ ਜੀਵਨ-ਆਦਰਸ਼ ਨੂੰ ਸਮਝ ਕੇ ਉਸ ਵਿੱਚ ਯਕੀਨ ਕਰਦਿਆਂ ਉਸ ਦਾ ਹੌਸਲਾ ਵਧਾਇਆ। ਜਦੋਂ ਮੁਹੰਮਦ ਸਾਹਿਬ ਨੂੰ ਬਾਣੀ ਉਤਰਦੀ ਸੀ, ਤਾਂ ਉਹ ਥੱਕ ਕੇ ਇੰਨੇ ਨਿਸਲ ਹੋ ਜਾਂਦੇ ਸਨ ਕਿ ਬੀਬੀ ਖ਼ਦੀਜਾ ਉਨ੍ਹਾਂ ਨੂੰ ਪਿਆਰ ਨਾਲ਼ ਆਰਾਮ ਦੇ ਕੇ ਉਨ੍ਹਾਂ ਦੇ ਥਕੇਵੇਂ ਨੂੰ ਦੂਰ ਕਰ ਦਿੰਦੀ ਸੀ।

**ਪ੍ਰਸ਼ਨ 7. ਕਾਰਲਾਈਲ ਦਾ ਆਪਣੀ ਪਤਨੀ ਨਾਲ਼ ਵਤੀਰਾ ਕਿਹੋ ਜਿਹਾ ਸੀ ਤੇ ਕਿਉਂ?**

ਉੱਤਰ - ਕਾਰਲਾਈਲ ਆਪਣੇ ਕਮਰੇ ਵਿੱਚ ਬੰਦ ਪੜ੍ਹਦੇ ਜਾਂ ਲਿਖਦੇ ਰਹਿੰਦੇ ਸਨ। ਉਸ ਦੀ ਪਤਨੀ ਨਾਲ਼ ਦੇ ਕਮਰੇ ਵਿੱਚ ਵੱਖ ਬੈਠੀ ਆਏ ਗਏ ਨਾਲ਼ ਗੁੱਸੇ ਵਿੱਚ ਬੋਲਦੀ ਰਹਿੰਦੀ ਸੀ। ਜਦੋਂ ਕਦੀ ਉਹ ਹੌਸਲਾ ਕਰਕੇ ਪਤੀ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿੱਝ ਕੇ ਉਸ ਨੂੰ ਖਾਣ ਨੂੰ ਪੈਂਦਾ ਤੇ ਅੰਦਰੋਂ ਬਾਹਰ ਕੱਢ ਦਿੰਦਾ। ਇਸ ਦਾ ਕਾਰਨ ਉਸ ਦਾ ਆਪਣੀ ਪਤਨੀ ਨੂੰ ਪਿਆਰ ਨਾ ਕਰਨਾ ਸੀ। ਜੇਕਰ ਉਹ ਉਸ ਨੂੰ ਪਿਆਰ ਕਰਦਾ ਤਾਂ ਉਹ ਇਨ੍ਹਾਂ ਸੜੀਅਲ ਤੇ ਖਿਝੂ ਨਾ ਹੁੰਦਾ।

**ਪ੍ਰਸ਼ਨ 8. "ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ।" ਦਲੀਲ ਦੇ ਕੇ ਸਪੱਸ਼ਟ ਕਰੋ।**

ਉੱਤਰ - ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ। ਜਿਹੜਾ ਮਨੁੱਖ ਆਪਣੇ ਘਰ ਵਿੱਚ ਆਪਣੇ ਮਾਤਾ-ਪਿਤਾ ਪਤਨੀ ਤੇ ਬੱਚਿਆਂ ਨੂੰ ਪਿਆਰ ਨਹੀਂ ਕਰਦਾ, ਉਸ ਵਿੱਚ ਸਮਾਜ ਅਤੇ ਦੇਸ਼ ਦਾ ਪਿਆਰ ਵੀ ਪੈਦਾ ਨਹੀਂ ਹੋ ਸਕਦਾ। ਅਸਲ ਵਿੱਚ ਸਾਡਾ ਘਰ, ਪਰਿਵਾਰ ਅਤੇ ਸਮਾਜ ਦੇਸ਼ ਦੀ ਇੱਕ ਇਕਾਈ ਹੁੰਦੇ ਹਨ। ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ।

**ਪ੍ਰਸ਼ਨ 9. ਮਨੁੱਖ ਦੀਆਂ ਧਾਰਮਿਕ ਰੁਚੀਆਂ ਨੂੰ ਬਲਵਾਨ ਬਣਾਉਣ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੈ?**

ਉੱਤਰ - ਮਨੁੱਖ ਦੇ ਧਾਰਮਿਕ ਜੀਵਨ ਦੀ ਨੀਂਹ ਘਰਦੀ ਰਹਿਣੀ-ਬਹਿਣੀ ਵਿੱਚ ਹੀ ਰੱਖੀ ਜਾ ਸਕਦੀ ਹੈ, ਪ੍ਰੰਤੂ ਅੱਜ-ਕੱਲ੍ਹ ਲੋਕਾਂ ਦੀ ਰੁਚੀ ਘਰਾਂ ਵਿੱਚ ਘੱਟ ਹੋਣ ਕਰਕੇ ਧਾਰਮਿਕ ਰਹਿਣੀ ਵੀ ਲੋਕਾਚਾਰ ਹੀ ਬਣ ਕੀ ਰਹਿ ਗਈ ਹੈ। ਲੋਕੀਂ ਬਸ ਦਿਨ-ਦਿਹਾੜੇ ਨੂੰ ਕਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਪਾਠ, ਲੈਕਚਰ ਜਾਂ ਅਰਦਾਸ ਸੁਣਨ ਨੂੰ ਹੀ ਧਾਰਮਿਕ ਜੀਵਨ ਸਮਝਦੇ ਹਨ। ਘਰ ਵਿੱਚ ਪਤਨੀ ਤੇ ਬੱਚਿਆਂ ਨਾਲ਼ ਰਲ ਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘੱਟ ਦੇਖੀ ਜਾਂਦੀ ਹੈ। ਧਾਰਮਿਕ ਰੁਚੀਆਂ ਮਨੁੱਖ ਵਿੱਚ ਤਾਂ ਹੀ ਪੈਦਾ ਹੋ ਸਕਦੀਆਂ ਹਨ ਜੇ ਘਰ ਵਾਲਿਆਂ ਨਾਲ਼ ਰਲ ਕੇ ਕੋਈ ਧਾਰਮਿਕ ਸੰਸਕਾਰ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੀਆਂ ਧਾਰਮਿਕ ਰੁਚੀਆਂ ਘਰ ਵਿੱਚ ਹੀ ਬਲਵਾਨ ਹੁੰਦੀਆਂ ਹਨ।

**ਪ੍ਰਸ਼ਨ 10. "ਘਰ ਘੱਟ ਰਹੇ ਅਤੇ ਹੋਟਲ ਵੱਧ ਰਹੇ ਹਨ।" ਲੇਖਕ ਅਨੁਸਾਰ ਇਸ ਦਾ ਸਦਾਚਾਰੀ ਜੀਵਨ ਉੱਤੇ ਕੀ ਪ੍ਰਭਾਵ ਪੈ ਰਿਹਾ ਹੈ?**

ਉੱਤਰ - ਲੇਖ ਅਨੁਸਾਰ ਅੱਜ ਕੱਲ੍ਹ ਲੋਕਾਂ ਵਿੱਚ ਘਰੋਗੀ ਜੀਵਨ ਨੂੰ ਛੱਡ ਕੇ ਬਜ਼ਾਰੀ ਰਹਿਣੀ-ਬਹਿਣੀ ਵਧ ਰਹੀ ਹੈ। ਲੋਕ ਘਰਾਂ ਦੇ ਸਦਾਚਾਰਿਕ ਗੁਣਾਂ ਨੂੰ ਭੁੱਲ ਕੇ ਪਤਨੀ ਤੇ ਬੱਚਿਆਂ ਨਾਲ਼ ਜੀਵਨ ਗੁਜ਼ਾਰਨ ਦੀ ਥਾਂ ਕਲੱਬਾਂ ਤੇ ਹੋਟਲਾਂ ਵਿੱਚ ਜਾਣ ਨੂੰ ਵਧੇਰੇ ਪਸੰਦ ਕਰਨ ਲੱਗੇ ਹਨ। ਜਿਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿੱਚ ਘਰੋਗੀ ਜ਼ਿੰਮੇਵਾਰੀ, ਬਰਾਦਰੀ ਵਾਲ਼ੀ ਸ਼ਰਾਫ਼ਤ, ਮਿੱਠਤ ਤੇ ਨਿਮਰਤਾ ਵਰਗੇ ਸਦਾਚਾਰਕ ਗੁਣ ਘੱਟ ਰਹੇ ਹਨ।

**ਪ੍ਰਸ਼ਨ 11. ਲੇਖਕ ਨੇ ਆਪਣੇ ਪਿੰਡ ਦੀ ਝਾਕੀ ਦਾ ਦ੍ਰਿਸ਼ ਕਿਹੋ ਜਿਹਾ ਚਿੱਤਰਿਆ ਹੈ? ਬਿਆਨ ਕਰੋ।**

ਉੱਤਰ - ਜਦੋਂ ਉਹ ਰਾਵਲਪਿੰਡੀ ਵਿੱਚ ਪੜ੍ਹਦਾ ਹੁੰਦਾ ਸੀ, ਤਾਂ ਉਹ ਹਰ ਹਫ਼ਤੇ ਐਤਵਾਰ ਨੂੰ ਪਿੰਡ ਜਾਂਦਾ ਹੁੰਦਾ ਸੀ। ਜਦੋਂ ਉਹ ਰਸਤੇ ਵਿੱਚ ਚੀਰ ਪੜਾ ਤੋਂ ਲੰਘ ਕੇ ਤ੍ਰਿਪਿਆ ਕੋਲ਼ ਪੁੱਜਦਾ ਸੀ, ਤਾਂ ਉਹ ਟਿੱਬੇ ਦੇ ਓਹਲੇ ਵਸੇ ਆਪਣੇ ਪਿੰਡ ਦੀ ਪਿਆਰੀ ਝਾਕੀ ਅੱਖਾਂ ਸਾਹਮਣੇ ਆਉਣ ਤੋਂ ਪਹਿਲਾਂ ਟਿੱਬੇ ਕੋਲ ਰੁਕ ਜਾਂਦਾ ਸੀ ਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਵੱਲ ਝਾਕਣ ਦਾ ਹੌਸਲਾ ਕਰਦਾ ਸੀ। ਵਾਪਸੀ ਸਮੇਂ ਵੀ ਉਹ ਫਿਰ ਪਿੰਡ ਦੇ ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਉਸ ਨੂੰ ਮੁੜ-ਮੁੜ ਦੇਖਦਾ ਸੀ ਤੇ ਕਈ ਵਾਰੀ ਉਹ ਓਹਲੇ ਹੋ ਜਾਣ ਮਗਰੋਂ ਕੁਝ ਕਦਮ ਮੁੜ ਕੇ ਫਿਰ ਪਿੰਡ ਨੂੰ ਦੇਖਦਾ ਸੀ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰਸ਼ਨ 1. 'ਘਰ ਦਾ ਪਿਆਰਾ' ਲੇਖ ਕਿਸ ਦੀ ਰਚਨਾ ਹੈ?**

ਉੱਤਰ - ਪ੍ਰਿੰ: ਤੇਜਾ ਸਿੰਘ ਦੀ।

**ਪ੍ਰਸ਼ਨ 2. ਪ੍ਰਿੰ: ਤੇਜਾ ਸਿੰਘ ਨੇ ਆਪਣੇ ਲੇਖ ਵਿੱਚ ਕਿਸ ਦੀ ਮਹਾਨਤਾ ਦਰਸਾਈ ਹੈ**?

ਉੱਤਰ - ਘਰ ਦੇ ਪਿਆਰ ਦੀ।

**ਪ੍ਰਸ਼ਨ 3. ਮਨੁੱਖ ਦੇ ਪਿਆਰ ਦੀਆਂ ਸਧਰਾਂ ਕਿੱਥੇ ਪਲਦੀਆਂ ਹਨ**?

ਉੱਤਰ - ਘਰ ਵਿੱਚ।

**ਪ੍ਰਸ਼ਨ 4. ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜ ਆਉਣ ਨੂੰ ਜੀਅ ਕਰਦਾ ਹੈ**?

ਉੱਤਰ - ਘਰ ਵਿੱਚ।

**ਪ੍ਰਸ਼ਨ 5. ਜਿਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲ਼ਿਆ ਹੁੰਦਾ, ਉਨ੍ਹਾਂ ਦੇ ਸੁਭਾਅ ਕਿਹੋ ਜਿਹੇ ਹੁੰਦੇ ਹਨ**?

ਉੱਤਰ - ਖਿੱਝੂ ਤੇ ਸੜੀਅਲ।

**ਪ੍ਰਸ਼ਨ 6. ਖ਼ਦੀਜਾ ਕੌਣ ਸੀ?**

ਉੱਤਰ - ਹਜ਼ਰਤ ਮੁਹੰਮਦ ਸਾਹਿਬ ਦੀ ਪਤਨੀ।

**ਪ੍ਰਸ਼ਨ 7. ਕਾਰਲਾਈਲ ਦਾ ਸੁਭਾਅ ਕਿਹੋ ਜਿਹਾ ਸੀ?**

ਉੱਤਰ - ਖਿੱਝੂ ਤੇ ਸੜੀਅਲ।

**ਪ੍ਰਸ਼ਨ 8. ਘਰੋਗੀ ਵਸੋਂ ਦੇ ਘਾਟੇ ਤੇ ਬਾਜ਼ਾਰੀ ਰਹਿਣੀ-ਬਹਿਣੀ ਦੇ ਵਾਧੇ ਨਾਲ਼ ਕੀ ਹੋਇਆ ਹੈ?**

ਉੱਤਰ - ਦੁਰਾਚਾਰੀ ਵਿੱਚ ਵਾਧਾ।

**ਪ੍ਰਸ਼ਨ 9. ਅਸਲੀ ਧਾਰਮਿਕ ਜੀਵਨ ਦੀ ਨੀਂਹ ਕਿੱਥੋਂ ਦੀ ਰਹਿਣੀ-ਬਹਿਣੀ ਵਿੱਚ ਰੱਖੀ ਜਾ ਸਕਦੀ ਹੈ**?

ਉੱਤਰ - ਘਰ ਦੀ।

**ਪ੍ਰਸ਼ਨ 10. ਘਰੋਗੀ ਜੀਵਨ ਉੱਤੇ ਕਿੰਨਾ ਨੇ ਜ਼ੋਰ ਦਿੱਤਾ ਹੈ**?

ਉੱਤਰ - ਸਿੱਖ ਗੁਰੂਆਂ ਨੇ।

**ਪ੍ਰਸ਼ਨ 11. ਪਿਆਰ, ਹਮਦਰਦੀ, ਕੁਰਬਾਨੀ ਤੇ ਸੇਵਾ ਆਦਿ ਗੁਣ ਕਿੱਥੇ ਸਿੱਖੇ ਜਾ ਸਕਦੇ ਹਨ**?

ਉੱਤਰ - ਘਰ ਵਿੱਚ।

**ਪ੍ਰਸ਼ਨ 12. ਸਮਾਜ ਤੇ ਦੇਸ਼ ਦਾ ਪਿਆਰ ਕਿੱਥੋਂ ਪੈਦਾ ਹੁੰਦਾ ਹੈ**?

ਉੱਤਰ - ਘਰ ਦੇ ਪਿਆਰ ਤੋਂ।

**ਪ੍ਰਸ਼ਨ 13. ਲੇਖਕ ਦੇ ਪਿੰਡ ਦਾ ਕੀ ਨਾਂ ਸੀ**?

ਉੱਤਰ - ਅਡਿਆਲਾ।

**ਪ੍ਰਸ਼ਨ 14. ਲੇਖਕ ਰਾਵਲਪਿੰਡੀ ਤੋਂ ਆਪਣੇ ਪਿੰਡ ਕਦੋਂ ਆਉਂਦਾ ਸੀ**?

ਉੱਤਰ - ਹਰ ਐਤਵਾਰ ਨੂੰ।

# ਕਹਾਣੀ-ਭਾਗ

## 1. ਕੁਲਫ਼ੀ

## ਕਹਾਣੀਕਾਰ - ਪ੍ਰਿੰ: ਸੁਜਾਨ ਸਿੰਘ

### ••• ਸਾਰ •••

'ਕੁਲਫ਼ੀ' ਕਹਾਣੀ ਵਿੱਚ ਪ੍ਰਿੰ: ਸੁਜਾਨ ਸਿੰਘ ਨੇ ਘੱਟ ਤਨਖ਼ਾਹ ਲੈਣ ਵਾਲੇ ਮੁਲਾਜ਼ਮ ਦੀ ਆਰਥਕ ਹਾਲਤ ਨੂੰ ਬਿਆਨ ਕਰਦੇ ਹੋਏ ਦੱਸਿਆ ਕਿ ਕਿਵੇਂ ਉਹ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਜ਼ਰੂਰੀ ਲੋੜਾਂ ਅਤੇ ਖਾਹਸ਼ਾਂ ਨੂੰ ਦਬਾਅ ਕੇ ਰੱਖਦਾ ਹੈ। ਜੂਨ ਮਹੀਨੇ ਦੀ ਦੁਪਹਿਰ ਨੂੰ ਕਹਾਣੀਕਾਰ ਸੁੱਤਾ ਪਿਆ ਸੀ। ਗਲ਼ੀ 'ਚੋਂ ਵਾਰੀ-ਵਾਰੀ ਕੁਲਫ਼ੀ ਅਤੇ ਮੁਰਮਰਾ ਵੇਚਣ ਵਾਲ਼ੇ ਦੀ ਅਵਾਜ਼ ਸੁਣਾਈ ਦਿੱਤੀ। ਉਸ ਦਾ ਛੋਟਾ ਕਾਕਾ ਉਸ ਨੂੰ ਜਗਾ ਕੇ ਟਕਾ ਮੰਗਣ ਲੱਗਾ, ਪਰ ਮਹੀਨੇ ਦੀ 26 ਤਾਰੀਖ਼ ਹੋਣ ਕਰਕੇ ਜੇਬ ਖ਼ਾਲੀ ਸੀ। ਕਿਉਂਕਿ ਲੇਖਕ ਦੀ ਘੱਟ ਤਨਖ਼ਾਹ ਮਹੀਨੇ ਦੇ ਪਹਿਲੇ ਪੰਦਰਾਂ ਦਿਨ ਵਿੱਚ ਹੀ ਖ਼ਰਚ ਹੋ ਜਾਂਦੀ ਹੈ। ਕਹਾਣੀਕਾਰ ਨੇ ਸ਼ਾਮੀ ਬਜ਼ਾਰੋਂ ਕੁਲਫ਼ੀ ਖੁਆਉਣ ਦਾ ਇੱਕਰਾਰ ਕਰਕੇ ਇੱਕ ਵਾਰ ਤਾਂ ਕਾਕੇ ਤੋਂ ਪਿੱਛਾ ਛੁਡਾਇਆ ਅਤੇ ਆਪ ਘਰੋਂ ਬਾਹਰ ਚਲਾ ਗਿਆ। ਸ਼ਾਮ ਨੂੰ ਜਦੋਂ ਉਹ ਘਰ ਪਰਤਿਆ ਤਾਂ ਕਾਕੇ ਨੇ ਕੁਲਫ਼ੀ ਦੀ ਮੰਗ ਕੀਤੀ, ਪਰ ਕਹਾਣੀਕਾਰ ਨੇ ਦਬਕਾ ਮਾਰ ਕੇ ਅਤੇ ਅਗਲੇ ਦਿਨ ਦਾ ਇੱਕਰਾਰ ਕਰ ਕੇ ਚੁੱਪ ਕਰਵਾਇਆ।

ਅਗਲੇ ਦਿਨ ਉਸ ਨੇ ਇੱਕ ਸਾਥੀ ਤੋਂ ਤਿੰਨ ਰੁਪਏ ਉਧਾਰ ਲਏ, ਪਰ ਉਹ ਘਰ ਦੀਆਂ ਲੋੜਾਂ ਖ਼ਾਤਰ ਉਸ ਦੀ ਪਤਨੀ ਨੇ ਲੈ ਲਏ। ਕਾਕਾ ਦੁਪਹਿਰ ਦੀ ਨੀਂਦ ਲੈ ਰਿਹਾ ਸੀ। ਜਾਂਦਿਆਂ ਹੀ ਕਾਕੇ ਨੇ ਕੁਲਫ਼ੀ ਮੰਗੀ। ਕਹਾਣੀਕਾਰ ਨੇ ਫਿਰ ਸ਼ਾਮ ਦਾ ਇੱਕਰਾਰ ਕੀਤਾ। ਸ਼ਾਮ ਨੂੰ ਉਹ ਜਾਣ ਬੁੱਝ ਕੇ ਘਰ ਲੇਟ ਆਇਆ। ਕਾਕਾ ਸੌਂ ਚੁੱਕਾ ਸੀ। ਅੱਧੀ ਰਾਤ ਉਹ ਕੁਫ਼ੀ-ਕੁਫ਼ੀ ਬੁੜ-ਬੁੜਾਉਣ ਲੱਗਾ। ਸਵੇਰੇ ਉੱਠ ਕੇ ਉਸ ਨੇ ਕੁਲਫ਼ੀ ਨਾ ਮੰਗੀ। ਪਰ ਦੁਪਹਿਰੇ ਜਦੋਂ ਬਾਹਰੋਂ ਕੁਲਫ਼ੀ ਵਾਲ਼ੇ ਦੀ ਅਵਾਜ਼ ਆਈ, ਤਾਂ ਉਹ ਖੇਡ ਛੱਡ ਕੇ ਉਧਰ ਚਲਾ ਗਿਆ। ਕਹਾਣੀਕਾਰ ਦੱਬੇ ਪੈਰੀਂ ਉਸ ਮਗਰ ਗਿਆ।ਜਦੋਂ ਕੁਲਫ਼ੀ ਵਾਲ਼ਾ ਸ਼ਾਹਾਂ ਦੇ ਮੁੰਡੇ ਨੂੰ ਕੁਲਫ਼ੀ ਦੇ ਰਿਹਾ ਸੀ, ਤਾਂ ਕਾਕਾ ਉਸ ਨੂੰ ਧੁੱਸ ਦੇ ਕੇ ਪੈ ਗਿਆ , ਸ਼ਾਹਾਂ ਦਾ ਮੁੰਡਾ ਨਾਲੀ ਵਿੱਚ ਡਿੱਗ ਪਿਆ ਤੇ ਕੁਲਫ਼ੀ ਖ਼ਿਲਰ ਗਈ। ਜਦੋਂ ਉਹ ਉੱਠਿਆ ਤਾਂ ਕਾਕੇ ਨੇ ਫਿਰ ਢੁੱਡ ਮਾਰੀ ਤੇ ਉਹ ਮੁੜ ਡਿਗ ਪਿਆ। ਜਦੋਂ ਸ਼ਾਹਣੀ ਉਲ੍ਹਾਮਾ

ਦੇਣ ਆਈ ਤਾਂ ਕਾਕੇ ਦੀ ਮਾਂ ਕਾਕੇ ਦੇ ਚਪੇੜ ਮਾਰਨ ਲੱਗੀ।ਪਰ ਕਹਾਣੀਕਾਰ ਨੇ ਰੋਕ ਲਿਆ ਅਤੇ ਕਿਹਾ ਕਿ ਕੁੱਝ ਵੰਡ ਸ਼ੁਦੈਣੇ, ਕਾਇਰ ਪਿਉ ਦੇ ਘਰ ਬਹਾਦਰ ਪੁੱਤ ਜੰਮਿਆ ਹੈ।

## ••• ਛੋਟੇ ਉੱਤਰ ਵਾਲ਼ੇ ਪ੍ਰਸ਼ਨ •••

**ਪ੍ਰਸ਼ਨ 1. ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ?**

ਉੱਤਰ - ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਦੀਆਂ ਅੱਖਾਂ ਸਾਹਮਣੇ ਚਿੱਟੀ ਦੁੱਧ ਕੁਲਫ਼ੀ ਨੱਚਣ ਲੱਗੀ। ਉਸ ਦੇ ਮੂੰਹ ਵਿੱਚ ਪਾਣੀ ਆ ਗਿਆ ਪਰ ਉਹ ਆਪਣੀ ਆਰਥਿਕ ਤੰਗੀ ਕਰਕੇ ਕੁਲਫ਼ੀ ਖ਼ਰੀਦਣ ਤੋਂ ਅਸਮਰਥ ਸੀ। ਉਹ ਸੋਚ ਰਿਹਾ ਸੀ ਕਿ ਉਸ ਦੀ ਤਨਖ਼ਾਹ ਤਾਂ ਮਹੀਨੇ ਦੇ ਪਹਿਲੇ ਪੰਦਰਾਂ ਦਿਨ ਵਿੱਚ ਹੀ ਉਡ-ਪੁੱਡ ਜਾਂਦੀ ਹੈ। ਉਹ ਪੈਸੇ ਦੀ ਤੰਗੀ ਨੂੰ ਹਵਾਲ਼ਾਤ ਦੀ ਤੰਗੀ ਤੋਂ ਵੀ ਭੈੜੀ ਅਨੁਭਵ ਕਰ ਰਿਹਾ ਸੀ।

**ਪ੍ਰਸ਼ਨ 2. "ਤੁਸੀਂ ਤਕਾ ਦੇ ਦਿਉ, ਮੈਨੂੰ ਨਹੀਂ ਲਗਦੀ ਖੰਘ।" ਕਾਕੇ ਦੇ ਇਨ੍ਹਾਂ ਸ਼ਬਦਾਂ ਤੋਂ ਕੀ ਭਾਵ ਸੀ?**

ਉੱਤਰ - ਜਦੋਂ ਕਹਾਣੀਕਾਰ ਵੱਖ-ਵੱਖ ਬਹਾਣੇ ਬਣਾ ਕੇ ਕਾਕੇ ਨੂੰ ਟਕਾ ਦੇਣ ਤੋਂ ਟਾਲ਼-ਮਟੋਲ਼ ਕਰਦਾ ਹੈ, ਤਾਂ ਕਾਕਾ ਇਸ ਨੂੰ ਸਮਝ ਜਾਂਦਾ ਹੈ। ਜਦੋਂ ਲੇਖਕ ਮੁਰਮੁਰੇ ਨਾਲ਼ ਖੰਘ ਹੋਣ ਦਾ ਡਰ ਦਿੰਦਾ ਹੈ, ਤਾਂ ਕਾਕਾ ਉਸ ਦੀ ਗੱਲ ਰੱਦ ਕਰਦਾ ਹੈ ਅਤੇ ਆਖਦਾ ਹੈ ਮੈਨੂੰ ਖੰਘ ਨਹੀਂ ਲੱਗਦੀ। ਤੁਸੀਂ ਮੈਨੂੰ ਟਕਾ ਦੇ ਦੇਵੋ।

**ਪ੍ਰਸ਼ਨ 3. ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ?**

ਉੱਤਰ - ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਇਹ ਦੱਸਣ ਲਈ ਕਰਦਾ ਹੈ ਕਿ ਪਹਿਲੇ ਵਿਸ਼ਵ ਯੁੱਧ ਤੋਂ ਮਗਰੋਂ ਕਿਸ ਤਰ੍ਹਾਂ ਤੇਜ਼ੀ ਨਾਲ਼ ਮਹਿੰਗਾਈ ਵਧੀ। ਪੜ੍ਹੇ-ਲਿਖੇ ਲੋਕਾਂ ਦੀ ਤਨਖ਼ਾਹ ਪਹਿਲਾਂ ਦੇ ਘੱਟ ਪੜ੍ਹੇ ਲਿਖੇ ਲੋਕਾਂ ਦੀ ਤਨਖ਼ਾਹ ਨਾਲੋਂ ਘੱਟ ਹੈ। ਲੋਕਾਂ ਦਾ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ । ਇਸ ਦਾ ਕਾਰਨ ਉਹ ਸਮਝਦਾ ਹੈ ਕਿ ਦੇਸ਼ ਦੀ ਆਰਥਿਕਤਾ ਉੱਤੇ ਧਨ-ਕੁਬੇਰਾਂ ਦਾ ਕਬਜ਼ਾ ਹੋ ਗਿਆ ਹੈ।

**ਪ੍ਰਸ਼ਨ 4. ਲੇਖਕ ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ?**

ਉੱਤਰ - ਲੇਖਕ ਨੂੰ ਡਰ ਸੀ ਕਿ ਜੇ ਉਸ ਨੇ ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਕੀਤੀ, ਤਾਂ ਉਹ ਉਸ ਨੂੰ ਨੌਕਰੀ ਤੋਂ ਹੀ ਨਾ ਕੱਢ ਦੇਵੇ। ਕਿਸੇ ਸਾਥੀ ਨੇ ਵੀ ਲੇਖਕ ਦਾ ਸਾਥ ਨਹੀਂ ਦੇਣਾ। ਜੇਕਰ ਉਹ ਬੇਰੁਜਗਾਰ ਹੋ ਗਿਆ ਤਾਂ ਉਸ ਦੇ ਪਰਿਵਾਰ ਦਾ ਗੁਜ਼ਾਰਾ ਕਿਵੇਂ ਹੋਵੇਗਾ।

**ਪ੍ਰਸ਼ਨ 5. ਸ਼ਾਹਾਂ ਦੇ ਮੁੰਡੇ ਤੋਂ ਕੁਲਫ਼ੀ ਖੋਹਣ 'ਤੇ ਕਾਕੇ ਦੇ ਮਾਪਿਆਂ ਦੀ ਕੀ ਪ੍ਰਤੀਕਿਰਿਆ ਸੀ?**

ਉੱਤਰ - ਜਦੋਂ ਸ਼ਾਹਣੀ ਲੇਖਕ ਦੇ ਘਰ ਉਲ੍ਹਾਮਾ ਦੇਣ ਆਈ, ਤਾਂ ਲੇਖਕ ਦੀ ਪਤਨੀ ਕਾਕੇ ਦੇ ਚਪੇੜ ਮਾਰਨ ਲੱਗੀ। ਪਰ ਲੇਖਕ ਨੇ ਉਸ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਉਹ ਕਾਕੇ ਨੂੰ ਮਾਰੇ ਨਾ ਸਗੋਂ ਕੁਝ ਵੰਡੇ ਕਿਉਂਕਿ ਕਾਇਰ ਪਿਉ ਦੇ ਘਰ ਬਹਾਦਰ ਪੁੱਤ ਜੰਮਿਆ ਹੈ।

**ਪ੍ਰਸ਼ਨ 6. ਕਾਕਾ ਸੁਪਨੇ ਵਿੱਚ ਕਿਉਂ ਬੁੜਬੁੜਾ ਰਿਹਾ ਸੀ?**

ਉੱਤਰ - ਕਾਕਾ ਸੁਪਨੇ ਵਿੱਚ ਇਸ ਕਰਕੇ ਬੁੜ-ਬੁੜਾ ਰਿਹਾ ਸੀ, ਕਿਉਂਕਿ ਭਾਵੇਂ ਉਹ ਸੁੱਤਾ ਪਿਆ ਸੀ ਪਰ ਉਸ ਦਾ ਅਚੇਤ ਮਨ ਜਾਗ ਰਿਹਾ ਸੀ ਅਤੇ ਉਸ ਦੇ ਅਚੇਤ ਮਨ ਉੱਤੇ ਉਸ ਦੀ ਕੁਲਫ਼ੀ ਖਾਣ ਦੀ ਅਪੂਰਤ ਇੱਛਾ ਹੀ ਭਾਰੂ ਸੀ। ਮਨੋਵਿਗਿਆਨ ਅਨੁਸਾਰ ਇਹ ਕਾਕੇ ਦੀ ਸਿਹਤਮੰਦ ਮਾਨਸਿਕ ਅਵਸਥਾ ਦਾ ਸੂਚਕ ਨਹੀਂ।

**ਪ੍ਰਸ਼ਨ 7. ਲੇਖਕ 'ਕੁਲਫ਼ੀ' ਕਹਾਣੀ ਵਿੱਚ ਕੀ ਸੰਦੇਸ਼ ਦੇਣਾ ਚਾਹੁੰਦਾ ਹੈ?**

ਉੱਤਰ - ਕਹਾਣੀਕਾਰ ਇਸ ਕਹਾਣੀ ਵਿੱਚ ਦੱਸਣਾ ਚਾਹੁੰਦਾ ਹੈ ਕਿ ਕਿਰਤੀ ਦੀਆਂ ਆਰਥਿਕ ਮੁਸ਼ਕਲਾਂ ਦਾ ਹੱਲ ਸਰਮਾਏਦਾਰਾਂ ਕੋਲੋਂ ਧਨ ਅਤੇ ਜਾਇਦਾਦ ਖੋਹ ਲੈਣ ਨਾਲ਼ ਹੀ ਹੋ ਸਕਦਾ ਹੈ। ਕਹਾਣੀਕਾਰ ਕੁਲਫ਼ੀ ਖੋਹਣ ਦੀ ਘਟਨਾ ਤੋਂ ਮਾਸੂਮ ਬੱਚੇ ਵਿੱਚ ਵਿਦਰੋਹ ਦੀ ਭਾਵਨਾ ਦਿਖਾ ਕੇ ਭਵਿੱਖ ਵਿੱਚ ਜਾਗ ਰਹੇ ਲੋਕ-ਯੁੱਧ ਦਾ ਦ੍ਰਿਸ਼ ਸਾਕਾਰ ਕਰਦਾ ਹੈ। ਇਸ ਪ੍ਰਕਾਰ ਇਹ ਕਹਾਣੀ ਕ੍ਰਾਂਤੀਕਾਰੀ ਤੇ ਅਗਾਂਹਵਧੂ ਭਾਵਨਾ ਦਾ ਸੰਦੇਸ਼ ਦਿੰਦੀ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰਸ਼ਨ 1. 'ਕੁਲਫੀ' ਕਹਾਣੀ ਦਾ ਲੇਖਕ ਕੌਣ ਹੈ?**

ਉੱਤਰ - ਪ੍ਰਿੰਸੀਪਲ ਸੁਜਾਨ ਸਿੰਘ।

**ਪ੍ਰਸ਼ਨ 2. 'ਕੁਲਫੀ' ਕਹਾਣੀ ਦੀ ਘਟਨਾ ਕਿਹੜੇ ਮਹੀਨੇ ਵਿੱਚ ਵਾਪਰਦੀ ਹੈ?**

ਉੱਤਰ - ਜੂਨ ਵਿੱਚ।

**ਪ੍ਰਸ਼ਨ 3. ਲੇਖਕ ਦੀ ਆਰਥਕ ਹਾਲਤ ਕਿਹੋ ਜਿਹੀ ਹੈ?**

ਉੱਤਰ - ਗਰੀਬੀ ਭਰੀ।

**ਪ੍ਰਸ਼ਨ 4. ਕਾਕੇ ਨੇ ਲੇਖਕ ਨੂੰ ਜਗਾ ਕੇ ਕੀ ਮੰਗਿਆ?**

ਉੱਤਰ - ਟਕਾ।

**ਪ੍ਰਸ਼ਨ 5. 'ਕੁਲਫੀ' ਕਹਾਣੀ ਦੀ ਘਟਨਾ ਕਿਸ ਤਾਰੀਖ਼ ਨੂੰ ਵਾਪਰਦੀ ਹੈ?**

ਉੱਤਰ - 26 ਜੂਨ ਨੂੰ।

**ਪ੍ਰਸ਼ਨ 6. ਕੁਲਫੀ ਵੇਚਣ ਵਾਲ਼ੇ ਤੋਂ ਮਗਰੋਂ ਕਿਹੜੀ ਚੀਜ਼ ਵਿਕਣ ਲਈ ਆਈ?**

ਉੱਤਰ - ਮੁਰਮੁਰੇ।

**ਪ੍ਰਸ਼ਨ 7. ਪਹਿਲੀ ਜੰਗ ਤੋਂ ਮਗਰੋਂ ਕਿੰਨੇ ਦੇ ਛੋਲੇ ਲਏ ਮੁੱਕਦੇ ਨਹੀਂ ਸਨ?**

ਉੱਤਰ - ਧੇਲੇ ਦੇ।

**ਪ੍ਰਸ਼ਨ 8. ਲੇਖਕ ਕਿਸ ਦੀ ਦੁਕਾਨ ਤੋਂ ਛੋਲੇ ਲੈਂਦਾ ਹੁੰਦਾ ਸੀ?**

ਉੱਤਰ - ਮਸੱਦੀ ਰਾਮ ਦੀ।

**ਪ੍ਰਸ਼ਨ 9. ਕਾਕਾ ਅਸਮਾਨ ਦੇ ਤਾਰਿਆਂ ਨੂੰ ਕੀ ਸਮਝਦਾ ਸੀ?**

ਉੱਤਰ – ਰੁਪਏ।

**ਪ੍ਰਸ਼ਨ 10. ਲੇਖਕ ਨੇ ਆਪਣੇ ਕਿਸੇ ਸਾਥੀ ਤੋਂ ਕਿੰਨੇ ਰੁਪਏ ਲਏ?**

ਉੱਤਰ - ਤਿੰਨ।

**ਪ੍ਰਸ਼ਨ 11. ਲੇਖਕ ਦੁਆਰਾ ਸਾਥੀ ਤੋਂ ਮੰਗ ਕੇ ਲਿਆਂਦੇ ਰੁਪਏ ਕਿਸ ਨੇ ਲੈ ਲਏ?**

ਉੱਤਰ - ਉਸ ਦੀ ਪਤਨੀ ਨੇ।

**ਪ੍ਰਸ਼ਨ 12. ਗਲ਼ੀ ਦਾ ਬੁਲੀ ਕੌਣ ਸੀ?**

ਉੱਤਰ - ਸ਼ਾਹਾਂ ਦਾ ਮੁੰਡਾ।

**ਪ੍ਰਸ਼ਨ 13. ਕਾਕੇ ਦੇ ਧੱਕੇ ਮਾਰਨ ਨਾਲ਼ ਸ਼ਾਹਾਂ ਦਾ ਮੁੰਡਾ ਕਿੱਥੇ ਡਿੱਗਿਆ?**

ਉੱਤਰ - ਨਾਲੀ ਵਿੱਚ।

**ਪ੍ਰਸ਼ਨ 14. ਸ਼ਾਹਾਂ ਦੇ ਮੁੰਡੇ ਦੀ ਉਮਰ ਕਿੰਨੀ ਸੀ?**

ਉੱਤਰ - ਅੱਠ ਸਾਲ।

**ਪ੍ਰਸ਼ਨ 15. ਕਾਕੇ ਦੀ ਉਮਰ ਕਿੰਨੀ ਸੀ?**

ਉੱਤਰ - ਸਾਢੇ ਕੁ ਚਾਰ ਸਾਲ।

## 2. ਮੜ੍ਹੀਆਂ ਤੋਂ ਦੂਰ

## ਲੇਖਕ - ਰਘੁਵੀਰ ਢੰਡ

### ••• ਸਾਰ •••

ਬਲਵੰਤ ਰਾਏ ਨੂੰ ਇੰਗਲੈਂਡ ਰਹਿੰਦਿਆਂ ਪੱਚੀ ਸਾਲ ਹੋ ਹਨ। ਆਪਣੀ ਮਾਂ ਦੀ ਇੱਛਾ ਪੂਰੀ ਕਰਨ ਲਈ ਉਸ ਨੂੰ ਆਪਣੇ ਨਾਲ਼ ਇੰਗਲੈਂਡ ਲੈ ਗਿਆ। ਐਤਵਾਰ ਨੂੰ ਕਹਾਣੀਕਾਰ ਨੇ ਬਲਵੰਤ ਰਾਏ ਦੇ ਪਰਿਵਾਰ ਨੂੰ ਉਸ ਦੀ ਮਾਂ ਸਮੇਤ ਖਾਣੇ ਉੱਤੇ ਸੱਦਿਆ, ਤਾਂ ਗੱਲਾਂ-ਗੱਲਾਂ ਵਿੱਚ ਬਲਵੰਤ ਰਾਏ ਦੀ ਮਾਂ ਕਹਾਣੀਕਾਰ ਦੀ ਪਤਨੀ ਦੀ ਮਾਂ ਦੇ ਸ਼ਹਿਰ ਰਾਵਲਪਿੰਡੀ ਦੀ ਹੋਣ ਕਰਕੇ ਉਸ ਦੀ ਮਾਸੀ ਬਣ ਗਈ। ਕਹਾਣੀਕਾਰ ਤੇ ਉਸਦੀ ਪਤਨੀ ਮਾਸੀ ਦੇ ਮਿਲਾਪੜੇ ਸੁਭਾਅ ਵੱਲ ਮੋਹੇ ਗਏ। ਅਗਲੇ ਐਤਵਾਰ ਜਦੋਂ ਕਹਾਣੀਕਾਰ ਤੇ ਉਸ ਦੀ ਪਤਨੀ ਨੇ ਮਾਸੀ ਨੂੰ ਗੁਰਦੁਆਰੇ ਲਿਜਾਣਾ ਚਾਹਿਆ ਤਾਂ ਉਸ ਦੇ ਪੁੱਤਰ, ਨੂੰਹ ਅਤੇ ਪੁੱਤ-ਪੋਤੀਆਂ ਵਿੱਚੋਂ ਕੋਈ ਵੀ ਵਿਹਲ ਜਾਂ ਰੁਚੀ ਦੀ ਘਾਟ ਦੱਸ ਕੇ ਨਾਲ਼ ਨਾ ਤੁਰਿਆ। ਮਾਸੀ ਨੇ ਗੁਰਦੁਆਰੇ ਜਾ ਕੇ ਜਦੋਂ ਲੰਗਰ ਪਕਾਇਆ ਤੇ ਫਿਰ ਮੰਦਰ ਵਿਚ ਭਜਨ ਗਾਏ ਤਾਂ ਦੋਹਾਂ ਥਾਵਾਂ ਦੇ ਪ੍ਰਧਾਨ ਬਹੁਤ ਪ੍ਰਭਾਵਿਤ ਹੋਏ। ਮਾਸੀ ਨੂੰ ਇੰਗਲੈਂਡ, ਓਥੋਂ ਦੇ ਲੋਕਾਂ, ਖੁੱਲ੍ਹੀਆਂ ਸੜਕਾਂ, ਸਾਫ਼-ਸੁਥਰਾ ਵਾਤਾਵਰਨ , ਖੁੱਲ੍ਹੇ ਖਾਣ-ਪੀਣ ਤੇ ਹੋਰਨਾਂ ਸਹੂਲਤਾਂ ਕਰਕੇ ਸੁਰਗ ਜਾਪਦਾ ਸੀ। ਇਹ ਸਭ ਦੇਖ ਕੇ ਉਹ ਚਾਹੁੰਣ ਲੱਗੀ ਕਿ ਉਹ ਸਦਾ ਹੀ ਉੱਥੇ ਰਹੇ ਤੇ ਉਸ ਦੇ ਪਤੀ ਨੂੰ ਵੀ ਉੱਥੇ ਬੁਲਾ ਲਿਆ ਜਾਵੇ। ਇੱਕ ਦਿਨ ਕਹਾਣੀਕਾਰ ਨੂੰ ਮਾਸੀ ਦਾ ਟੈਲੀਫ਼ੋਨ ਆਇਆ। ਲੇਖਕ ਮਾਸੀ ਦੀਆਂ ਗੱਲਾਂ ਸੁਣ ਸਮਝ ਗਿਆ ਕਿ ਉਹ ਬਹੁਤ ਉਦਾਸ ਹੈ। ਕਹਾਣੀਕਾਰ ਜਦੋਂ ਉਸ ਦੇ ਕੋਲ ਪੁੱਜਾ, ਤਾਂ ਉਹ ਭੁੱਬਾਂ ਮਾਰ-ਮਾਰ ਕੇ ਰੋਣ ਲੱਗ ਪਈ ਤੇ ਕਹਿਣ ਲੱਗੀ ਕਿ ਉਹ ਬਲਵੰਤ ਨੂੰ ਆਖ ਕੇ ਉਸ ਨੂੰ ਛੇਤੀ ਤੋਂ ਛੇਤੀ ਇੰਡੀਆ ਭਿਜਵਾ ਦੇਵੇ। ਕਹਾਣੀਕਾਰ ਨੂੰ ਮਾਸੀ ਤੋਂ ਪੁੱਛਣ ਤੇ ਪਤਾ ਲੱਗਾ ਕਿ ਇੰਗਲੈਂਡ ਦੇ ਜੀਵਨ ਤੋਂ ਮਾਸੀ ਦਾ ਇਸ ਕਰਕੇ ਮੋਹ ਛੁੱਟ ਗਿਆ ਕਿ ਉਸ ਦੇ ਪੁੱਤਰ ਬਲਵੰਤ ਰਾਏ ਕੋਲ ਉਸ ਦੀ ਕੋਈ ਗੱਲ ਸੁਣਨ ਦਾ ਵਕਤ ਨਹੀਂ ਹੈ। ਉਸ ਦੀ ਨੂੰਹ ਦਾ ਸੁਭਾਅ ਤਾਂ ਗੋਰਿਆਂ ਤੋਂ ਵੀ ਭੈੜਾ ਹੈ। ਉਹਨਾਂ ਦੇ ਬੱਚੇ ਮੁੰਡਾ ਤੇ ਕੁੜੀਆਂ ਉਨ੍ਹਾਂ ਦੇ ਕਹਿਣੇ ਵਿੱਚ ਨਹੀਂ। ਵੱਡੀ ਕੁੜੀ ਮੀਰਾ ਚੰਗੀ ਹੈ, ਪਰ ਉਸ ਨਾਲ਼ ਮਾਸੀ ਦੀ ਬੋਲੀ ਦੀ ਸਾਂਝ ਨਹੀਂ ਹੈ। ਉਹ ਉਨ੍ਹਾਂ ਲਈ

ਖਾਣਾ ਬਣਾ ਕੇ ਵਕਤ ਨਹੀਂ ਗੁਜ਼ਾਰ ਸਕਦੀ ਕਿਉਂਕਿ ਸਾਰਿਆਂ ਦੇ ਖਾਣ-ਪੀਣ ਦੇ ਰਾਹ ਅਲੱਗ-ਅਲੱਗ ਹਨ। ਮਾਸੀ ਇਹ ਸਾਰੀਆਂ ਗੱਲਾਂ ਦੱਸ ਕੇ ਮੁੜ ਰੋਣ ਲੱਗ ਪਈ। ਕਹਾਣੀਕਾਰ ਨੇ ਉਸ ਨੂੰ ਤਸੱਲੀ ਦਿੰਦਿਆਂ ਕਿਹਾ ਕਿ ਹੁਣ ਉਸ ਨੂੰ ਇੰਡੀਆ ਜਾਣਾ ਹੀ ਚਾਹੀਦਾ ਹੈ ਨਹੀਂ ਤਾਂ ਇਹ ਮੜ੍ਹੀਆਂ ਵਰਗੀ ਇਕੱਲ ਉਸ ਨੂੰ ਨਿਗਲ ਜਾਵੇਗੀ। ਮਾਸੀ ਨੇ ਹੁਣ ਇੰਗਲੈਂਡ ਨੂੰ ਮੜ੍ਹੀਆਂ ਤੋਂ ਵੀ ਕੋਈ ਦੂਰ ਦੀ ਕੋਈ ਚੀਜ਼ ਦੱਸਿਆ।

## ••• ਛੋਟੇ ਉੱਤਰ ਵਾਲੇ ਪ੍ਰਸ਼ਨ •••

**ਪ੍ਰਸ਼ਨ 1. ਵਿਦੇਸ਼ੋਂ ਆਏ ਬਲਵੰਤ ਰਾਏ ਨੂੰ ਉਸ ਦੀ ਮਾਂ ਕੀ ਕਹਿੰਦੀ ਹੈ?**

ਉੱਤਰ - ਵਿਦੇਸ਼ੋਂ ਆਏ ਬਲਵੰਤ ਰਾਏ ਦੀ ਮਾਂ ਉਸ ਨੂੰ ਗੁੱਸੇ, ਦੁੱਖ ਅਤੇ ਨਿਹੋਰਿਆਂ ਨਾਲ਼ ਕਹਿੰਦੀ ਹੈ ਕਿ ਉਸ ਨੂੰ ਪੱਚੀ ਸਾਲ ਇੰਗਲੈਂਡ ਗਏ ਨੂੰ ਹੋ ਗਏ ਹਨ ਲੋਕਾਂ ਦੇ ਮੁੰਡਿਆਂ ਨੇ ਆਪਣੀਆਂ ਮਾਵਾਂ ਨੂੰ ਕਈ ਕਈ ਵਾਰੀ ਇੰਗਲੈਂਡ ਬੁਲਾਇਆ ਹੈ, ਪਰ ਉਸ ਨੇ ਉਸ ਨੂੰ ਕਦੇ ਨਹੀਂ ਬੁਲਾਇਆ ਜਿਸ ਕਰਕੇ ਆਂਢਣਾਂ-ਗੁਆਂਢਣਾਂ ਬੋਲੀਆਂ ਮਾਰਦੀਆਂ ਹਨ। ਉਹ ਉਨ੍ਹਾਂ ਨੂੰ ਮੂੰਹ ਵਿਖਾਉਣ ਜੋਗੀ ਨਹੀਂ ਹੈ। ਉਹ ਤਾਂ ਰਨ ਦਾ ਹੋ ਕੇ ਹੀ ਰਹਿ ਗਿਆ ਹੈ ਅਤੇ ਆਪਣੀ ਮਾਂ ਨੂੰ ਭੁੱਲ ਗਿਆ ਹੈ, ਜਿਸ ਨੇ ਉਸ ਦਾ ਪਾਲਣ-ਪੋਸ਼ਣ ਕਰਦਿਆਂ ਕਿੰਨੇ ਦੁੱਖ ਸਹਾਰੇ ਸਨ।

**ਪ੍ਰਸ਼ਨ 2. ਲੇਖਕ ਦੀ ਮਾਸੀ ਦਾ ਸੁਭਾਅ ਕਿਹੋ ਜਿਹਾ ਹੈ?**

ਉੱਤਰ - ਮਾਸੀ 'ਮੜ੍ਹੀਆਂ ਤੋਂ ਦੂਰ' ਕਹਾਣੀ ਦੀ ਮੁੱਖ ਪਾਤਰ ਹੈ। ਉਹ ਸਰੀਰਕ ਤੌਰ ਤੇ ਖ਼ੂਬਸੂਰਤ ਹੋਣ ਤੋਂ ਇਲਾਵਾ ਮਿਲਾਪੜੇ, ਮਿੱਠੇ ਅਤੇ ਮੋਹ ਲੈਣ ਵਾਲ਼ੇ ਸਭਾਅ ਦੀ ਮਾਲਕ ਹੈ। ਆਪਣੀ ਇੰਗਲੈਂਡ ਜਾਣ ਦੀ ਇੱਛਾ ਪੂਰੀ ਕਰਨ ਲਈ ਉਹ ਨਿਹੋਰਿਆਂ ਤੇ ਗਿਲਿਆਂ ਤੋਂ ਕੰਮ ਲੈਂਦੀ ਹੈ। ਭਾਵੁਕ ਹੋਣ ਕਰਕੇ ਸ਼ੁਰੂ ਵਿੱਚ ਉਹ ਇੰਗਲੈਂਡ ਦੀ ਖ਼ੁਸ਼ਹਾਲੀ, ਸੁੰਦਰਤਾ ਅਤੇ ਸੁੱਖ ਸਹੂਲਤਾਂ ਨੂੰ ਦੇਖ ਕੇ ਮੋਹਿਤ ਹੋ ਜਾਂਦੀ ਹੈ। ਇਹ ਸਭ ਦੇਖ ਕੇ ਉਹ ਇੰਗਲੈਂਡ ਦੀਆਂ ਸਿਫਤਾਂ ਕਰਦੀ ਹੈ ਅਤੇ ਇੰਡੀਆ ਦੀ ਨਿੰਦਿਆ ਕਰਦੀ ਹੈ। ਉਹ ਧਾਰਮਿਕ ਭੇਦਭਾਵ ਤੋਂ ਰਹਿਤ, ਲੰਗਰ ਵਿੱਚ ਸੇਵਾ ਕਰਨ ਵਾਲ਼ੀ ਅਤੇ ਭਜਨ ਗਾਉਣ ਵਾਲ਼ੀ ਔਰਤ ਹੈ। ਉਹ ਸਫ਼ਾਈ ਪਸੰਦ ਅਤੇ ਖਾਣ-ਪੀਣ ਦੀ ਸ਼ੌਕੀਨ ਹੈ, ਪਰ ਉਸ ਨੂੰ ਮਾਸਾਹਾਰੀ ਭੋਜਨ ਬਿਲਕੁਲ ਵੀ ਪਸੰਦ ਨਹੀਂ। ਉਹ ਇੰਗਲੈਂਡ ਦੇ ਬੇਗਾਨੇ ਸੱਭਿਆਚਾਰ ਵਿੱਚ ਅਪਣੱਤਹੀਨ ਜੀਵਨ ਨੂੰ ਦੇਖ ਕੇ ਘੋਰ ਨਿਰਾਸ਼ ਹੋ ਜਾਂਦੀ ਹੈ ਅਤੇ ਭਾਰਤ ਵਾਪਸ ਆਉਣਾ ਚਾਹੁੰਦੀ ਹੈ।

**ਪ੍ਰਸ਼ਨ 3. ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਬੱਚਿਆਂ ਦਾ ਆਪਣੇ ਮਾਪਿਆਂ ਪ੍ਰਤੀ ਵਤੀਰਾ ਕਿਹੋ ਜਿਹਾ ਹੈ?**

ਉੱਤਰ - ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਬੱਚੇ ਆਪਣੇ ਮਾਪਿਆਂ ਦੇ ਕਹਿਣੇ ਵਿੱਚ ਨਹੀਂ ਹਨ। ਉਹ ਆਪਣੀ ਮਰਜ਼ੀ ਨਾਲ਼ ਆਪਣੇ ਦੋਸਤਾਂ, ਮਿੱਤਰਾਂ ਨਾਲ਼ ਘੁੰਮਦੇ ਹਨ, ਪ੍ਰੋਗਰਾਮ ਬਣਾਉਂਦੇ ਹਨ, ਪਰ ਆਪਣੇ ਮਾਤਾ-ਪਿਤਾ ਦੀ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਨੂੰ ਮਾਪਿਆਂ ਨਾਲ਼ ਮੰਦਰ ਜਾਂ ਗੁਰਦੁਆਰੇ ਜਾਣਾ ਵੀ ਪਸੰਦ ਨਹੀਂ।

**ਪ੍ਰਸ਼ਨ 4. ਮਾਸੀ ਵੱਲੋਂ ਅਜਿਹੀ ਕਿਹੜੀ ਗੱਲ ਕਹੀ ਗਈ ਸੀ, ਜਿਸ ਨੇ ਲੇਖਕ ਨੂੰ ਕੀਲ ਲਿਆ ਸੀ?**

ਉੱਤਰ - ਜਦੋਂ ਮਾਸੀ ਨੇ ਲੇਖਕ ਦੇ ਪੁੱਛਣ ਤੇ ਦੱਸਿਆ ਕਿ ਉਹ ਗੁਰਦੁਆਰੇ ਅਤੇ ਮੰਦਰ ਵਿੱਚ ਫ਼ਰਕ ਨਹੀਂ ਸਮਝਦੀ, ਉਹ ਦੋਵੇਂ ਥਾਵਾਂ ਤੇ ਜਾਵੇਗੀ। ਪਾਕਿਸਤਾਨ ਬਣਨ ਤੋਂ ਪਹਿਲਾਂ ਹਿੰਦੂਆਂ ਨੂੰ ਗੁਰੂ-ਘਰ ਨਾਲ਼ ਬਹੁਤ ਪਿਆਰ ਅਤੇ ਲਗਾਅ ਸੀ। ਉਹ ਆਪਣੇ ਇਕ ਪੁੱਤਰ ਨੂੰ ਸਿੱਖ ਜ਼ਰੂਰ ਬਣਾਉਂਦੇ ਸਨ। ਇਰ ਫ਼ਰਕ ਵਾਲ਼ੀ ਬਿਮਾਰੀ ਤਾਂ ਹੁਣੇ ਹੀ ਚੱਲ ਪਈ ਹੈ। ਇਹਨਾਂ ਗੱਲਾਂ ਨੇ ਲੇਖਕ ਨੂੰ ਕੀਲ ਲਿਆ।

**ਪ੍ਰਸ਼ਨ 5. ਮਾਸੀ ਨੇ ਲੇਖਕ ਨੂੰ ਮੜ੍ਹੀਆਂ-ਸਿਵਿਆਂ ਵਰਗੇ ਨਹਿਸ ਬੋਲ ਬੋਲਣ ਤੋਂ ਕਿਉਂ ਵਰਜਿਆ?**

ਉੱਤਰ - ਮਾਸੀ ਜਦੋਂ ਪਹਿਲੀ ਵਾਰ ਇੰਗਲੈਂਡ ਗਈ, ਤਾਂ ਉਹ ਉਥੋਂ ਦੀ ਸਾਫ਼-ਸਫ਼ਾਈ, ਮੌਸਮ, ਸੁੱਖ-ਸਹੂਲਤਾਂ ਤੇ ਸੋਹਣੇ ਲੋਕਾਂ ਨੂੰ ਦੇਖ ਕੇ ਮੋਹਿਤ ਹੋ ਗਈ। ਮਾਸੀ ਨੂੰ ਉਹ ਥਾਂ ਸਵਰਗ ਵਰਗੀ ਜਾਪੀ। ਉਹ ਸਦਾ ਉੱਥੇ ਹੀ ਰਹਿਣਾ ਚਾਹੁੰਦੀ ਸੀ। ਲੇਖਕ ਇੰਗਲੈਂਡ ਦੀ ਮੜ੍ਹੀਆਂ ਵਰਗੀ ਚੁੱਪ ਅਤੇ ਅਪਣੱਤ ਭਰੇ ਜੀਵਨ ਤੋਂ ਜਾਣੂ ਸੀ। ਜਦੋਂ ਉਸ ਨੇ ਮਾਸੀ ਸਾਹਮਣੇ ਅਜਿਹੇ ਸ਼ਬਦ ਬੋਲੇ ਤਾਂ ਮਾਸੀ ਨੂੰ ਖ਼ੁਸ਼ਹਾਲ ਮੁਲਕ ਲਈ ਇਹ ਸ਼ਬਦ ਬੁਰੇ ਲੱਗੇ। ਇਸ ਕਰਕੇ ਉਸ ਨੇ ਲੇਖਕ ਨੂੰ ਬੋਲਣ ਤੋਂ ਵਰਜਿਆ।

**ਪ੍ਰਸ਼ਨ 6. "ਮੈਂ ਆਖਨੀਆਂ - ਬੰਤ ਬੇਟਾ, ਆਹ ਇੰਡੀਆ ਤੋਂ ਤੇਰੇ ਬਾਊ ਜੀ ਦੀ ਚਿੱਠੀ ਆਈ ਹੈ, ਨਾਲੇ ਤੇਰੀ ਭੈਣ ਦੀ ਵੀ।" ਮਾਸੀ ਨੇ ਇਹ ਸ਼ਬਦ ਲੇਖਕ ਨੂੰ ਕਿਉਂ ਕਹੇ?**

ਉੱਤਰ - ਮਾਸੀ ਨੇ ਇਹ ਸ਼ਬਦ ਇਸ ਲਈ ਕਹੇ ਕਿਉਂਕਿ ਉਹ ਲੇਖਕ ਨੂੰ ਦੱਸਣਾ ਚਾਹੁੰਦੀ ਸੀ ਕਿ ਉਸ ਦੇ ਪੁੱਤਰ ਬਲਵੰਤ ਰਾਏ ਦਾ ਹੁਣ ਆਪਣੇ ਪਰਿਵਾਰ ਤੋਂ ਬਿਨਾਂ ਦੂਸਰੇ ਰਿਸ਼ਤਿਆਂ ਨਾਲ਼ ਮੋਹ ਪਿਆਰ ਨਹੀਂ ਰਿਹਾ। ਉਹ ਸਵੇਰੇ ਜਲਦੀ ਚਲਾ ਜਾਂਦਾ ਹੈ ਅਤੇ ਰਾਤ ਨੂੰ ਦੇਰ ਨਾਲ਼ ਘਰ ਆਉਂਦਾ ਹੈ। ਬਾਊ ਜੀ ਅਤੇ ਭੈਣ ਦੀ ਚਿੱਠੀ ਬਾਰੇ ਸੁਣ ਕੇ ਵੀ ਉਸ ਨੇ ਕੋਈ ਦਿਲਚਸਪੀ ਜ਼ਾਹਰ ਨਹੀਂ ਕੀਤੀ। ਇਸ ਪ੍ਰਕਾਰ ਮਾਸੀ ਆਪਣੇ ਪੁੱਤਰ ਦੇ ਬੇਪਰਵਾਹੀ ਅਤੇ ਮੋਹ ਪਿਆਰ ਤੋਂ ਸੱਖਣੇ ਵਤੀਰੇ ਤੋਂ ਦੁਖੀ ਹੋਈ, ਇਹ ਲੇਖਕ ਨੂੰ ਦੱਸਦੀ ਹੈ।

**ਪ੍ਰਸ਼ਨ 7. ਮਾਸੀ ਇੰਗਲੈਂਡ ਤੋਂ ਇੰਡੀਆ ਕਿਉਂ ਪਰਤ ਆਉਣਾ ਚਾਹੁੰਦੀ ਹੈ?**

ਉੱਤਰ - ਸ਼ੁਰੂ ਵਿੱਚ ਤਾਂ ਮਾਸੀ ਇੰਗਲੈਂਡ ਦੀਆਂ ਸੁੱਖ-ਸਹੂਲਤਾਂ, ਖੁੱਲ੍ਹੇ-ਡੁਲ੍ਹੇ ਅਤੇ ਸਾਫ-ਸੁਥਰੇ ਵਾਤਾਵਰਣ ਤੋਂ ਬਹੁਤ ਪ੍ਰਭਾਵਤ ਹੋਈ, ਪਰ ਜਦੋਂ ਆਪਣੇ ਕੰਮਾਂ-ਕਾਰਾਂ ਵਿੱਚ ਵਿਅਸਥ ਹੋਣ ਕਾਰਨ ਮਾਸੀ ਦੇ ਪੁੱਤਰ ਬਲਵੰਤ ਰਾਏ ਅਤੇ ਉਸ ਦੀ ਨੂੰਹ ਮਾਸੀ ਲਈ ਵਕਤ ਨਾ ਕੱਢ ਸਕੇ, ਤਾਂ ਮਾਸੀ ਨੂੰ ਅਜਿਹੀ ਬੇਰੁਖ਼ੀ ਕਾਰਨ ਬਹੁਤ ਦੁੱਖ ਹੋਇਆ। ਮਾਸੀ ਦੇ ਪੋਤੇ-ਪੋਤੀਆਂ ਦਾ ਵਤੀਰਾ ਵੀ ਮੋਹ ਪਿਆਰ ਵਾਲ਼ਾ ਨਹੀਂ ਸੀ। ਮਾਸੀ ਨੂੰ ਉਹਨਾਂ ਦੇ ਲੱਛਣ ਵੀ ਚੰਗੇ ਨਾ ਜਾਪੇ। ਉਹ ਮਾਸ-ਮੱਛੀ ਖਾਂਦੇ ਹਨ, ਜਿਸ ਕਾਰਨ ਮਾਸੀ ਆਪਣਾ ਧਰਮ ਭ੍ਰਿਸ਼ਟ ਹੋਇਆ ਦੱਸਦੀ ਹੈ। ਉਨ੍ਹਾਂ ਨਾਲ਼ ਮਾਸੀ ਦੀ ਬੋਲੀ ਦੀ ਵੀ ਕੋਈ ਸਾਂਝ ਨਹੀਂ ਸੀ। ਬਲਵੰਤ ਰਾਏ ਕੋਲ ਬਾਊ ਜੀ ਅਤੇ ਭੈਣ ਜੀ ਦੀ ਚਿੱਠੀ ਪੜ੍ਹਨ ਦਾ ਵਕਤ ਨਹੀਂ ਸੀ, ਜੋ ਮਾਸੀ ਨੂੰ ਮੋਹ ਪਿਆਰ ਤੋਂ ਸੱਖਣਾ ਜਾਪਿਆ ਅਜਿਹੀ ਸ਼ਕਤੀ ਵਿੱਚ ਮਾਸੀ ਨੂੰ ਜਾਪਦਾ ਸੀ ਕਿ ਉਹ ਘੁੱਟ-ਘੁੱਟ ਕੇ ਮਰ ਜਾਵੇਗੀ। ਉੱਥੋਂ ਦਾ ਜੀਵਨ ਮਾਸੀ ਨੂੰ ਮੜ੍ਹੀਆਂ ਤੋਂ ਵੀ ਬੁਰਾ ਜਾਪਣ ਲੱਗ ਪਿਆ। ਇਸ ਕਰਕੇ ਮਾਸੀ ਭਾਰਤ ਪਰਤ ਆਉਣਾ ਚਾਹੁੰਦੀ ਹੈ।

**ਪ੍ਰਸ਼ਨ 8. ਬਲਵੰਤ ਰਾਏ ਦਾ ਸੁਭਾ ਕਿਹੋ ਜਿਹਾ ਹੈ?**

ਉੱਤਰ - ਬਲਵੰਤ ਰਾਏ 'ਮੜ੍ਹੀਆਂ ਤੋਂ ਦੂਰ' ਕਹਾਣੀ ਦਾ ਮਹੱਤਵਪੂਰਨ ਪਾਤਰ ਹੈ। ਉਹ ਪਿਛਲੇ ਪੱਚੀ ਸਾਲਾਂ ਤੋਂ ਇੰਗਲੈਂਡ ਰਹਿ ਰਿਹਾ ਹੈ। ਉਸ ਦੀ ਪਤਨੀ ਦਾ ਨਾਂ ਬਿੰਦੂ ਹੈ। ਉਸ ਦੇ ਦੋ ਧੀਆਂ ਅਤੇ ਇੱਕ ਪੁੱਤਰ ਹੈ। ਆਪਣੀ ਮਾਂ ਦੀ ਛਾਂ ਪੂਰੀ ਕਰਨ ਲਈ ਉਸ ਨੂੰ ਆਪਣੇ ਨਾਲ਼ ਇੰਗਲੈਂਡ ਲੈ ਜਾਂਦਾ ਹੈ। ਉਹ ਅਤੇ ਉਸ ਦੀ ਪਤਨੀ ਦੁਕਾਨ ਚਲਾਉਂਦੇ ਹਨ,ਜਿਸ ਕਾਰਨ ਉਹ ਕੰਮ ਵਿੱਚ ਵਿਅਸਥ ਹੋ ਕੇ ਆਪਣੀ ਮਾਂ ਲਈ ਸਮਾਂ ਨਹੀਂ ਕੱਢ ਸਕਦਾ। ਬਲਵੰਤ ਰਾਏ ਦਾ ਸਰੀਰਕ ਰੰਗ-ਰੂਪ ਆਪਣੀ ਮਾਂ ਦੇ ਮੁਕਾਬਲੇ ਕਣਕ ਵਿੱਚ ਕਾਂਗਿਆਰੀ ਵਾਂਗ ਹੈ। ਉਹ ਪਿਆਰ ਕਰਨ ਵਾਲ਼ਾ, ਸਪੱਸ਼ਟ, ਪਰ ਬੇਵੱਸ ਇਨਸਾਨ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰਸ਼ਨ 1. 'ਮੜ੍ਹੀਆਂ ਤੋਂ ਦੂਰ' ਕਹਾਣੀ ਦਾ ਲੇਖਕ ਕੌਣ ਹੈ?**

ਉੱਤਰ - ਰਘਬੀਰ ਢੰਡ।

**ਪ੍ਰਸ਼ਨ 2. ਬਲਵੰਤ ਰਾਏ ਨੂੰ ਇੰਗਲੈਂਡ ਵਿੱਚ ਰਹਿੰਦੇ ਕਿੰਨੇ ਸਾਲ ਹੋ ਗਏ ਸਨ?**

ਉੱਤਰ - ਪੱਚੀ।

**ਪ੍ਰਸ਼ਨ 3. ਕਹਾਣੀਕਾਰ ਨੂੰ ਕਿਸ ਦਾ ਟੈਲੀਫ਼ੋਨ ਆਇਆ ਸੀ**?

ਉੱਤਰ - ਮਾਸੀ ਦਾ।

**ਪ੍ਰਸ਼ਨ 4. ਕਹਾਣੀਕਾਰ ਨੂੰ ਮਾਸੀ ਦਾ ਟੈਲੀਫ਼ੋਨ ਕਿੰਨੇ ਵਜੇ ਆਇਆ ਸੀ**?

ਉੱਤਰ - ਸਵੇਰੇ ਨੌਂ ਵਜੇ।

**ਪ੍ਰਸ਼ਨ 5. ਰੂਹ ਤੜਫ-ਤੜਫ ਕੇ ਕਦੋਂ ਮਰ ਜਾਂਦੀ ਹੈ**?

ਉੱਤਰ - ਜਦੋਂ ਉਦਾਸੀ ਹੋਵੇ।

**ਪ੍ਰਸ਼ਨ 6. ਮਾਸੀ ਦੇ ਇੰਗਲੈਂਡ ਵਿੱਚ ਰਹਿੰਦੇ ਪੁੱਤਰ ਦਾ ਕੀ ਨਾਂ ਸੀ**?

ਉੱਤਰ - ਬਲਵੰਤ ਰਾਏ।

**ਪ੍ਰਸ਼ਨ 7. ਬਲਵੰਤ ਰਾਏ ਦੀ ਪਤਨੀ ਦਾ ਕੀ ਨਾਂ ਸੀ?**

ਉੱਤਰ - ਬਿੰਦੂ।

**ਪ੍ਰਸ਼ਨ 8. ਮਾਸੀ ਦੇ ਵਾਲ, ਅੱਖਾਂ ਤੇ ਦੰਦ ਕਿਹੋ ਜਿਹੇ ਸਨ?**

ਉੱਤਰ - ਨੀਗਰੋ ਮੁਟਿਆਰ ਵਰਗੇ।

**ਪ੍ਰਸ਼ਨ 9. ਮਾਸੀ ਦਾ ਕੱਦ ਕਿੰਨਾ ਸੀ**?

ਉੱਤਰ - ਪੰਜ ਫ਼ੁੱਟ ਚਾਰ ਇੰਚ।

**ਪ੍ਰਸ਼ਨ 10. ਮਾਸੀ ਪਾਕਿਸਤਾਨ ਤੋਂ ਕਿਸ ਥਾਂ ਤੋਂ ਆਈ ਹੋਈ ਸੀ**?

ਉੱਤਰ - ਰਾਵਲਪਿੰਡੀ ਤੋਂ।

**ਪ੍ਰਸ਼ਨ 11. ਮਾਸੀ ਨੇ ਕਹਾਣੀਕਾਰ ਦੀ ਪਤਨੀ ਨੂੰ ਆਪਣੀ ਕੀ ਬਣਾ ਲਿਆ**?

ਉੱਤਰ - ਭਣੇਵੀ।

**ਪ੍ਰਸ਼ਨ 12. ਬਲਵੰਤ ਰਾਏ ਕਿਹੜੇ ਦਿਨ ਨੂੰ ਆਪਣੇ ਲਈ ਸੁਰਗ ਸਮਝਦਾ ਸੀ?**

ਉੱਤਰ - ਐਤਵਾਰ ਨੂੰ।

**ਪ੍ਰਸ਼ਨ 13. ਕਹਾਣੀਕਾਰ ਨੂੰ ਕਿਹੜੀ ਕੁੜੀ ਭਲੀਮਾਣਸ ਜਿਹੀ ਲੱਗਦੀ ਸੀ**?

ਉੱਤਰ - ਮੀਰਾ।

**ਪ੍ਰਸ਼ਨ 14. ਮਾਸੀ ਕਿਹੜੇ ਵੇਲਿਆਂ ਦੀ ਔਰਤ ਸੀ**?

ਉੱਤਰ - ਪੁਰਾਣੇ।

**ਪ੍ਰਸ਼ਨ 15. ਪੁਰਾਣੇ ਵੇਲਿਆਂ ਦੀਆਂ ਔਰਤਾਂ ਵਿੱਚ ਕਿਹੜੀ ਗੱਲ ਦੀ ਸਾਂਝੀ ਹੁੰਦੀ ਹੈ**?

ਉੱਤਰ - ਕਰਮ ਕਰਨਾ।

**ਪ੍ਰਸ਼ਨ 16. ਮਾਸੀ ਨੇ ਮੰਦਰ ਵਿੱਚ ਕੀ ਕੀਤਾ**?

ਉੱਤਰ - ਭਜਨ ਗਾਏ।

**ਪ੍ਰਸ਼ਨ 17. ਮਾਸੀ ਨੂੰ ਕਹਾਣੀਕਾਰ ਦੀ ਪਤਨੀ ਕਿਹੋ ਜਿਹੀ ਲੱਗਦੀ ਸੀ?**

ਉੱਤਰ - ਫਾਂਕੜ ਜਿਹੀ।

**ਪ੍ਰਸ਼ਨ 18. ਬੱਚਿਆਂ ਦੇ ਮਾਸ-ਮੱਛੀ ਖਾਣ ਕਾਰਨ ਮਾਸੀ ਕੀ ਅਨੁਭਵ ਕਰਦੀ ਹੈ?**

ਉੱਤਰ - ਆਪਣਾ ਧਰਮ ਭ੍ਰਿਸ਼ਟ।

**ਪ੍ਰਸ਼ਨ 19. ਬਲਵੰਤ ਰਾਏ ਦੇ ਕਿੰਨੇ ਬੱਚੇ ਹਨ**?

ਉੱਤਰ - ਤਿੰਨ - ਦੋ ਕੁੜੀਆਂ ਇੱਕ ਮੁੰਡਾ।

# ਇਕਾਂਗੀ-ਭਾਗ

## 1. ਬੰਬ ਕੇਸ

## ਇਕਾਂਗੀਕਾਰ - ਬਲਵੰਤ ਗਾਰਗੀ

### ••• ਥਾਣੇਦਾਰ ਦਾ ਪਾਤਰ-ਚਿਤਰਨ •••

**1. ਜਾਣ-ਪਛਾਣ -** ਥਾਣੇਦਾਰ 'ਬੰਬ ਕੇਸ' ਇਕਾਂਗੀ ਦਾ ਮੁੱਖ ਪਾਤਰ ਹੈ। ਇਕਾਂਗੀਕਾਰ ਨੇ ਉਸ ਦੇ ਬੇਸਮਝੀ ਭਰੇ ਚਰਿੱਤਰ ਨੂੰ ਪੇਸ਼ ਕਰਕੇ ਇਕਾਂਗੀ ਵਿੱਚ ਹਾਸ-ਰਸ ਪੈਦਾ ਕੀਤਾ ਹੈ। ਉਹ ਥਾਣੇ ਵਿੱਚ ਨਵਾਂ ਆਇਆ ਹੈ ਅਤੇ ਇਲਾਕੇ ਵਿੱਚ ਆਪਣਾ ਰੋਅਬ ਪਾਉਣ ਲਈ ਸਿਪਾਹੀ ਨੂੰ ਨਾਲ਼ ਲੈ ਕੇ ਗਸ਼ਤ ਕਰਨ ਨਿਕਲਦਾ ਹੈ। ਉਹ ਵਜ਼ੀਰੇ ਨੂੰ ਬੰਬ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ।

**2. ਬੇਸ਼ਮਝ ਅਫ਼ਸਰ -** ਥਾਣੇਦਾਰ ਟਾਂਗੇ ਦੇ ਬੰਬ ਨੂੰ ਕੈਮੀਕਲ ਬੰਬ ਸਮਝਦਾ ਹੈ। ਇਸ ਲਈ ਉਹ ਇੱਕ ਬੇਸਮਝ ਅਫ਼ਸਰ ਹੈ ਜੋ ਟਾਂਗੇ ਦੇ ਬੰਬ ਅਤੇ ਕੈਮੀਕਲ ਬੰਬ ਦੇ ਫ਼ਰਕ ਨੂੰ ਨਹੀਂ ਜਾਣਦਾ। ਉਹ ਵਜ਼ੀਰੇ ਵਿਰੁੱਧ ਕੋਈ ਸਬੂਤ ਇਕੱਤਰ ਕੀਤੇ ਬਿਨਾਂ ਹੀ ਉਸ ਨੂੰ ਬੰਬ ਕੇਸ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ। ਉਸ ਦੀ ਬੇਸਮਝੀ ਵਾਲ਼ੀ ਤਫ਼ਤੀਸ਼ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੀ ਹੈ।

**3 .ਸਖਤ ਸੁਭਾ ਵਾਲ਼ਾ -** ਥਾਣੇਦਾਰ ਸਖਤ ਸੁਭਾ ਵਾਲ਼ਾ ਹੈ। ਉਹ ਸਿਪਾਹੀ ਅਤੇ ਲੋਕਾਂ ਨੂੰ ਸਖਤ ਤਾੜਨਾ ਦਿੰਦਾ ਹੈ। ਉਹ ਥਾਣੇ ਵਿੱਚ ਨਵਾਂ ਆਇਆ ਹੈ। ਇਸ ਕਰਕੇ ਸ਼ੁਰੂ ਵਿੱਚ ਹੀ ਆਪਣਾ ਰੋਅਬ ਸਿਪਾਹੀ ਅਤੇ ਇਲਾਕੇ ਵਿੱਚਲੇ ਲੋਕਾਂ 'ਤੇ ਪਾਉਣਾ ਚਾਹੁੰਦਾ ਹੈ। ਉਹ ਇਲਾਕੇ ਦੇ ਸਭ ਲੋਕਾਂ ਨੂੰ ਸਿੱਧੇ ਕਰਨ ਦੀਆਂ ਗੱਲਾਂ ਕਰਦਾ ਹੈ।

**4. ਰੋਅਬ ਪਾਉਣ ਵਾਲ਼ਾ -** ਉਹ ਥਾਣੇ ਵਿੱਚ ਨਵਾਂ-ਨਵਾਂ ਆਇਆ ਹੈ। ਇਸ ਕਰਕੇ ਉਹ ਇਲਾਕੇ ਦੇ ਲੋਕਾਂ ਅਤੇ ਸਿਪਾਹੀ ਉੱਪਰ ਆਪਣੇ ਅਹੁਦੇ ਤੇ ਸਖ਼ਤ ਸੁਭਾਅ ਦਾ ਰੋਅਬ ਪਾਉਣਾ ਚਾਹੁੰਦਾ ਹੈ। ਇਸ ਮਕਸਦ ਲਈ ਉਹ ਸਿਪਾਹੀ ਨੂੰ ਨਾਲ਼ ਲੈ ਕੇ ਇਲਾਕੇ ਦੀ ਗਸ਼ਤ ਕਰਦਾ ਹੈ ਤੇ ਸਿਪਾਹੀ ਨੂੰ ਦੱਸਦਾ ਹੈ ਕਿ ਉਹ ਬੜੇ ਸਖ਼ਤ ਸੁਭਾਅ ਅਤੇ ਬੇ-ਤਰਸ ਸੁਭਾ ਦਾ ਮਾਲਕ ਹੈ।

**5. ਖ਼ੁਸ਼ਾਮਦ ਪਸੰਦ -** ਸਪਾਹੀ ਅਤੇ ਲੋਕਾਂ ਤੋਂ ਖ਼ੁਸ਼ਾਮਦ ਲੈਣ ਲਈ ਉਹਨਾਂ ਨੂੰ ਆਪਣੇ ਕੁੱਟਣ-ਮਾਰਨ ਦੇ ਤਰੀਕੇ ਦੱਸਦਾ। ਗਸ਼ਤ ਕਰਦੇ ਸਮੇਂ ਸਿਪਾਹੀ ਉਸ ਦੇ ਕੰਮ ਕਰਨ ਦੇ ਤਰੀਕਿਆਂ ਦੀ ਪ੍ਰਸੰਸਾ ਕਰਦਾ ਹੈ। ਉਹ ਆਪਣੀ ਤਰੀਫ਼ ਬਾਰੇ ਸੁਣ ਕੇ ਇਲਾਕੇ ਦੇ ਲੋਕਾਂ ਉੱਪਰ ਰੋਹਬ ਪਾਉਣ ਦੇ ਤਰੀਕਿਆਂ ਤੇ ਬਦਮਾਸ਼ਾਂ ਨੂੰ ਕੁੱਟਣ ਮਾਰਨ ਦੇ ਤਰੀਕਿਆਂ ਬਾਰੇ ਦੱਸਦਾ ਹੈ।

**6. ਵਿਅੰਗਮਈ ਪਾਤਰ -** ਥਾਣੇਦਾਰ ਸੇਖੀਆਂ ਮਾਰਨ ਵਾਲ਼ਾ ਹੈ । ਉਹ ਟਾਂਗੇ ਦੇ ਬੰਬਾਂ ਨੂੰ ਕੈਮੀਕਲ ਬੰਬ ਸਮਝ ਕੇ ਵਜ਼ੀਰੇ ਨੂੰ ਬੇਸਮਝੀ ਵਿੱਚ ਗ੍ਰਿਫ਼ਤਾਰ ਕਰਦਾ ਅਤੇ ਉਸ ਵੱਲੋਂ ਆਪਣੀ ਯੋਗਤਾ ਸਬੰਧੀ ਮਾਰੀਆਂ ਸੇਖੀਆਂ ਉਸਨੂੰ ਇੱਕ ਵਿਅੰਗਮਈ ਪਾਤਰ ਬਣਾ ਦਿੰਦੀਆਂ ਹਨ।

## ••• ਸਿਪਾਹੀ ਪਾਤਰ-ਚਿਤਰਨ •••

**1. ਜਾਣ-ਪਛਾਣ -** ਸਿਪਾਹੀ 'ਬੰਬ ਕੇਸ' ਇਕਾਂਗੀ ਦਾ ਇੱਕ ਪਾਤਰ ਹੈ। ਉਸ ਦਾ ਨਾਂ ਲੱਖਾ ਸਿੰਘ ਹੈ। ਉਹ ਥਾਣੇਦਾਰ ਦੇ ਅਧੀਨ ਹੈ। ਉਹ ਥਾਣੇ ਵਿੱਚ ਥਾਣੇਦਾਰ ਤੋਂ ਪਹਿਲਾਂ ਦਾ ਤੈਨਾਤ ਹੈ। ਇਸ ਲਈ ਗ਼ਸਤ ਸਮੇਂ ਉਹ ਥਾਣੇਦਾਰ ਨੂੰ ਇਲਾਕੇ ਦੇ ਲੋਕਾਂ ਬਾਰੇ ਦੱਸਣ ਦੀ ਕੋਸ਼ਿਸ਼ ਕਰਦਾ ਹੈ।

**2. ਝੂਠੀ ਤਰੀਫ਼ ਕਰਨ ਵਾਲ਼ਾ -** ਸਿਪਾਹੀ ਬੜਾ ਖ਼ੁਸ਼ਾਮਦੀ ਹੈ। ਉਹ ਆਪਣੇ ਨਵੇਂ ਅਫ਼ਸਰ ਥਾਣੇਦਾਰ ਨੂੰ ਖ਼ੁਸ਼ ਰੱਖਣ ਲਈ ਉਸ ਦੀ ਝੂਠੀ ਤਰੀਫ਼ ਕਰਦਾ ਹੈ ਅਤੇ ਉਸ ਤੋਂ ਪਹਿਲੇ ਥਾਣੇਦਾਰ ਨੂੰ ਘਟੀਆ ਤੇ ਅਯੋਗ ਦੱਸਦਾ ਹੈ।

**3. ਸੇਖੀਆਂ ਮਾਰਨ ਵਾਲ਼ਾ -** ਉਹ ਲੋਕਾਂ ਸਾਹਮਣੇ ਨਵੇਂ ਥਾਣੇਦਾਰ ਦੇ ਸਖਤ ਸੁਭਾ ਅਤੇ ਕੁੱਟਣ ਦੇ ਤਰੀਕਿਆਂ ਦੀ ਬਿਨਾ ਕੁਝ ਜਾਣੇ ਹੀ ਤਰੀਫ਼ ਕਰਦਾ ਹੈ। ਉਹ ਆਪਣੀ ਵਡਿਆਈ ਲਈ ਇਲਾਕੇ ਦੇ ਲੋਕਾਂ ਬਾਰੇ ਗ਼ਲਤ ਜਾਣਕਾਰੀ ਥਾਣੇਦਾਰ ਨੂੰ ਦਿੰਦਾ ਹੈ।

**4. ਸਧਾਰਨ ਲੋਕਾਂ ਦਾ ਵਿਰੋਧੀ -** ਉਹ ਸਧਾਰਨ ਲੋਕਾਂ ਦਾ ਵਿਰੋਧੀ ਹੈ, ਪਰ ਜ਼ਿਮੀਦਾਰਾਂ ਦਾ ਪੱਖੀ ਹੈ। ਉਹ ਥਾਣੇਦਾਰ ਨੂੰ ਇਲਾਕੇ ਦੇ ਲੋਕਾਂ ਨੂੰ ਪੱਕੇ ਡਾਕੂ ਦੱਸਦਾ ਹੋਇਆ ਉਹਨਾਂ ਨੂੰ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਦੱਬਣ ਕੇ ਬੈਠਣ ਵਾਲ਼ੇ ਆਖਦਾ ਹੈ। ਉਹ ਕਹਿੰਦਾ ਹੈ ਕਿ ਜੇ ਇਹ ਵਾਹੀ ਕਰਦੇ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਜ਼ਿਮੀਂਦਾਰਾਂ ਦੇ ਖੇਤਾਂ ਉੱਪਰ ਕਬਜ਼ਾ ਕਰ ਲੈਣ।

**5. ਚਲਾਕ -** ਉਹ ਇੱਕ ਚਲਾਕ ਵਿਅਕਤੀ ਹੈ। ਉਹ ਵੀਰਾਂਵਾਲੀ ਨੂੰ ਬੜੀ ਚਲਾਕੀ ਤੇ ਮਕਾਰੀ ਨਾਲ਼ ਕਹਿੰਦਾ ਹੈ ਕਿ ਉਹ ਉਸ ਦੇ ਇੱਕ ਪੁੱਤਰ ਲਈ ਸਰਕਾਰੀ ਕੋਠੜੀ ਅਤੇ ਸਰਕਾਰੀ ਰੋਟੀ ਦਾ ਪ੍ਰਬੰਧ ਕਰ ਦੇਣਗੇ।

**6. ਬਸਮਝ -** ਉਹ ਚਲਾਕ ਹੋਣ ਦੇ ਨਾਲ਼ ਬੇਸਮਝ ਵੀ ਹੈ। ਉਹ ਅਨਜਾਣ ਥਾਣੇਦਾਰ ਦੁਆਰਾ ਬਿਨਾਂ ਕੁਝ ਸੋਚੇ ਸਮਝੇ ਵਜ਼ੀਰੇ ਨੂੰ ਬੰਬ ਕੇਸ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰਨ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਭਾਈਵਾਲ ਹੈ, ਪਰ ਉਸ ਦੀ ਇਸ ਬੇਸਮਝੀ ਦਾ ਕਾਰਨ ਉਸ ਵੱਲੋਂ ਥਾਣੇਦਾਰ ਦੀ ਕੀਤੀ ਜਾ ਰਹੀ ਖ਼ੁਸ਼ਾਮਦ ਹੈ।

**7. ਹਾਸ-ਰਸ ਪੈਦਾ ਕਰਨ ਵਾਲ਼ਾ -** ਉਸ ਦੀ ਚਲਾਕੀ, ਵਿਅੰਗ, ਥਾਣੇਦਾਰ ਦੀ ਕੀਤੀ ਖ਼ੁਸ਼ਾਮਦ ਅਤੇ ਬੇਸਮਝੀ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੀ ਹੈ।

**8. ਵਿਅੰਗਮਈ ਪਾਤਰ -** ਉਸ ਦਾ ਟਾਂਗੇ ਦੇ ਬੰਬਾਂ ਨੂੰ ਕੈਮੀਕਲ ਬੰਬ ਸਮਝਣਾ ਅਤੇ ਬਿਨਾ ਸਮਝੇ ਥਾਣੇਦਾਰ ਦੀ ਤਰੀਫ਼ ਕਰਨਾ ਉਸ ਨੂੰ ਇੱਕ ਵਿਅੰਗਮਈ ਪਾਤਰ ਬਣਾ ਦਿੰਦਾ ਹੈ।

## ••• ਵੀਰਾਂ ਵਾਲੀ ਦਾ ਪਾਤਰ-ਚਿਤਰਨ •••

**1. ਜਾਣ-ਪਛਾਣ -** ਵੀਰਾਂ ਵਾਲੀ ਬੰਬ ਕੇਸ ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ। ਉਹ ਇੱਕ ਸ਼ਰਨਾਰਥੀ ਅਤੇ ਦੁਖੀ ਇਸਤਰੀ ਹੈ। ਉਸ ਦੇ ਤਿੰਨ ਪੁੱਤਰ ਅਤੇ ਇੱਕ ਧੀ ਹੈ। ਉਸ ਦਾ ਇੱਕ ਪੁੱਤਰ ਵਜ਼ੀਰਾ ਇਕਾਂਗੀ ਦਾ ਇੱਕ ਪਾਤਰ ਹੈ। ਦੀਪੋ ਉਸ ਦੀ ਧੀ ਹੈ। ਇਕਾਂਗੀਕਾਰ ਨੇ ਉਸ ਦੀ ਇੱਕ ਮਾਂ ਦੇ ਰੂਪ ਵਿੱਚ ਸਫ਼ਲ ਪਾਤਰ ਸਿਰਜਨਾ ਕੀਤੀ ਹੈ। ਉਹ ਰਾਂਗਲੀਆਂ ਪੀੜ੍ਹੀਆਂ ਉੱਪਰ ਸੁੰਦਰ ਵੇਲ- ਬੂਟੇ ਪਾ ਲੈਂਦੀ ਹੈ ।

**2. ਪੁੱਤਰ ਪਿਆਰ ਨਾਲ਼ ਭਰਪੂਰ -** ਉਹ ਪੁੱਤਰ ਪਿਆਰ ਨਾਲ਼ ਭਰਪੂਰ ਔਰਤ ਹੈ। ਭਾਵੇਂ ਉਹ ਆਪਣੇ ਪੁੱਤਰਾਂ ਤੋਂ ਨਿਰਾਸ਼ ਹੈ, ਕਿਉਂਕਿ ਉਹ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ ਅਤੇ ਆਪਣੀ ਮਾਂ ਪਰਵਾਹ ਵੀ ਨਹੀਂ ਕਰਦੇ, ਪਰ ਉਹ ਕਹਿੰਦੀ ਹੈ ਕਿ ਮਾਪੇ ਕੁਮਾਪੇ ਨਹੀਂ ਹੁੰਦੇ। ਜਦੋਂ ਥਾਣੇਦਾਰ ਉਸ ਦੇ ਪੁੱਤਰ ਨੂੰ ਗ੍ਰਿਫ਼ਤਾਰ ਕਰ ਲੈਂਦਾ ਹੈ ਤਾਂ ਉਹ ਪੁੱਤਰ ਪਿਆਰ ਵਿੱਚ ਉਸ ਨੂੰ ਛਡਾਉਣ ਲਈ ਤਰਲੋ-ਮੱਛੀ ਹੁੰਦੀ ਹੈ।

**3. ਧੀ ਦੇ ਵਿਆਹ ਦਾ ਫ਼ਿਕਰ ਕਰਨ ਵਾਲ਼ੀ -** ਉਹ ਧੀ ਦੇ ਵਿਆਹ ਦਾ ਫ਼ਿਕਰ ਕਰਨ ਵਾਲ਼ੀ ਹੈ। ਉਹ ਆਪਣੀ ਧੀ ਦੇ ਵਿਆਹ ਦਾ ਬਹੁਤ ਫ਼ਿਕਰ ਕਰਦੀ ਹੈ। ਉਹ ਕਹਿੰਦੀ ਹੈ, "ਹੇ ਰੱਬਾ! ਹੁਣ ਇਹ ਸਿਆਣੀ ਹੋ ਗਈ ਏ, ਕੋਈ ਮੁੰਡਾ ਲੱਭੇ, ਤਾਂ ਇਸ ਦਾ ਵੀ ਤ੍ਰੋਪਾ ਭਰਾਂ।"

**4. ਧੀ ਨਾਲ਼ ਵਿਤਕਰਾ ਕਰਨ ਵਾਲ਼ੀ -** ਉਹ ਪੁੱਤਰ ਦੇ ਮੁਕਾਬਲੇ ਧੀ ਨਾਲ਼ ਵਿਤਕਰਾ ਰੱਖਦੀ ਹੈ। ਉਹ ਦੀਪੋ ਤੋਂ ਗੁੜ ਦੀ ਡਲੀ ਲੈ ਲੈਂਦੀ ਹੈ, ਜਿਹੜੀ ਕਿ ਉਸ ਨੇ ਲੁਕਾ ਕੇ ਆਪਣੇ ਪੁੱਤਰ ਲਈ ਰੱਖੀ ਹੋਈ ਸੀ। ਮਾਂ ਦੇ ਅਜਿਹੇ ਵਤੀਰੇ ਨੂੰ ਦੇਖ ਕੇ ਦੀਪੋ ਨੂੰ ਗੁੱਸਾ ਲੱਗਦਾ ਹੈ ।

**5. ਨਿੱਡਰ ਤੇ ਹੌਂਸਲੇ ਵਾਲ਼ੀ -** ਉਹ ਹੌਂਸਲੇ ਵਾਲੀ ਅਤੇ ਨਿੱਡਰ ਔਰਤ ਹੈ। ਉਹ ਖੂਹ ਵਿੱਚ ਵੜ ਕੇ ਕੋਈ ਚੀਜ਼ ਕੱਢਣ ਦੀ ਹਿੰਮਤ ਰੱਖਦੀ ਹੈ। ਇੱਕ ਵਾਰ ਖੂਹ ਵਿੱਚ ਮੇਮਣਾ ਡਿੱਗ ਪਿਆ, ਤਾਂ ਉਹ ਖੂਹ ਵਿੱਚ ਵੜ ਕੇ ਕੱਢ ਲਿਆਈ।

**6. ਭੋਲੀ-ਭਾਲੀ ਇਸਤਰੀ -** ਉਹ ਭੋਲੀ-ਭਾਲੀ ਔਰਤ ਹੈ। ਥਾਣੇਦਾਰ ਅਤੇ ਸਿਪਹੀ ਦੀਆਂ ਚੁਸਤ ਗੱਲਾਂ ਸਮਝ ਨਹੀਂ ਸਕਦੀ। ਜਦੋਂ ਸਿਪਾਹੀ ਜੇਲ੍ਹ ਨੂੰ ਵਿਅੰਗ ਨਾਲ਼ ਉਸ ਦੇ ਪੁੱਤਰ ਲਈ ਮਿਲ ਰਹੀ ਮੁਫ਼ਤ ਸਰਕਾਰੀ ਕੋਠੜੀ ਦੱਸਦਾ ਹੋਇਆ ਕਹਿੰਦਾ ਹੈ ਕਿ ਉਥੇ ਉਸ ਨੂੰ ਮੁਫ਼ਤ ਖਾਣਾ ਵੀ ਮਿਲੇਗਾ, ਤਾਂ ਉਹ ਇਸ ਨੂੰ ਸੱਚ-ਮੁੱਚ ਮਦਦ ਸਮਝ ਕੇ ਥਾਣੇਦਾਰ ਅਤੇ ਸਿਪਾਹੀ ਦਾ ਧੰਨਵਾਦ ਕਰਦੀ ਹੈ।

**7. ਇੱਕ ਦੁਖੀ ਇਸਤਰੀ -** ਉਹ ਇੱਕ ਦੁੱਖੀ ਅਤੇ ਦੇਸ਼ ਦੀ ਵੰਡ ਸਮੇਂ ਉਜੜ ਕੇ ਆਈ ਹੋਈ ਸ਼ਰਨਾਰਥੀ ਔਰਤ ਹੈ। ਉਹ ਆਰਥਿਕ ਤੰਗੀਆਂ ਦੀ ਸ਼ਿਕਾਰ ਹੋਣ ਕਰਕੇ ਅਤੇ ਆਪਣੇ ਪੁੱਤਰ ਦੇ ਬਿਨਾਂ ਕਿਸੇ ਕਸੂਰ ਦੇ ਫੜ੍ਹੇ ਜਾਣ ਕਰਕੇ ਦੁਖੀ ਹੈ।

## ••• ਵਜ਼ੀਰੇ ਦਾ ਪਾਤਰ-ਚਿਤਰਨ •••

**1. ਜਾਣ ਪਛਾਣ -** ਵਜੀਰਾ 'ਬੰਬ ਕੇਸ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ। ਉਹ ਵੀਰਾਂ ਵਾਲੀ ਦਾ ਪੁੱਤਰ ਹੈ। ਉਸ ਦੇ ਦੋ ਹੋਰ ਭਰਾ ਅਤੇ ਇੱਕ ਭੈਣ ਹੈ। ਉਹ ਪਾਕਿਸਤਾਨ ਤੋਂ ਵੰਡ ਸਮੇਂ ਉਜੜ ਕੇ ਆਇਆ ਹੈ। ਉਸ ਨੇ ਘਰ ਦਾ ਗੁਜ਼ਾਰਾ ਤੋਰਨ ਲਈ ਕਈ ਪਾਪੜ ਵੇਲੇ ਹਨ। ਹੁਣ ਉਹ ਟਾਂਗਿਆਂ ਦੇ ਬੰਬ ਬਣਾ ਕੇ ਗੁਜ਼ਾਰਾ ਕਰਨ ਲੱਗਾ ਹੈ, ਪਰ ਇਲਾਕੇ ਦਾ ਥਾਣੇਦਾਰ ਬਿਨਾਂ ਕੁਝ ਸੋਚੇ ਸਮਝੇ ਉਸ ਨੂੰ ਕੈਮੀਕਲ ਬੰਬ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲੈਂਦਾ ਹੈ।

**2. ਮਿਹਨਤ ਮਜ਼ਦੂਰੀ ਕਰਨ ਵਾਲ਼ਾ -** ਉਹ ਇੱਕ ਮਿਹਨਤ ਮਜ਼ਦੂਰੀ ਕਰਨ ਵਾਲ਼ਾ ਆਦਮੀ ਹੈ। ਪਾਕਿਸਤਾਨ ਤੋਂ ਉਜੜਨ ਮਗਰੋਂ ਉਸ ਨੇ ਘਰ ਦਾ ਗੁਜ਼ਾਰਾ ਤੋਰਨ ਲਈ ਕਈ ਪਾਪੜ ਵੇਲੇ ਅਤੇ ਅੰਤ ਟਾਂਗਿਆਂ ਦੇ ਬੰਬ ਬਣਾਉਣ ਦਾ ਕੰਮ ਕਰਨ

ਲੱਗ ਪਿਆ। ਉਹ ਆਪਣੇ ਕੰਮ ਕਰਨ ਵਾਲ਼ੇ ਸੰਦ ਤੇਸਾ ਤੇ ਆਰੀ ਚੁੱਕ ਕੇ ਲੋਕਾਂ ਦੇ ਘਰ ਵਿੱਚ ਲੱਕੜੀ ਦਾ ਕੰਮ ਕਰਨ ਵੀ ਜਾਂਦਾ ਹੈ।

**3. ਸਰਕਾਰੀ ਅਫ਼ਸਰਾਂ ਤੋਂ ਡਰਨ ਵਾਲ਼ਾ -** ਉਹ ਥਾਣੇਦਾਰ ਤੋਂ ਡਰਦਾ ਹੈ ਤੇ ਉਸ ਨਾਲ਼ ਬੜੀ ਅਧੀਨਗੀ ਨਾਲ਼ ਗੱਲ ਕਰਦਾ ਹੈ। ਉਹ ਉਸ ਨੂੰ ਕਹਿੰਦਾ ਹੈ ਕਿ ਜੇਕਰ ਉਸ ਦੇ ਟਾਂਗੇ ਦੇ ਬੰਬ ਟੁੱਟੇ ਹੋਏ ਹਨ, ਤਾਂ ਉਹ ਉਸ ਲਈ ਛੇਤੀ ਬਣਾ ਦੇਵੇਗਾ। ਉਹ ਥਾਣੇਦਾਰ ਦੀਆਂ ਚੁਸਤ ਗੱਲਾਂ ਨਹੀਂ ਸਮਝ ਸਕਦਾ।

**4. ਆਪਣੇ ਭਰਾਵਾਂ ਨਾਲ਼ ਲੜਦਾ ਰਹਿਣ ਵਾਲ਼ਾ -** ਵੀਰਾਂ ਵਾਲੀ ਅਨੁਸਾਰ ਵਜ਼ੀਰੇ ਸਮੇਤ ਉਸ ਦੇ ਤਿੰਨ ਪੁੱਤਰ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ ਅਤੇ ਉਸ ਨੂੰ ਪਿਆਰ ਵੀ ਨਹੀਂ ਕਰਦੇ।

**5. ਹਾਸ-ਰਸ ਉਪਜਾਉਣ ਵਾਲ਼ਾ -** ਇਕਾਂਗੀ ਵਿੱਚ ਉਸ ਦੀ ਥਾਣੇਦਾਰ ਨਾਲ਼ ਹੋਈ ਵਾਰਤਾਲਾਪ ਅਤੇ ਉਸ ਦੁਆਰਾ ਥਾਣੇਦਾਰ ਦੇ ਕੀਤੇ ਤਰਲੇ ਇਕਾਂਗੀ ਵਿੱਚ ਹਾਸ-ਰਸ ਪੈਦਾ ਕਰਦੇ ਹਨ ਅਤੇ ਥਾਣੇਦਾਰ ਦੇ ਵਿਅੰਗਮਈ ਚਰਿੱਤਰ ਨੂੰ ਖ਼ੂਬ ਉਘਾੜਦੇ ਹਨ।

## ••• ਦੀਪੋ ਦਾ ਪਾਤਰ-ਚਿਤਰਨ •••

**1. ਜਾਣ ਪਛਾਣ -** ਦੀਪੋ 'ਬੰਬ ਕੇਸ' ਇਕਾਂਗੀ ਵਿੱਚ ਇੱਕ ਨਿਮਨ ਪਾਤਰ ਹੈ। ਉਹ ਵੀਰਾਂ ਵਾਲੀ ਦੀ ਧੀ ਤੇ ਵਜ਼ੀਰੇ ਦੀ ਭੈਣ ਹੈ। ਉਸ ਦੇ ਚਰਿੱਤਰ ਵਿੱਚ ਹੇਠ ਲਿਖੇ ਗੁਣ ਸਾਹਮਣੇ ਆਉਂਦੇ ਹਨ।

**2. ਇੱਕ ਮੁਟਿਆਰ ਕੁੜੀ** - ਦੀਪੋ ਇੱਕ ਮੁਟਿਆਰ ਕੁੜੀ ਹੈ। ਇਸ ਕਰਕੇ ਵੀਰਾਂ ਵਾਲੀ ਕਹਿੰਦੀ ਹੈ, "ਹੇ ਰੱਬਾ! ਹੁਣ ਇਹ ਸਿਆਣੀ ਹੋ ਗਈ ਏ। ਕੋਈ ਮੁੰਡਾ ਲੱਭੇ, ਤਾਂ ਇਸਦਾ ਤ੍ਰੋਪਾ ਭਰਾਂ।"

**3. ਮਾਂ ਦੇ ਵਿਤਕਰੇ ਦੀ ਸ਼ਿਕਾਰ -** ਉਸ ਦੀ ਮਾਂ ਆਪਣੇ ਪੁੱਤਰਾਂ ਦੇ ਮੁਕਾਬਲੇ ਉਸ ਨਾਲ਼ ਵਿਤਕਰਾ ਕਰਦੀ ਹੈ। ਇਸ ਕਰਕੇ ਉਹ ਉਸ ਦੇ ਦਾਣਿਆਂ ਵਿੱਚ ਰਲਾਉਣ ਲਈ ਲਿਆ ਗੁੜ ਵਾਪਸ ਲੈ ਲੈਂਦੀ ਹੈ, ਕਿਉਂਕਿ ਉਸ ਨੇ ਉਹ ਛੁਪਾ ਕੇ ਉਸ ਦੇ ਭਰਾ ਲਈ ਰੱਖਿਆ ਹੋਇਆ ਸੀ। ਇਹ ਦੇਖ ਕੇ ਦੀਪੋ ਨੂੰ ਗੁੱਸਾ ਚੜ੍ਹ ਜਾਂਦਾ ਹੈ ਅਤੇ ਉਹ ਗੁੜ ਦੀ ਡਲੀ ਵੀਰਾਂ ਵਾਲੀ ਨੂੰ ਦੇ ਦਿੰਦੀ ਹੈ।

**4. ਮਾਂ ਦੀ ਆਗਿਆ ਦਾ ਪਾਲਣ ਕਰਨ ਵਾਲ਼ੀ** - ਉਹ ਮਾਂ ਦੀ ਆਗਿਆਕਾਰ ਹੈ। ਉਸ ਦੇ ਕਹਿਣ ਤੇ ਗੁੜ ਦੀ ਡਲੀ ਦੇ ਦਿੰਦੀ ਹੈ ਅਤੇ ਵੀਰਾਂ ਵਾਲੀ ਦੇ ਨਾਲ਼ ਘਰ ਦੇ ਕੰਮ ਵਿੱਚ ਹੱਥ ਵਟਾਉਂਦੀ ਹੈ। ਉਸ ਦੇ ਕਹਿਣ ਤੇ ਉਹ ਜੁੱਲੀਆਂ ਸੁੱਕਣੀਆਂ ਪਾਉਣ ਚਲੀ ਜਾਂਦੀ ਹੈ।

**5. ਆਸ਼ਾਵਾਦੀ** – ਉਹ ਆਸ਼ਾਵਾਦੀ ਹੈ। ਉਸ ਦੇ ਦਿਲ ਵਿੱਚ ਇਹ ਆਸ ਹੈ ਕਿ ਜਿਸ ਤਰ੍ਹਾਂ ਡਾਕੀਏ ਦੇ ਕਹਿਣ ਅਨੁਸਾਰ ਸਰਕਾਰ ਨੇ ਰਫਿਊਜੀਆਂ ਨੂੰ ਪੱਕੀਆਂ ਕੋਠੀਆਂ ਬਣਾ ਦਿੱਤੀਆਂ ਹਨ, ਇਸੇ ਤਰ੍ਹਾਂ ਉਨ੍ਹਾਂ ਲਈ ਵੀ ਬਣਾ ਦਿੱਤੀਆਂ ਜਾਣਗੀਆਂ। ਇਸੇ ਕਰਕੇ ਉਹ ਆਪਣੀ ਮਾਂ ਨੂੰ ਇਸ ਬਾਰੇ ਖ਼ਬਰ ਸੁਣਾਉਂਦੀ ਹੈ।

## ••• ਵਾਰਤਾਲਾਪ ਅਧਾਰਿਤ ਪ੍ਰਸ਼ਨ •••

**1. "ਹਜ਼ੂਰ ਕੀ ਪੁੱਛਦੇ ਓ, ਦਿਨ ਦਿਹਾੜੇ ਡਾਕੇ ਵੱਜਦੇ ਨੇ ਪਰ ਜੇ ਥੋਡੀਆਂ ਗਸ਼ਤਾਂ ਏਕਰ ਈ ਜਾਰੀ ਰਹੀਆਂ ਤਾਂ, ਸਭਨਾਂ ਨੇ ਸੁੱਸਰੀ ਵਾਂਗ ਸੌਂ ਜਾਣੈ। ਕਿਸੇ ਨੇ ਚੂੰ ਨਹੀਂ ਕਰਨੀ।"**

ਪ੍ਰਸ਼ਨ - 1. ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਇਨ੍ਹਾਂ ਸ਼ਬਦਾਂ ਦੀ ਸੁਰ ਕਿਹੋ ਜਿਹੀ ਹੈ?

**ਉੱਤਰ -** 1. ਬੰਬ ਕੇਸ।

2. ਬਲਵੰਤ ਗਾਰਗੀ।

3. ਇਹ ਸ਼ਬਦ ਸਿਪਾਹੀ ਨੇ ਨਵੇਂ ਆਏ ਥਾਣੇਦਾਰ ਨੂੰ ਕਹੇ।

4. ਇਨ੍ਹਾਂ ਸ਼ਬਦਾਂ ਦੀ ਸੁਰ ਖੁਸ਼ਾਮਦ ਭਰੀ ਹੈ।

**2. "ਜੀ ਚੋਰ ਨਾਲੋਂ ਚੋਰ ਦੀ ਮਾਂ ਚਤੁਰ ਹੁੰਦੀ ਏ । ਕੁਝ ਨਹੀਂ ਦੱਸਣਾ ਏਸ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਅਤੇ ਕਿਸ ਦੀ ਰਚਨਾ ਹਨ?

2. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

3. ਚੋਰ ਦੀ ਮਾਂ ਕਿਸ ਨੂੰ ਕਿਹਾ ਗਿਆ ਹੈ?

4. ਚੋਰ ਦੀ ਮਾਂ ਕਿਹੋ ਜਿਹੀ ਹੁੰਦੀ ਹੈ?

**ਉੱਤਰ -** 1. ਇਕਾਂਗੀ ਬੰਬ ਕੇਸ ਅਤੇ ਇਕਾਂਗੀਕਾਰ ਬਲਵੰਤ ਗਾਰਗੀ।

2. ਇਹ ਸ਼ਬਦ ਸਿਪਾਹੀ ਨੇ ਥਾਣੇਦਾਰ ਨੂੰ ਕਹੇ।

3. ਵੀਰਾਂਵਾਲੀ ਨੂੰ।

4. ਚੋਰ ਦੀ ਮਾਂ ਬਹੁਤ ਚੁਸਤ-ਚਲਾਕ ਹੁੰਦੀ ਹੈ।

**3. "ਲਿਆ ਓਏ ਨੱਥਾ ਸਿਹਾਂ ਹੱਥਕੜੀਆਂ। ਇਹ ਬੰਬ ਬਣਾਂਦਾ ਏ। ਇਸਦਾ ਖ਼ਿਆਲ ਏ ਕਿ ਅਸੀਂ ਇਸ ਦੀਆਂ ਗੱਲਾਂ ਨੂੰ ਮਖੌਲ 'ਚ ਟਾਲ ਦੇਵਾਂਗੇ, ਪਰ ਮੈਂ ਸਾਰੀਆਂ ਗੱਲਾਂ ਜਾਣਦਾ ਹਾਂ। ਲਿਆ ਹੱਥਕੜੀਆਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਥਾਣੇਦਾਰ ਕਿਸ ਨੂੰ ਹੱਥਕੜੀਆਂ ਲਾਉਣੀਆਂ ਚਾਹੁੰਦਾ ਹੈ?

**ਉੱਤਰ -** 1. ਬੰਬ ਕੇਸ।

2. ਬਲਵੰਤ ਗਾਰਗੀ।

3. ਇਹ ਸ਼ਬਦ ਥਾਣੇਦਾਰ ਨੇ ਸਿਪਾਹੀ ਨੂੰ ਉਹ ਕਹੇ।

4. ਵਜ਼ੀਰੇ ਨੂੰ।

**4. "ਬੜੀ ਖਚਰੀ ਏਂ ਬੁੱਢੀਏ। ਲੈ ਹੁਣ ਸਫ਼ੈਦ ਪੋਸ਼ਾਂ, ਸਰਕਾਰੀ ਅਫ਼ਸਰਾਂ ਤੇ ਸਰਦਾਰਾਂ ਨੂੰ ਵੀ ਵਿੱਚ ਲੈਣ ਲੱਗੀ ਏਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਖਚਰੀ ਬੁੱਢੀ ਕਿਸ ਨੂੰ ਕਿਹਾ ਗਿਆ ਹੈ?

**ਉੱਤਰ -** 1. ਬੰਬ ਕੇਸ।

2. ਬਲਵੰਤ ਗਾਰਗੀ।

3. ਇਹ ਸ਼ਬਦ ਥਾਣੇਦਾਰ ਨੇ ਵੀਰਾਂਵਾਲੀ ਨੂੰ ਕਹੇ।

4. ਖਚਰੀ ਬੁੱਢੀ ਵੀਰਾਂ ਵਾਲੀ ਨੂੰ ਕਿਹਾ ਗਿਆ ਹੈ।

**5. "ਆਹੋ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ? ਜੇ ਤੁਹਾਡੇ ਟਾਂਗੇ ਦੇ ਬੰਬ ਟੁੱਟੇ ਹੋਏ ਹਨ, ਤਾਂ ਬਣਾ ਦੇਵਾਂਗਾ। ਹਜ਼ੂਰ ਛੇਤੀ ਤਿਆਰ ਕਰ ਦੇਵਾਂਗਾ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਵਜੀਰਾ ਕਿਹੜੇ ਬੰਬ ਬਣਾਉਂਦਾ ਸੀ?

**ਉੱਤਰ -** 1. ਬੰਬ ਕੇਸ।

2. ਬਲਵੰਤ ਗਾਰਗੀ।

3. ਇਹ ਵਾਰਤਾਲਾਪ ਵਜ਼ੀਰੇ ਨੇ ਥਾਣੇਦਾਰ ਨੂੰ ਕਹੇ।

4. ਵਜੀਰਾ ਟਾਂਗਿਆਂ ਦੇ ਬੰਬ ਬਣਾਉਂਦਾ ਸੀ।

**6. "ਸਗੋਂ ਘੁੱਗੂ ਬਣਿਆ ਖੜ੍ਹਾ ਏਂ। ਜੀਭ ਤਾਲੂ ਨਾਲ਼ ਲੱਗ ਗਈ। ਗੱਲਾਂ ਮਾਰਦਾ ਸੀ ਚਪੜ-ਚਪੜ। ਸਾਨੂੰ ਧੋਖਾ ਦੇਣ ਲਈ ਆਖਦਾ ਏ ਟਾਂਗੇ ਦੇ ਬੰਬ। ਓਥੇ ਜਾ ਕੇ ਪੁੱਛਾਂਗੇ ਕਿਹੜੇ ਬੰਬ ਬਣਾਂਦਾ ਏਂ ਤੂੰ। ਚੱਲ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

4. ਘੁੱਗੂ ਬਣਿਆ ਕੌਣ ਖੜ੍ਹਾ ਸੀ?

**ਉੱਤਰ -** 1. ਬੰਬ ਕੇਸ।

2. ਬਲਵੰਤ ਗਾਰਗੀ।

3. ਇਹ ਸ਼ਬਦ ਥਾਣੇਦਾਰ ਨੇ ਇਕਾਂਗੀ ਦੇ ਅੰਤ ਵਿੱਚ ਵਜ਼ੀਰੇ ਨੂੰ ਕਹੇ।

4. ਵਜੀਰਾ।

## ••• ਵਸਤੂਨਿਸ਼ਠ ਪ੍ਰਸ਼ਨ •••

**ਪ੍ਰਸ਼ਨ 1. 'ਬੰਬ ਕੇਸ' ਇਕਾਂਗੀ ਦਾ ਲੇਖਕ ਕੌਣ ਹੈ?**

ਉੱਤਰ - ਬਲਵੰਤ ਗਾਰਗੀ।

**ਪ੍ਰਸ਼ਨ 2. ਵਜ਼ੀਰਾ ਵੀਰਾਂ ਵਾਲੀ ਦਾ ਕੀ ਲੱਗਦਾ ਹੈ?**

ਉੱਤਰ - ਪੁੱਤਰ।

**ਪ੍ਰਸ਼ਨ 3. ਦੀਪੋ ਵਜ਼ੀਰੇ ਦੀ ਕੀ ਲੱਗਦੀ ਹੈ?**

ਉੱਤਰ - ਭੈਣ।

**ਪ੍ਰਸ਼ਨ 4. ਥਾਣੇਦਾਰ ਵਜ਼ੀਰੇ ਬਾਰੇ ਕਿਸ ਦੀ ਰਿਪੋਰਟ ਦਾ ਜ਼ਿਕਰ ਕਰਦਾ ਹੈ?**

ਉੱਤਰ - ਕੇਹਰ ਸਿੰਘ ਦੀ।

**ਪ੍ਰਸ਼ਨ 5. ਸਿਪਾਹੀ ਅਨੁਸਾਰ ਵਜ਼ੀਰਾ ਕਿੱਥੇ ਰਹਿੰਦਾ ਸੀ?**

ਉੱਤਰ - ਮਿੱਤੂ ਲੁਹਾਰ ਦੇ ਮੁਹੱਲੇ ਵਿੱਚ।

**ਪ੍ਰਸ਼ਨ 6. ਥਾਣੇਦਾਰ ਅਨੁਸਾਰ ਮੁਲਜ਼ਮਾਂ ਨੂੰ ਕੁੱਟਣ ਵਿੱਚ ਕੌਣ ਅੱਵਲ ਸਨ?**

ਉੱਤਰ - ਰੂੜ ਸਿੰਘ ਤੇ ਬੂੜ ਸਿੰਘ।

**ਪ੍ਰਸ਼ਨ 7. ਵੀਰਾਂ ਵਾਲੀ ਦੇ ਰਹਿਣ ਦੀ ਥਾਂ ਕਿਹੋ ਜਿਹੀ ਹੈ?**

ਉੱਤਰ - ਕੁੱਲੀ।

**ਪ੍ਰਸ਼ਨ 8. ਦੀਪੋ ਕਿਸ ਦੀ ਭੱਠੀ ਤੋਂ ਦਾਣੇ ਭੁੰਨਾ ਕੇ ਲਿਆਈ ਸੀ?**

ਉੱਤਰ - ਸੋਧਾਂ ਦੀ।

**ਪ੍ਰਸ਼ਨ 9. ਵੀਰਾਂ ਵਾਲੀ ਦੀਪੋ ਨੂੰ ਕਿਸ ਦੇ ਤੰਦੂਰ ਤੋਂ ਰੋਟੀਆਂ ਲਾ ਕੇ ਲਿਆਉਣ ਨੂੰ ਕਹਿੰਦੀ ਹੈ?**

ਉੱਤਰ - ਜੁਆਲੀ ਦੇ।

**ਪ੍ਰਸ਼ਨ 10. ਮਾਨਾਂ ਕੌਣ ਸੀ?**

ਉੱਤਰ - ਵੀਰਾਂ ਵਾਲੀ ਦੀ ਗੁਆਂਢਣ।

**ਪ੍ਰਸ਼ਨ 11. ਮਾਨਾਂ ਦੇ ਪੁੱਤਰ ਦਾ ਨਾਂ ਕੀ ਹੈ?**

ਉੱਤਰ - ਪਾਲੀ।

**ਪ੍ਰਸ਼ਨ 12. ਪਾਲੀ ਕੀ ਕਰਨ ਲਈ ਰੱਟਾ ਪਾਈ ਬੈਠਾ ਸੀ?**

ਉੱਤਰ - ਪੀਂਘ ਪਾਉਣ ਲਈ।

**ਪ੍ਰਸ਼ਨ 13. ਮਾਨਾਂ ਕਿਸ ਦੇ ਘਰੋਂ ਲੱਜ ਮੰਗ ਕੇ ਲਿਆਈ ਸੀ?**

ਉੱਤਰ - ਕੌੜੀ ਦੇ।

**ਪ੍ਰਸ਼ਨ 14. ਵਜ਼ੀਰਾ ਕਿਸ ਦੀ ਹਵੇਲੀ ਵਿੱਚ ਕੰਮ ਕਰਨ ਗਿਆ ਸੀ?**

ਉੱਤਰ - ਬੁੱਘੇ ਮੱਲ ਦੀ।

**ਪ੍ਰਸ਼ਨ 15. ਵਜ਼ੀਰਾਂ ਘਰੋਂ ਕਿਹੜੇ ਸੰਦ ਲੈ ਕੇ ਗਿਆ ਸੀ?**

ਉੱਤਰ – ਤੇਸਾ ਤੇ ਆਰੀ ।

**ਪ੍ਰਸ਼ਨ 16. ਮਾਨਾਂ ਅਨੁਸਾਰ ਬੁੱਘਾ ਮੱਲ ਕਿਹੋ ਜਿਹਾ ਆਦਮੀ ਸੀ?**

ਉੱਤਰ - ਝੂਠਾਂ ਦੀ ਪੰਡ।

**ਪ੍ਰਸ਼ਨ 17. ਵੀਰਾਂ ਵਾਲੀ ਦੇ ਕਿੰਨੇ ਪੁੱਤਰ ਸਨ?**

ਉੱਤਰ - ਤਿੰਨ।

**ਪ੍ਰਸ਼ਨ 18. ਵੀਰਾਂ ਵਾਲੀ ਦਾ ਪਰਿਵਾਰ ਕਿੱਥੋਂ ਉੱਜੜ ਕੇ ਆਇਆ ਸੀ?**

ਉੱਤਰ - ਪਾਕਿਸਤਾਨ ਤੋਂ।

**ਪ੍ਰਸ਼ਨ 19. ਥਾਣੇਦਾਰ ਵੀਰਾਂ ਵਾਲੀ ਦੇ ਕਿਹੜੇ ਪੁੱਤਰ ਦਾ ਨਾਂ ਡਾਇਰੀ ਵਿੱਚ ਲਿਖਦਾ ਹੈ?**

ਉੱਤਰ - ਕਰਨੈਲ ਸਿੰਘ ਦਾ।

**ਪ੍ਰਸ਼ਨ 20. ਵੀਰਾਂ ਵਾਲੀ ਦਾ ਕਿਹੜਾ ਪੁੱਤਰ ਸਹੁਰੀਂ ਗਿਆ ਸੀ?**

ਉੱਤਰ - ਜਰਨੈਲ ਸਿੰਘ।

**ਪ੍ਰਸ਼ਨ 21. ਵੀਰਾਂ ਵਾਲੀ ਨੇ ਖੂਹ ਵਿੱਚੋਂ ਕੀ ਕੱਢਿਆ ਸੀ?**

ਉੱਤਰ - ਮੇਮਣਾ।

**ਪ੍ਰਸ਼ਨ 22. ਸਿਪਾਹੀ ਦਾ ਨਾਂ ਕੀ ਹੈ?**

ਉੱਤਰ - ਨੱਥਾ ਸਿੰਘ।

**ਪ੍ਰਸ਼ਨ 23. ਵਜ਼ੀਰਾ ਅਸਲ ਵਿੱਚ ਕਿਹੜੇ ਬੰਬ ਬਣਾਉਂਦਾ ਸੀ?**

ਉੱਤਰ - ਟਾਂਗਿਆਂ ਦੇ।

**ਪ੍ਰਸ਼ਨ 24. ਥਾਣੇਦਾਰ ਵਜ਼ੀਰੇ ਨੂੰ ਕਿਹੜੇ ਬੰਬ ਬਣਾਉਣ ਵਾਲ਼ਾ ਸਮਝਦਾ ਹੈ?**

ਉੱਤਰ - ਕੈਮੀਕਲ ਬੰਬ।

**ਪ੍ਰਸ਼ਨ 25. ਵੀਰਾਂ ਵਾਲੀ ਵਜ਼ੀਰੇ ਨੂੰ ਫਸਾਉਣ ਲਈ ਕਿਸ ਨੂੰ ਚੁਗਲੀ ਕਰਨ ਵਾਲ਼ਾ ਸਮਝਦੀ ਹੈ?**

ਉੱਤਰ - ਕਿਰਪੀ ਸੁਨਿਆਰੀ ਨੂੰ।

# ਪੰਜਾਬੀ-ਬੀ

## ਲੇਖ

### 1. ਅੱਖੀਂ ਡਿੱਠਾ ਮੇਲਾ

• **ਭੂਮਿਕਾ** - ਮੇਲੇ ਵੇਖਣ ਦਾ ਮੈਨੂੰ ਬਹੁਤ ਸ਼ੌਕ ਹੈ। ਸਾਡੇ ਪਿੰਡ ਦੇ ਨੇੜੇ-ਨੇੜੇ ਸਾਲ ਵਿੱਚ ਕਈ ਮੇਲੇ ਲੱਗਦੇ ਹਨ। ਇਹਨਾਂ ਸਾਰਿਆਂ ਨੂੰ ਵੇਖਣ ਦਾ ਬੜਾ ਚਾਅ ਹੁੰਦਾ ਹੈ ਪਰ ਦਸਹਿਰੇ ਦਾ ਮੇਲਾ ਇਹਨਾਂ ਸਾਰਿਆਂ ਵਿਚੋਂ ਵੱਡਾ ਹੁੰਦਾ ਹੈ। ਮੈਨੂੰ ਇਸ ਦੀ ਸਭ ਤੋਂ ਵੱਧ ਖਿੱਚ ਹੁੰਦੀ ਹੈ। ਇਸ ਵਾਰੀ ਮੇਲੇ ਦੀ ਯਾਦ ਮੇਰੇ ਮਨ ਵਿੱਚ ਹੁਣ ਤੱਕ ਤਾਜ਼ਾ ਹੈ।

• **ਮੇਲੇ ਦੀ ਆਮਦ** - ਅਸੀਂ ਇਸ ਮੇਲੇ ਦੀ ਕਾਫ਼ੀ ਸਮੇਂ ਤੋਂ ਉਡੀਕ ਕਰ ਰਹੇ ਸੀ। ਉਂਝ ਤਾਂ ਇਸ ਮੇਲੇ ਦਾ ਅਰੰਭ ਇੱਕ ਤਰ੍ਹਾਂ ਨਾਲ਼ ਰਾਮ-ਲੀਲ੍ਹਾ ਨਾਲ਼ ਹੀ ਹੋ ਗਿਆ ਸੀ। ਹਰ ਰੋਜ਼ ਸ਼ਾਮ ਨੂੰ ਖ਼ੂਬ ਰੌਣਕ ਹੁੰਦੀ ਹੈ। ਫਿਰ ਵੀ ਦਸਹਿਰੇ ਦੇ ਦਿਨ ਦੀ ਆਪਣੀ ਹੀ ਖਿੱਚ ਸੀ। ਘਰ ਵਿੱਚ ਉੱਗਦੇ ਜੌਂ ਸਾਨੂੰ ਆਉਣ ਵਾਲ਼ੇ ਮੇਲੇ ਦੀ ਯਾਦ ਦਿਵਾਉਂਦੇ। ਮੈਂ ਤੇ ਮੇਰੀ ਭੈਣ ਨੇ ਘਰਦਿਆਂ ਤੋਂ ਭਾਨ ਲੈ ਕੇ ਮੇਲੇ ਲਈ ਕਾਫ਼ੀ ਪੈਸੇ ਇਕੱਠੇ ਲਏ ਸਨ। ਸਕੂਲ ਵਿੱਚ ਅਤੇ ਘਰ ਵਿੱਚ ਅਸੀਂ ਰਾਮ-ਲੀਲ੍ਹਾ ਦੀਆਂ ਝਾਕੀਆਂ ਖੇਡਦੇ ਜਾਂ ਉਹਨਾਂ ਪਾਤਰਾਂ ਦੇ ਵਾਰਤਾਲਾਪ ਦੀਆਂ ਨਕਲਾਂ ਲਾਹੁੰਦੇ। ਇੰਝ ਪਤਾ ਹੀ ਨਾ ਲੱਗਾ ਕਿ ਮੇਲੇ ਦਾ ਦਿਨ ਕਦੋਂ ਆ ਗਿਆ।

• **ਘਰ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਤਿਆਰ ਕਰਨਾ** - ਸਵੇਰੇ ਘਰ ਵਿੱਚ ਦਸਹਿਰੇ ਦੇ ਤਿਉਹਾਰ ਦੀਆਂ ਰਸਮਾਂ ਲਈ ਕਈ ਤਰ੍ਹਾਂ ਦੀਆਂ ਖਾਣ ਵਾਲ਼ੀਆਂ ਚੀਜ਼ਾਂ ਬਣਾਈਆਂ ਗਈਆਂ। ਰਸੋਈ ਵੱਲੋਂ ਵੱਖ-ਵੱਖ ਤਰ੍ਹਾਂ ਦੀ ਖ਼ੁਸ਼ਬੋ ਦੀਆਂ ਲਪਟਾਂ ਦੱਸ ਰਹੀਆਂ ਸਨ ਕਿ ਅੱਜ ਦਸਹਿਰਾ ਹੈ। ਦੁਪਹਿਰ ਤੱਕ ਅਸੀਂ ਘਰ ਵਿੱਚ ਬਣੀਆਂ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਕਈ ਵਾਰੀ ਖਾਧੀਆਂ ਅਤੇ ਵਿੱਚ-ਵਿਚਾਲ਼ੇ ਮੇਲੇ ਵਾਲ਼ੇ ਮੈਦਾਨ ਵਿੱਚ ਵੀ ਚੱਕਰ ਲਾਉਂਦੇ ਰਹੇ। ਉੱਥੇ ਸਵੇਰ ਤੋਂ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਵੱਡੇ-ਵੱਡੇ ਪੁਤਲੇ ਖੜ੍ਹੇ ਕੀਤੇ ਜਾ ਰਹੇ ਸਨ।

• **ਮੇਲੇ ਵਾਲ਼ੀ ਥਾਂ 'ਤੇ ਪਹੁੰਚਣਾ** - ਦੁਪਹਿਰ ਪਿੱਛੋਂ ਅਸੀਂ ਮੇਲੇ ਵੱਲ ਚੱਲ ਪਏ। ਗਲ਼ੀਆਂ-ਬਜ਼ਾਰਾਂ ਵਿੱਚ ਮੇਲੇ ਨੂੰ ਜਾਂਦੇ ਲੋਕਾਂ ਦੀ ਭੀੜ ਸੀ। ਮੇਲੇ ਵਾਲ਼ੀ ਥਾਂ ਇੱਕ ਵੱਖਰਾ ਹੀ ਸੰਸਾਰ ਵੱਸਿਆ ਹੋਇਆ ਸੀ। ਪਿੰਡਾਂ ਵੱਲੋਂ ਵੀ ਹਰ ਉਮਰ ਦੇ ਲੋਕੀਂ ਰੰਗ-ਬਰੰਗੇ ਕੱਪੜਿਆਂ ਨਾਲ਼ ਸਜੇ ਚਾਈਂ-ਚਾਈਂ ਮੇਲੇ ਵੱਲ ਆ ਰਹੇ ਸਨ। ਦੁਕਾਨਾਂ ਨਾਲ਼ ਸਜੇ ਬਜ਼ਾਰ ਅਤੇ ਵੇਖਣ ਆਏ ਲੋਕ ਭਾਈਚਾਰਕ ਏਕੇ ਨੂੰ ਪ੍ਰਗਟਾ ਰਹੇ ਸਨ।

• **ਮੇਲੇ ਦਾ ਦ੍ਰਿਸ਼** - ਮੇਲੇ ਵਿੱਚ ਵੜਦਿਆਂ ਹੀ ਅਸੀਂ ਆਪਾ ਭੁੱਲ ਗਏ। ਚੁਫੇਰੇ ਸੈਂਕੜੇ ਹੀ ਚੀਜ਼ਾਂ ਸਾਡਾ ਧਿਆਨ ਮੱਲੋ-ਮੱਲੀ ਖਿੱਚ ਰਹੀਆਂ ਸਨ-ਖ਼ੁਸ਼ੀ ਵਿੱਚ ਖੀਵੀ ਹੋਈ ਗਹਿਮਾ-ਗਹਿਮ ਭੀੜ, ਛੋਟੀਆਂ-ਵੱਡੀਆਂ ਦੁਕਾਨਾਂ ਉੱਤੇ ਸਜੀਆਂ ਚੀਜ਼ਾਂ, ਚੰਡੋਲਾਂ

ਉੱਤੇ ਖ਼ੁਸ਼ੀ ਵਿੱਚ ਕਿਲਕਾਰੀਆਂ ਮਾਰਦੇ ਝੂਟੇ ਲੈਂਦੇ ਬੱਚੇ, ਭੁਕਾਨਿਆਂ , ਪੀਪਣੀਆਂ , ਵਾਜਿਆਂ ਆਦਿ ਦਾ ਸ਼ੋਰ ਅਤੇ ਮੇਲੇ ਦੇ ਵਿਚਕਾਰ ਉੱਚੇ ਦਿਸਦੇ ਰਾਵਣ ਤੇ ਉਸ ਦੇ ਸਾਥੀਆਂ ਦੇ ਰੰਗ-ਬਰੰਗੇ ਪੁਤਲੇ।

• **ਮੇਲੇ ਵਿੱਚ ਅਨੰਦ ਮਾਣਨਾ** - ਅਸੀਂ ਇੱਕ ਦੂਜੇ ਦੇ ਹੱਥਾਂ ਨੂੰ ਕੰਘੀ ਪਾ ਕੇ ਮੇਲੇ ਦੇ ਇੱਕ ਪਾਸਿਓਂ ਤੁਰਦੇ-ਤੁਰਦੇ ਦੂਜੇ ਪਾਸੇ ਤੱਕ ਗਏ। ਮਨ ਨਹੀਂ ਸੀ ਰੱਜਦਾ। ਮੁੜ-ਮੁੜ ਮੇਲੇ ਵਿੱਚ ਘੁੰਮਣ, ਕਦੇ ਲੋਕਾਂ ਨੂੰ ਅਤੇ ਕਦੇ ਵਿਕਣ ਵਾਲ਼ੀਆਂ ਚੀਜ਼ਾਂ ਨੂੰ ਵੇਖਣ ਨੂੰ ਜੀਅ ਕਰਦਾ ਸੀ। ਕੋਲ਼ ਜਿੰਨੇ ਪੈਸੇ ਸਨ, ਅਸੀਂ ਖਾਣ ਵਾਲੀਆਂ ਚੀਜ਼ਾਂ 'ਤੇ ਹੀ ਖ਼ਰਚ ਕਰ ਦਿੱਤੇ। ਸਾਡੇ ਕੋਲ਼ ਹੋਰ ਪੈਸੇ ਹੁੰਦੇ ਤਾਂ ਅਸੀਂ ਉਹ ਵੀ ਖ਼ਰਚ ਦਿੰਦੇ। ਇਹ ਮੇਲਾ ਸੀ, ਇੱਥੇ ਆਪਣੇ ਆਪ ਦੀ ਸੁੱਧ ਤਾਂ ਰਹਿੰਦੀ ਹੀ ਨਹੀਂ। ਵੱਡੀ ਉਮਰ ਦੇ ਲੋਕ ਆਪਣੇ ਬੱਚਿਆਂ ਲਈ ਨਿੱਕੀਆਂ-ਨਿੱਕੀਆਂ ਚੀਜ਼ਾਂ ਖ਼ਰੀਦ ਰਹੇ ਸਨ। ਚੂੜੀਆਂ ਅਤੇ ਹੋਰ ਘਰੇਲੂ ਵਸਤਾਂ ਦੀਆਂ ਦੁਕਾਨਾਂ ਉੱਤੇ ਇਸਤਰੀਆਂ ਦੀ ਭੀੜ ਸੀ। ਸਾਰਾ ਮੇਲਾ ਇੱਕ ਸੀ ਪਰ ਤਾਂ ਵੀ ਵੱਖ-ਵੱਖ ਥਾਂਵਾਂ 'ਤੇ ਘੇਰਿਆਂ ਵਿੱਚ ਲੋਕਾਂ ਦੀ ਭੀੜ ਲੱਗੀ ਹੋਈ ਸੀ। ਕੁਝ ਪਰ੍ਹਾਂ, ਖਿਡਾਰੀ ਖੇਡ ਵਿਖਾ ਰਹੇ ਸਨ ਅਤੇ ਖੇਡ-ਪ੍ਰੇਮੀ ਉਹਨਾਂ ਦੁਆਲ਼ੇ ਜੁੜੇ ਹੋਏ ਸਨ। ਕੁਝ ਉਰ੍ਹਾਂ ਇੱਕ ਮਦਾਰੀ ਆਪਣੇ ਤਮਾਸ਼ੇ ਨਾਲ਼ ਭੀੜ ਨੂੰ ਕੀਲੀ ਖੜ੍ਹਾ ਸੀ। ਹਰ ਉਮਰ ਦੇ ਲੋਕ ਉਸ ਦੀ ਹਰ ਖੇਡ ਦਾ ਅਨੰਦ ਮਾਣ ਰਹੇ ਸਨ। ਇੱਕ ਵੈਦ ਜਿਹਾ ਆਦਮੀ ਟੋਟਕੇ ਦੱਸ-ਦੱਸ ਕੇ ਆਪਣੀਆਂ ਦਵਾਈਆਂ ਵੇਚ ਰਿਹਾ ਸੀ। ਗੱਲ ਕੀ, ਹਰ ਵੇਖਣ ਵਾਲ਼ਾ ਅਤੇ ਖ਼ਰੀਦਣ ਵਾਲ਼ਾ, ਮੇਲੇ ਦਾ ਅੰਗ ਸੀ।

• **ਪੁਤਲਿਆਂ ਨੂੰ ਅੱਗ ਲਾਉਣਾ** - ਸ਼ਾਮ ਹੋ ਗਈ ਸੀ। ਸਭ ਦਾ ਧਿਆਨ ਪੁਤਲਿਆਂ ਦੇ ਸਾੜੇ ਜਾਣ ਵੱਲ ਮੁੜ ਰਿਹਾ ਸੀ। ਵੇਖਦਿਆਂ ਹੀ ਰਾਮ, ਲਛਮਣ ਅਤੇ ਹਨੂਮਾਨ ਬਣੇ ਕਲਾਕਾਰ ਨੱਚਦੇ-ਟੱਪਦੇ ਪੁਤਲਿਆਂ ਕੋਲ਼ ਪਹੁੰਚ ਗਏ। ਉਹ ਉੱਚੀ-ਉੱਚੀ ਵਾਰਤਾਲਾਪ ਕਰ ਰਹੇ ਸਨ ਜੋ ਸਾਨੂੰ ਸੁਣਾਈ ਨਹੀਂ ਸੀ ਦਿੰਦੇ। ਕੁਝ ਸਮੇਂ ਪਿੱਛੋਂ ਪੁਤਲਿਆਂ ਨੂੰ ਅੱਗ ਲਾਈ ਗਈ। ਉਹਨਾਂ ਵਿੱਚ ਰੱਖੇ ਪਟਾਕਿਆਂ ਦੇ ਫਟਣ ਦੀਆਂ ਅਵਾਜ਼ਾਂ ਲਗਾਤਾਰ ਆਉਣ ਲੱਗੀਆਂ ਅਤੇ ਨਾਲ਼ ਹੀ ਭੀੜ ਦਾ ਸ਼ੋਰ ਉੱਚਾ ਹੋਇਆ।

• **ਘਰ ਨੂੰ ਵਾਪਸੀ** - ਇਸ ਤੋਂ ਪਿੱਛੋਂ ਲੋਕ ਆਪੋ-ਆਪਣੇ ਘਰਾਂ ਨੂੰ ਜਾਣ ਲੱਗ ਪਏ। ਮੈਦਾਨ ਤੋਂ ਨਿਕਲਨ ਵਾਲ਼ੇ ਰਾਹਾਂ ਉੱਤੇ ਲੋਕਾਂ ਦਾ ਹੜ੍ਹ ਵਗਣ ਲੱਗ ਪਿਆ। ਮੈਂ ਤੇ ਮੇਰੀ ਭੈਣ ਗੁਆਚ ਜਾਣ ਦੇ ਡਰੋਂ ਬੜੀ ਸਾਵਧਾਨੀ ਨਾਲ਼ ਇੱਕ ਦੂਜੇ ਦਾ ਹੱਥ ਫੜੀ ਘਰ ਨੂੰ ਮੁੜ ਪਏ। ਕੁਝ ਲੋਕਾਂ ਨੇ ਮੇਲੇ ਤੋਂ ਖ਼ਰੀਦੀਆਂ ਚੀਜ਼ਾਂ ਹੱਥਾਂ ਵਿੱਚ ਚੁੱਕੀਆਂ ਹੋਈਆਂ ਸਨ। ਸਾਡੇ ਹੱਥ ਖ਼ਾਲੀ ਸਨ, ਪਰ ਸਾਡਾ ਮਨ ਮੇਲੇ ਦੇ ਸੁਆਦ ਨਾਲ਼ ਭਰਿਆ ਹੋਇਆ ਸੀ। ਘਰ ਆ ਕੇ ਕਿੰਨੀ ਦੇਰ ਅਸੀਂ ਇੱਕ-ਦੂਜੇ ਤੋਂ ਕਾਹਲੇ, ਮੇਲੇ ਦੀਆਂ ਗੱਲਾਂ ਘਰਦਿਆਂ ਨੂੰ ਦੱਸਦੇ ਰਹੇ।

## 2. ਡਾ. ਭੀਮ ਰਾਓ ਅੰਬੇਦਕਰ

• **ਜਾਣ-ਪਛਾਣ** - ਡਾ. ਭੀਮ ਰਾਓ ਅੰਬੇਦਕਰ ਵਿਦਵਾਨ, ਫ਼ਿਲਾਸਫ਼ਰ, ਕਨੂੰਨਦਾਨ ਅਤੇ ਦੇਸ ਨੂੰ ਪਿਆਰ ਕਰਨ ਵਾਲ਼ੇ ਇਨਸਾਨ ਸਨ। ਆਪ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਵਿਸ਼ਿਆਂ ਬਾਰੇ ਡੂੰਘੀ ਸੋਝੀ ਰੱਖਦੇ ਸਨ। ਆਪ ਨੇ ਸਮਾਜ ਵਿੱਚੋਂ ਅਨਪੜ੍ਹਤਾ, ਅੰਧ-ਵਿਸ਼ਵਾਸ ਅਤੇ ਛੂਤ-ਛਾਤ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਡਾ. ਭੀਮ ਰਾਓ ਅੰਬੇਦਕਰ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਕਿਹਾ ਜਾਂਦਾ ਹੈ। ਭਾਰਤ ਦੇ ਲੋਕ ਆਪ ਨੂੰ 'ਬਾਬਾ ਸਾਹਿਬ' ਕਹਿ ਕੇ ਯਾਦ ਕਰਦੇ ਹਨ। ਆਪ ਦਲਿਤ ਵਰਗ ਦੇ ਮਸੀਹਾ ਸਨ। ਡਾ. ਭੀਮ ਰਾਓ ਅੰਬੇਦਕਰ ਦੀ ਜਨਮ-ਸ਼ਤਾਬਦੀ ਮੌਕੇ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ਼ ਸਨਮਾਨਿਤ ਕੀਤਾ ਗਿਆ।

• **ਜਨਮ ਅਤੇ ਪਰਿਵਾਰ** - ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ, 1891 ਈ: ਨੂੰ ਬੜੌਦਾ ਰਿਆਸਤ ਦੀ ਛਾਉਣੀ ਮਹੂ (ਮੱਧ ਪ੍ਰਦੇਸ਼) ਵਿੱਚ ਸੂਬੇਦਾਰ ਰਾਮ ਜੀ ਦਾਸ ਦੇ ਘਰ, ਮਾਤਾ ਭੀਮਾ ਬਾਈ ਜੀ ਦੀ ਕੁੱਖੋਂ ਹੋਇਆ। ਉਹਨਾਂ ਦਾ ਜੱਦੀ ਪਿੰਡ 'ਮਹਾਂਰਾਸ਼ਟਰ' ਰਾਜ ਵਿੱਚ 'ਅੰਬਾਵਡੇ' ਸੀ। ਆਪ ਅਜੇ ਤਿੰਨ ਕੁ ਸਾਲ ਦੇ ਸਨ ਕਿ ਆਪ ਦੇ ਪਿਤਾ ਨੇ ਫ਼ੌਜ ਦੀ ਨੌਕਰੀ ਵਿੱਚੋਂ ਪੈਂਨਸ਼ਨ ਲੈ ਲਈ ਅਤੇ ਕਸਬਾ ਸਤਾਰਾ ਵਿੱਚ ਰਹਿਣ ਲੱਗੇ। ਇੱਥੇ ਹੀ ਮੁਢਲੀ ਵਿੱਦਿਆ ਪ੍ਰਾਪਤ ਕਰਨ ਲਈ ਡਾ. ਭੀਮ ਰਾਓ ਅੰਬੇਦਕਰ ਨੂੰ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। ਛੋਟੀ ਉਮਰ ਵਿੱਚ ਹੀ ਆਪ ਦੇ ਮਾਤਾ ਜੀ ਦਾ ਦਿਹਾਂਤ ਹੋ ਗਿਆ। ਮਾਂ ਦੀ ਮੌਤ ਤੋਂ ਬਾਅਦ ਡਾ. ਅੰਬੇਦਕਰ ਬਹੁਤ ਉਦਾਸ ਰਹਿਣ ਲੱਗੇ। ਪੜ੍ਹਾਈ ਵਿੱਚ ਵੀ ਉਹਨਾਂ ਦਾ ਮਨ ਨਾ ਲੱਗਦਾ। ਆਪ ਦੇ ਵੱਡੇ ਭਰਾ ਅਨੰਦ ਰਾਓ ਨੇ ਇੱਕ ਦਿਨ ਆਪ ਨੂੰ ਸਮਝਾਇਆ ਕਿ ਮਾਤਾ ਜੀ ਭੀਮ ਰਾਓ ਨੂੰ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਸਨ। ਉਸ ਦਿਨ ਤੋਂ ਆਪ ਨੇ ਪੂਰੀ ਮਿਹਨਤ ਅਤੇ ਲਗਨ ਨਾਲ਼ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ। ਸਤਾਰਾਂ ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਰਾਮਾ ਬਾਈ ਨਾਲ਼ ਹੋਇਆ। ਆਪ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਜਸਵੰਤ ਰਾਓ ਰੱਖਿਆ ਗਿਆ।

• **ਜਾਤੀ ਭੇਦ-ਭਾਵ ਦਾ ਸ਼ਿਕਾਰ** - 1907 ਈ : ਵਿੱਚ ਡਾ. ਅੰਬੇਦਕਰ ਨੇ ਦਸਵੀਂ ਜਮਾਤ ਪਾਸ ਕੀਤੀ। ਉਹਨਾਂ ਦਿਨਾਂ ਵਿੱਚ ਮਹਾਂਰਾਸ਼ਟਰ ਵਿੱਚ ਛੂਤ-ਛਾਤ ਦਾ ਬਹੁਤ ਬੋਲ-ਬਾਲਾ ਸੀ। ਸਕੂਲਾਂ ਵਿੱਚ ਵੀ ਦਲਿਤ ਵਿਦਿਆਰਥੀਆਂ ਨੂੰ ਨਫ਼ਰਤ ਕੀਤੀ ਜਾਂਦੀ ਸੀ। ਉਹਨਾਂ ਨੂੰ ਦੂਜੇ ਵਿਦਿਆਰਥੀਆਂ ਨਾਲ਼ ਬੈਠਣ ਅਤੇ ਖੇਡਣ ਦੀ ਆਗਿਆ ਨਹੀਂ ਸੀ। ਇੱਕ ਵਾਰ ਅਧਿਆਪਕ ਨੇ ਭੀਮ ਰਾਓ ਨੂੰ ਬਲੈਕ-ਬੋਰਡ ਉੱਤੇ ਸਵਾਲ ਹੱਲ ਕਰਨ ਲਈ ਕਿਹਾ ਤਾਂ ਜਮਾਤ ਦੇ ਬਾਕੀ ਮੁੰਡਿਆਂ ਨੇ ਰੌਲਾ ਪਾ ਦਿੱਤਾ, "ਸਾਨੂੰ ਆਪਣੇ ਰੋਟੀ ਵਾਲ਼ੇ ਡੱਬੇ ਚੁੱਕ ਲੈਣ ਦਿਓ।" ਇਸ ਘਟਨਾ ਨੇ ਭੀਮ ਰਾਓ ਦੇ ਬਾਲ-ਮਨ ਨੂੰ ਝੰਜੋੜ ਕੇ ਰੱਖ ਦਿੱਤਾ। ਛੂਤ-ਛਾਤ ਪ੍ਰਤਿ ਵਿਦਰੋਹ ਦੀ ਭਾਵਨਾ ਆਪ ਦੇ ਮਨ ਵਿੱਚ ਹੋਰ ਵੀ ਪ੍ਰਬਲ ਹੋ ਗਈ।

• **ਪੜ੍ਹਾਈ-ਲਿਖਾਈ ਅਤੇ ਮੁੱਢਲਾ ਜੀਵਨ** - ਕਾਲਜ ਦੀ ਸਿੱਖਿਆ ਡਾ. ਅੰਬੇਦਕਰ ਨੇ ਮੁੰਬਈ ਦੇ ਐਲਫਿੰਸਟਨ ਕਾਲਜ ਤੋਂ ਪ੍ਰਾਪਤ ਕੀਤੀ। ਬੜੌਦਾ ਰਿਆਸਤ ਦੇ ਮਹਾਰਾਜਾ ਗਾਇਕਵਾੜ ਨੇ ਆਪ ਦੀ ਵਿਲੱਖਣ ਪ੍ਰਤਿਭਾ ਨੂੰ ਪਛਾਣਿਆ ਅਤੇ ਪੜ੍ਹਾਈ ਲਈ ਵਜ਼ੀਫ਼ਾ ਲਾ ਦਿੱਤਾ। 1912 ਈਸਵੀ ਵਿੱਚ ਆਪ ਨੇ ਬੀ.ਏ. ਪਾਸ ਕਰ ਲਈ 1913 ਈ: ਵਿੱਚ ਬੜੌਦਾ ਦੇ ਮਹਾਰਾਜਾ ਵੱਲੋਂ ਰਿਆਸਤ ਦੇ ਕੁਝ ਵਿਦਿਆਰਥੀਆਂ ਨੂੰ ਉੱਚ-ਵਿੱਦਿਆ ਲਈ ਅਮਰੀਕਾ ਭੇਜਣ ਦਾ ਐਲਾਨ ਕੀਤਾ ਗਿਆ। ਇਹਨਾਂ ਵਿਦਿਆਰਥੀਆਂ ਵਿੱਚ ਡਾ. ਅੰਬੇਦਕਰ ਨੂੰ ਵੀ ਚੁਣਿਆ ਗਿਆ। ਉਹਨਾਂ ਨੇ ਕੋਲੰਬੀਆ ਯੂਨੀਵਰਸਿਟੀ, ਅਮਰੀਕਾ ਤੋਂ ਅਰਥ-ਸ਼ਾਸਤਰ ਦੀ ਐਮ. ਏ. ਪਾਸ ਕੀਤੀ। 1916 ਈ: ਵਿੱਚ ਉਹਨਾਂ ਨੇ ਇੱਥੋਂ ਹੀ ਪੀ-ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। 1922 ਈ: ਵਿੱਚ ਡਾ. ਅੰਬੇਦਕਰ ਨੇ ਲੰਡਨ ਯੂਨੀਵਰਸਿਟੀ ਤੋਂ ਪੀ-ਐਚ.ਡੀ. ਦੀ ਦੂਜੀ ਡਿਗਰੀ ਪ੍ਰਾਪਤ ਕੀਤੀ। ਆਪ ਨੇ ਕੁਝ ਸਮਾਂ ਬੜੌਦਾ ਰਿਆਸਤ ਦੀ ਫ਼ੌਜ ਵਿੱਚ 'ਮਿਲਟਰੀ ਸਕੱਤਰ' ਵਜੋਂ ਨੌਕਰੀ ਕੀਤੀ ਪਰ ਇੱਥੇ ਵੀ ਜਾਤ-ਪਾਤ ਅਤੇ ਛੂਤ-ਛਾਤ ਦਾ ਬੋਲ-ਬਾਲਾ ਹੋਣ ਕਾਰਨ ਆਪ ਇੱਥੇ ਬਹੁਤੀ ਦੇਰ ਟਿਕ ਨਾ ਸਕੇ।

• **ਵਿੱਦਿਆ ਦੇ ਚਾਨਣ ਨਾਲ਼ ਛੂਤ-ਛਾਤ ਨੂੰ ਖਤਮ ਕਰਨ ਲਈ ਉਪਰਾਲੇ** - ਡਾ. ਭੀਮ ਰਾਓ ਅੰਬੇਦਕਰ ਲੋਕ-ਤੰਤਰੀ ਪ੍ਰਣਾਲੀ ਦੇ ਸਮਰਥਕ ਸਨ। ਆਪ ਦਾ ਵਿਚਾਰ ਸੀ ਕਿ ਭਾਰਤ ਦੀਆਂ ਸਮੱਸਿਆਵਾਂ ਇਸੇ ਸ਼ਾਸਨ-ਪ੍ਰਬੰਧ ਰਾਹੀਂ ਹੱਲ ਕੀਤੀਆਂ ਜਾ ਸਕਦੀਆਂ ਹਨ। ਆਪ ਦਾ ਵਿਚਾਰ ਸੀ ਕਿ ਸਮਾਜ ਵਿੱਚ ਫੈਲੀ ਜਾਤ-ਪਾਤ ਅਤੇ ਛੂਤ-ਛਾਤ ਦੀ ਬਿਮਾਰੀ ਦੂਰ ਕਰਨ ਲਈ ਸਿੱਖਿਆ ਦਾ ਪਸਾਰ, ਸ਼ਹਿਰੀਕਰਨ ਅਤੇ ਉਦਯੋਗੀਕਰਨ ਬਹੁਤ ਜ਼ਰੂਰੀ ਹੈ। ਆਪ ਨੇ ਸਮਾਜ ਵਿੱਚ ਵਿੱਦਿਆ ਦਾ ਚਾਨਣ ਫੈਲਾਉਣ ਲਈ 'ਪੀਪਲਜ਼ ਐਜੂਕੇਸ਼ਨਲ ਸੁਸਾਇਟੀ' ਬਣਾਈ। ਗਰੀਬ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰਨਾ

ਇਸ ਸੁਸਾਇਟੀ ਦਾ ਮੁੱਖ ਉਦੇਸ਼ ਸੀ। ਸਮਾਜ ਵਿੱਚ ਜਾਗਰੂਕਤਾ ਫੈਲਾਉਣ ਦੇ ਉਦੇਸ਼ ਲਈ ਆਪ ਨੇ 'ਮੂਕ ਨਾਇਕ' ਅਤੇ 'ਬਹਿਸ਼ਕ੍ਰਿਤ ਭਾਰਤ' ਨਾਂ ਦੇ ਹਫ਼ਤਾਵਾਰ ਅਖ਼ਬਾਰ ਵੀ ਕੱਢੇ।

• **ਸੰਵਿਧਾਨ ਦੀ ਰਚਨਾ** - ਅਜ਼ਾਦੀ ਤੋਂ ਬਾਅਦ ਆਪ ਨੂੰ ਦੇਸ ਦੇ ਕਨੂੰਨ-ਮੰਤਰੀ ਬਣਾਇਆ ਗਿਆ ਅਤੇ ਫਿਰ ਅਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਕਰਨ ਵਾਲ਼ੀ ਕਮੇਟੀ ਦੇ ਚੇਅਰਮੈਨ ਬਣਾਇਆ ਗਿਆ। ਆਪ ਨੇ ਬਹੁਤ ਮਿਹਨਤ ਅਤੇ ਲਗਨ ਨਾਲ਼ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਡਾ. ਅੰਬੇਦਕਰ ਦੀ ਨਿਗਰਾਨੀ ਹੇਠ ਤਿਆਰ ਹੋਇਆ ਭਾਰਤ ਦਾ ਸੰਵਿਧਾਨ ਲੋਕ-ਤੰਤਰਿਕ ਅਤੇ ਧਰਮ-ਨਿਰਪੱਖ ਹੈ। ਇਸ ਵਿੱਚ ਭਾਰਤ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਪੂਰਨ ਸੁਰੱਖਿਆ ਦਿੱਤੀ ਗਈ ਹੈ। ਸੰਵਿਧਾਨ ਦਾ ਇਹ ਖਰੜਾ 29 ਨਵੰਬਰ, 1949 ਈ: ਨੂੰ ਪਾਸ ਹੋ ਗਿਆ। 26 ਜਨਵਰੀ, 1950 ਈ: ਨੂੰ ਇਸ ਸੰਵਿਧਾਨ ਨੂੰ ਲਾਗੂ ਕਰ ਦਿੱਤਾ ਗਿਆ।

• **ਅੰਤਿਮ ਜੀਵਨ** - ਮਾਰਚ, 1952 ਈ: ਵਿੱਚ ਡਾ. ਅੰਬੇਦਕਰ ਨੂੰ ਰਾਜ-ਸਭਾ ਦਾ ਮੈਂਬਰ ਨਿਯੁਕਤ ਕੀਤਾ ਗਿਆ। ਆਪਣੇ ਅੰਤ ਸਮੇਂ ਤੱਕ ਆਪ ਰਾਜ-ਸਭਾ ਦੇ ਮੈਂਬਰ ਰਹੇ। ਜੀਵਨ ਦੇ ਅੰਤਲੇ ਦਿਨਾਂ ਵਿੱਚ ਆਪ ਨੇ ਬੁੱਧ ਧਰਮ ਗ੍ਰਹਿਣ ਕਰ ਲਿਆ। 6 ਦਸੰਬਰ, 1956 ਈ: ਨੂੰ ਡਾ: ਅੰਬੇਦਕਰ ਅਕਾਲ ਚਲਾਣਾ ਕਰ ਗਏ।

• **ਸਾਰ-ਅੰਸ਼** - ਡਾ. ਅੰਬੇਦਕਰ ਦਲਿਤਾਂ, ਔਰਤਾਂ ਅਤੇ ਸਮਾਜ ਵਿੱਚ ਸ਼ੋਸ਼ਿਤ ਹੋ ਰਹੇ ਲੋਕਾਂ ਦੇ ਸੱਚੇ ਹਮਦਰਦ ਸਨ ਉਹਨਾਂ ਨੂੰ ਮਨੁੱਖੀ ਅਜ਼ਾਦੀ ਵਿੱਚ ਵਿਸ਼ਵਾਸ ਸੀ ਅਤੇ ਉਹ ਕਿਸੇ ਵੀ ਕਿਸਮ ਦੀ ਕੱਟੜਤਾ ਨੂੰ ਪਸੰਦ ਨਹੀਂ ਕਰਦੇ ਸਨ ਡਾ. ਅੰਬੇਦਕਰ ਦੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸੁਧਾਰ ਦੀਆਂ ਨੀਤੀਆਂ ਅੱਜ ਵੀ ਦੇਸ ਲਈ ਮਹੱਤਵਪੂਰਨ ਹਨ। ਭਾਰਤਵਾਸੀ ਡਾ. ਅੰਬੇਦਕਰ ਦੇ ਯੋਗਦਾਨ ਲਈ ਹਮੇਸ਼ਾਂ ਉਹਨਾਂ ਦੇ ਰਿਣੀ ਰਹਿਣਗੇ।

## 3. ਵਿਦਿਆਰਥੀ ਅਤੇ ਅਨੁਸ਼ਾਸਨ

• **ਭੂਮਿਕਾ** - ਵਿਦਿਆਰਥੀ ਜੀਵਨ ਮਨੁੱਖ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਿਸ ਦੌਰਾਨ ਮਨੁੱਖ ਦੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਚਰਿੱਤਰ ਚੰਗੇ ਗੁਣਾਂ ਅਤੇ ਚੰਗੀਆਂ ਆਦਤਾਂ ਦਾ ਸਮੂਹ ਹੈ। ਜਿਹੋ ਜਿਹੀਆਂ ਆਦਤਾਂ ਵਿਦਿਆਰਥੀ ਜੀਵਨ ਵਿੱਚ ਬਣ ਜਾਂਦੀਆਂ ਹਨ ਉਹੋ ਜਿਹਾ ਹੀ ਮਨੁੱਖ ਦਾ ਚਰਿੱਤਰ ਬਣ ਜਾਂਦਾ ਹੈ। ਅਨੁਸ਼ਾਸਨ ਚੰਗੇ ਚਰਿੱਤਰ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਅਨੁਸ਼ਾਸਨ ਤੋਂ ਭਾਵ ਹੈ ਨਿਯਮਾਂ ਦਾ ਪਾਲਣ ਕਰਨਾ ਅਤੇ ਆਪਣੇ ਮਨ ਦੇ ਘੋੜੇ ਦੀਆਂ ਵਾਗਾਂ ਨੂੰ ਨਿਯਮਿਤ ਰੱਖਣਾ। ਜ਼ਿੰਦਗੀ ਦੇ ਹਰੇਕ ਪੜਾਅ ਉੱਤੇ ਅਨੁਸ਼ਾਸਨ ਦਾ ਮਹੱਤਵ ਹੈ ਅਤੇ ਹਰ ਮੋੜ ਉੱਤੇ ਇਸ ਦੀ ਲੋੜ ਹੈ।

• **ਅਨੁਸ਼ਾਸਨ ਕੀ ਹੈ?** - ਅਨੁਸ਼ਾਸਨ ਅਜਿਹਾ ਵਿਲੱਖਣ ਗੁਣ ਹੈ ਜਿਸ ਦਾ ਵਿਦਿਆਰਥੀ ਜੀਵਨ ਵਿੱਚ ਬਹੁਤ ਜ਼ਿਆਦਾ ਮਹੱਤਵ ਹੈ । ਸਮੇਂ ਸਿਰ ਜਾਗਣਾ, ਸਮੇਂ ਸਿਰ ਸੌਣਾ, ਅਧਿਆਪਕਾਂ ਵੱਲੋਂ ਦਿੱਤਾ ਗਿਆ ਕੰਮ ਸਮੇਂ ਸਿਰ ਕਰਨਾ, ਸਮੇਂ ਸਿਰ ਸਕੂਲ ਪਹੁੰਚ ਕੇ ਇਕਾਗਰਤਾ ਨਾਲ਼ ਪੜ੍ਹਾਈ ਕਰਨਾ ਅਤੇ ਨਿਮਰਤਾ ਨਾਲ਼ ਅਧਿਆਪਕ ਤੋਂ ਆਪਣੀਆਂ ਸਮੱਸਿਆਵਾਂ ਦੇ ਹੱਲ ਪੁੱਛਣਾ , ਇੱਕ ਅਨੁਸ਼ਾਸਿਤ ਵਿਦਿਆਰਥੀ ਦੇ ਲੱਛਣ ਹਨ। ਚੰਗਾ ਵਿਦਿਆਰਥੀ ਸਿਰਫ਼ ਸਕੂਲ ਵਿੱਚ ਹੀ ਨਹੀਂ, ਸਗੋਂ ਘਰ ਵਿੱਚ ਅਤੇ ਆਪਣੇ ਆਲ਼ੇ-ਦੁਆਲ਼ੇ ਵਿੱਚ ਵੀ ਅਨੁਸ਼ਾਸਨ ਦਾ ਪਾਲਣ ਕਰਦਾ ਹੈ।

• **ਅਨੁਸ਼ਾਸਨ ਦੀ ਲੋੜ** - ਕੁਝ ਵਿਦਿਆਰਥੀ ਫੋਕੀ ਹਉਮੈਂ ਦਾ ਸ਼ਿਕਾਰ ਹੋ ਕੇ ਅਨੁਸ਼ਾਸਨ ਨੂੰ ਗ਼ੁਲਾਮੀ ਸਮਝਣ ਲੱਗਦੇ ਹਨ। ਇਹ ਗ਼ਲਤ ਧਾਰਨਾ ਹੈ। ਸਮੁੱਚੀ ਕੁਦਰਤ ਨਿਯਮਾਂ ਵਿੱਚ ਬੱਝੀ ਚੱਲ ਰਹੀ ਹੈ। ਦਿਨ ਚੜ੍ਹਦਾ ਹੈ, ਰਾਤ ਪੈਂਦੀ ਹੈ ਅਤੇ

ਤਰਤੀਬ ਅਨੁਸਾਰ ਮੌਸਮ ਬਦਲਦੇ ਹਨ। ਸਮੁੱਚਾ ਬ੍ਰਹਿਮੰਡ ਅਨੁਸ਼ਾਸਨਬੱਧ ਹੈ। ਕੁਦਰਤ ਦਾ ਅਨੁਸ਼ਾਸਨ ਰਤਾ ਕੁ ਵੀ ਭੰਗ ਹੋਵੇ ਤਾਂ ਪਰਲੋ ਦੀ ਸਥਿਤੀ ਬਣ ਜਾਂਦੀ ਹੈ। ਜ਼ਿੰਦਗੀ ਦਾ ਅਨੰਦ ਲੈਣ ਲਈ ਅਨੁਸ਼ਾਸਨ ਜ਼ਰੂਰੀ ਹੈ। ਨਿਯਮਬੱਧਤਾ ਗ਼ੁਲਾਮੀ ਨਹੀਂ ਹੁੰਦੀ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅਜ਼ਾਦੀ ਦੀਆਂ ਵੀ ਆਪਣੀਆਂ ਸੀਮਾਵਾਂ ਹੁੰਦੀਆਂ ਹਨ। ਬੇਮੁਹਾਰੀ ਅਜ਼ਾਦੀ ਬਰਬਾਦੀ ਦਾ ਕਾਰਨ ਬਣ ਸਕਦੀ ਹੈ। ਕੁਝ ਵਿਦਿਆਰਥੀ ਅਧਿਆਪਕ ਦਾ ਕਹਿਣਾ ਨਾ ਮੰਨਣ ਅਤੇ ਸਕੂਲ ਦਾ ਵਿੱਦਿਅਕ ਮਾਹੌਲ ਭੰਗ ਕਰਨ ਨੂੰ ਆਪਣੀ ਸ਼ਾਨ ਸਮਝਣ ਲੱਗਦੇ ਹਨ ਅਤੇ ਬੇਸਮਝੀ ਵਿੱਚ ਆਪਣਾ ਭਵਿੱਖ ਬਰਬਾਦ ਕਰ ਲੈਂਦੇ ਹਨ।

• **ਅਨੁਸ਼ਾਸਨ ਦੀ ਕਮੀ** - ਵਰਤਮਾਨ ਸਮੇਂ ਵਿੱਚ ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ ਵਧ ਰਹੀ ਹੈ। ਪਦਾਰਥਵਾਦੀ ਯੁੱਗ ਵਿੱਚ ਵਿੱਦਿਆ ਵਪਾਰ ਬਣ ਗਈ ਹੈ। ਅਧਿਆਪਕ ਅਤੇ ਵਿਦਿਆਰਥੀ ਵਿੱਚ ਪਹਿਲਾਂ ਵਰਗੀ ਨੇੜਤਾ ਨਹੀਂ ਰਹੀ। ਅੱਜ ਅਧਿਆਪਕ ਵਿਦਿਆਰਥੀ ਦੀ ਭਲਾਈ ਲਈ ਵੀ ਉਸ ਨੂੰ ਝਿੜਕ ਨਹੀਂ ਸਕਦਾ। ਭਾਵੇਂ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਇਹ ਠੀਕ ਹੈ ਪਰ ਕੁਝ ਸਿੱਖਿਆ-ਸ਼ਾਸਤਰੀ ਇਹ ਮੰਨਦੇ ਹਨ ਕਿ ਚੰਗੇ ਕੰਮਾਂ ਲਈ ਇਨਾਮ ਅਤੇ ਗ਼ਲਤ ਲਈ ਸਜ਼ਾ ਦਾ ਵਿਧਾਨ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਨਾਲ਼ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਰੱਖਿਆ ਜਾ ਸਕਦਾ ਹੈ, ਪਰ ਲਾਜ਼ਮੀ ਸਿੱਖਿਆ ਦੇ ਕਨੂੰਨ ਅਧੀਨ ਵਿਦਿਆਰਥੀਆਂ ਨੂੰ ਸਜ਼ਾ ਦੇਣ ਦੀ ਥਾਂ ਉਹਨਾਂ ਵਿੱਚ ਸ੍ਵੈ-ਅਨੁਸ਼ਾਸਨ ਪੈਦਾ ਕਰਨ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ।

• **ਸਿੱਖਿਆ ਪ੍ਰਨਾਲ਼ੀ ਅਤੇ ਮੁਲਾਂਕਣ** - ਅਨੁਸ਼ਾਸਨਹੀਣਤਾ ਲਈ ਪਰੀਖਿਆ-ਪ੍ਰਨਾਲ਼ੀ ਨੂੰ ਵੀ ਦੋਸ਼ੀ ਮੰਨਿਆ ਜਾਂਦਾ ਹੈ। ਵਿਦਿਆਰਥੀ ਦੁਆਰਾ ਪ੍ਰਾਪਤ ਕੀਤੇ ਅੰਕਾਂ ਨੂੰ ਹੀ ਉਸਦੇ ਚੰਗੇ ਜਾਂ ਮਾੜੇ ਹੋਣ ਦਾ ਆਧਾਰ ਮੰਨਿਆ ਜਾਂਦਾ ਹੈ ਅਤੇ ਬਾਕੀ ਗੁਣ ਜਾਂ ਔਗੁਣ ਅੱਖੋਂ ਪਰੋਖੇ ਕਰ ਦਿੱਤੇ ਜਾਂਦੇ ਹਨ, ਪਰ ਕੁਝ ਸਾਲਾਂ ਤੋਂ ਲਗਾਤਾਰ ਸਮੁੱਚਾ ਮੁੱਲਾਂਕਣ ( CCE ) ਪ੍ਰਨਾਲ਼ੀ ਲਾਗੂ ਹੋ ਗਈ ਹੈ ਜਿਸ ਵਿੱਚ ਵਿਦਿਆਰਥੀ ਦੀ ਸਰਬ ਪੱਖੀ ਕਾਰਜਸ਼ੀਲਤਾ ਦੇ ਆਧਾਰ ਉੱਤੇ ਮੁਲਾਂਕਣ ਕੀਤਾ ਜਾਂਦਾ ਹੈ। ਇਸ ਪ੍ਰਨਾਲ਼ੀ ਦੇ ਲਾਗੂ ਹੋਣ ਨਾਲ਼ ਵਿਦਿਆਰਥੀਆਂ ਵਿੱਚ ਵਧ ਰਹੀ ਅਨੁਸ਼ਾਸਨਹੀਣਤਾ ਵਿੱਚ ਸੁਧਾਰ ਹੋਣ ਦੀ ਆਸ ਹੈ।

• **ਸਮਾਜ ਦੀ ਜ਼ੁੰਮੇਵਾਰੀ** - ਸਮਾਜ ਵੀ ਵਿਦਿਆਰਥੀਆਂ ਵਿੱਚ ਅਨੁਸ਼ਾਸਨਹੀਣਤਾ ਪੈਦਾ ਕਰਨ ਲਈ ਜ਼ੁੰਮੇਵਾਰ ਹੈ। ਪਦਾਰਥਵਾਦੀ ਯੁੱਗ ਵਿੱਚ ਬੰਦੇ ਦੀ ਕੀਮਤ ਉਸ ਦੀਆਂ ਨੈਤਿਕ ਕਦਰਾਂ-ਕੀਮਤਾਂ ਨਾਲ਼ ਨਹੀਂ ਸਗੋਂ ਉਸ ਦੇ ਪੈਸੇ ਅਤੇ ਰੁਤਬੇ ਨੂੰ ਦੇਖ ਕੇ ਪਾਈ ਜਾਂਦੀ ਹੈ। ਬਹੁਤੇ ਮਾਪੇ ਵੀ ਆਪਣੇ ਬੱਚਿਆਂ ਨੂੰ ਨੈਤਿਕਤਾ ਸਿਖਾਉਣ ਪੱਖੋਂ ਅਵੇਸਲੇ ਹਨ। ਉਹਨਾਂ ਦਾ ਬਹੁਤਾ ਧਿਆਨ ਇਸ ਪੱਖ ਉੱਤੇ ਹੀ ਕੇਂਦਰਿਤ ਰਹਿੰਦਾ ਹੈ ਕਿ ਬੱਚਾ ਚੰਗੇ ਨੰਬਰਾਂ ਵਿੱਚ ਵੱਡੀਆਂ ਡਿਗਰੀਆਂ ਪ੍ਰਾਪਤ ਕਰਕੇ ਚੰਗੀ ਕਮਾਈ ਕਰਨ ਯੋਗ ਹੋ ਜਾਵੇ। ਅਜਿਹੇ ਆਲ਼ੇ-ਦੁਆਲ਼ੇ ਵਿੱਚ ਵਿਦਿਆਰਥੀ ਅਨੁਸ਼ਾਸਨ ਦੀ ਪਰਵਾਹ ਨਹੀਂ ਕਰਦੇ।

• **ਬੱਚਿਆਂ 'ਤੇ ਸਿਨਮੇ ਅਤੇ ਟੈਲੀਵੀਜ਼ਨ ਦੇ ਪ੍ਰਭਾਵ** - ਸਿਨਮਾ ਅਤੇ ਟੈਲੀਵੀਜ਼ਨ ਦੇ ਪ੍ਰਭਾਵ ਸਦਕਾ ਅੱਜ ਦੇ ਵਿਦਿਆਰਥੀ ਫ਼ੈਸ਼ਨ ਵੱਲ ਵਧੇਰੇ ਖਿੱਚੇ ਜਾ ਰਹੇ ਹਨ। ਸਕੂਲਾਂ ਵਿੱਚ ਨਿਯਮਾਂ ਅਨੁਸਾਰ ਵਰਦੀ ਪਹਿਨਣਾ ਉਹਨਾਂ ਨੂੰ ਚੰਗਾ ਨਹੀਂ ਲੱਗਦਾ। ਸਾਦਗੀ ਅੱਜ ਦੇ ਵਿਦਿਆਰਥੀ ਦੇ ਜੀਵਨ ਵਿੱਚੋਂ ਮਨਫ਼ੀ ਹੁੰਦੀ ਜਾ ਰਹੀ ਹੈ। ਕੁਝ ਸ਼ਰਾਰਤੀ ਲੋਕਾਂ ਦੇ ਢਹੇ ਚੜ੍ਹ ਕੇ ਕਈ ਵਿਦਿਆਰਥੀ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ। ਵਿਦਿਆਰਥੀ-ਜੀਵਨ ਵਿੱਚ ਹੀ ਨਸ਼ਿਆਂ ਦੇ ਆਦੀ ਹੋਏ ਬੱਚੇ ਸਦਗੁਣਾਂ ਤੋਂ ਦੂਰ ਹੋ ਜਾਂਦੇ ਹਨ।

• **ਸਾਰੰਸ਼** - ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿਰਫ਼ ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਸਭ ਲਈ ਅਨੁਸ਼ਾਸਨ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ। ਜਿਵੇਂ ਢਿੱਲੀਆਂ ਤਾਰਾਂ ਵਾਲ਼ੀ ਵੀਣਾ ਵਿੱਚੋਂ ਸੰਗੀਤ ਪੈਦਾ ਨਹੀਂ ਹੁੰਦਾ ਅਤੇ ਘੇਰੇ ਵਿੱਚ ਬੰਨ੍ਹ

ਕੇ ਰੱਖੇ ਬਿਨਾਂ ਭਾਫ਼, ਇੰਜਣ ਨਹੀਂ ਚਲਾ ਸਕਦੀ ਬਿਲਕੁਲ ਇਵੇਂ ਹੀ ਅਨੁਸ਼ਾਸਨਹੀਣ ਵਿਦਿਆਰਥੀ ਆਪਣੀ ਮੰਜ਼ਲ ਪ੍ਰਾਪਤ ਨਹੀਂ ਕਰ ਸਕਦੇ। ਸਫ਼ਲਤਾ ਦਾ ਸੁਆਦ ਚੱਖਣ ਲਈ ਅਤੇ ਦੇਸ਼ ਦੇ ਚੰਗੇ ਨਾਗਰਿਕ ਬਣਨ ਲਈ ਅਨੁਸ਼ਾਸਨ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ।

## 4. ਮੇਰਾ ਮਨਭਾਉਂਦਾ ਸਾਹਿਤਕਾਰ

• **ਜਾਣ-ਪਛਾਣ -** ਮੈਨੂੰ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਹੈ। ਉਂਞ ਤਾਂ ਬਹੁਤ ਸਾਰੇ ਸਾਹਿਤਕਾਰ ਮੇਰੇ ਪਸੰਦੀਦਾ ਹਨ ਪਰ ਨਾਨਕ ਸਿੰਘ ਨਾਵਲਕਾਰ ਮੇਰੇ ਮਨਭਾਉਂਦੇ ਸਾਹਿਤਕਾਰ ਹਨ। ਨਾਨਕ ਸਿੰਘ ਪੰਜਾਬੀ ਦਾ ਪ੍ਰਸਿੱਧ ਨਾਵਲਕਾਰ ਹੋਇਆ ਹੈ। ਉਹ ਪੰਜਾਬੀ ਵਿੱਚ ਸਭ ਤੋਂ ਵੱਧ ਨਾਵਲ ਲਿਖਣ ਵਾਲ਼ਾ ਅਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲ਼ਾ ਨਾਵਲਕਾਰ ਹੈ। ਉਸ ਦੇ ਨਾਵਲਾਂ ਬਾਰੇ ਆਮ ਪਾਠਕਾਂ ਦਾ ਪ੍ਰਭਾਵ ਹੈ ਕਿ ਉਹ ਇੱਕ ਵਾਰੀ ਪੜ੍ਹਨੇ ਸ਼ੁਰੂ ਕੀਤੇ ਜਾਣ ਤਾਂ ਮੁੱਕਣ ਤੱਕ ਛੱਡਣ ਨੂੰ ਮਨ ਨਹੀਂ ਕਰਦਾ। ਨਾਨਕ ਸਿੰਘ ਪੰਜਾਬੀ ਦਾ ਹਰਮਨ-ਪਿਆਰਾ ਲੇਖਕ ਹੋਇਆ ਹੈ।

• **ਜਨਮ ਅਤੇ ਮਾਤਾ-ਪਿਤਾ** - ਨਾਨਕ ਸਿੰਘ ਦਾ ਜਨਮ ਮਾਤਾ ਲੱਛਮੀ ਦੀ ਕੁੱਖੋਂ 5 ਜੁਲਾਈ, 1897 ਈ : ਨੂੰ ਪਿੰਡ ਚੱਕ ਹਮੀਦ, ਜ਼ਿਲ੍ਹਾ ਜਿਹਲਮ ( ਹੁਣ ਪਾਕਿਸਤਾਨ ) ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਸ੍ਰੀ ਬਹਾਦਰ ਚੰਦ ਸੂਰੀ ਸੀ ਜੋਕਿ ਇੱਕ ਵਪਾਰੀ ਸਨ। ਬਚਪਨ ਵਿੱਚ ਨਾਨਕ ਸਿੰਘ ਦਾ ਨਾਂ ਹੰਸ ਰਾਜ ਸੀ ਉਸ ਨੇ ਪਿੰਡ ਦੇ ਸਕੂਲ ਤੋਂ ਪੰਜਵੀਂ ਪਾਸ ਕੀਤੀ। ਜਦੋਂ ਉਹ ਛੇਵੀਂ ਵਿੱਚ ਪੜ੍ਹਦਾ ਸੀ ਤਾਂ ਉਸ ਦੇ ਪਿਤਾ ਜੀ ਦੀ ਮੌਤ ਹੋ ਗਈ। ਇਸ ਲਈ ਉਸ ਨੂੰ ਪੜ੍ਹਾਈ ਵਿਚਾਲੇ ਛੱਡ ਕੇ ਰੋਜ਼ੀ ਕਮਾਉਣ ਲਈ ਕਿਰਤ ਕਰਨੀ ਪਈ। ਉਸ ਨੇ ਹਲਵਾਈ ਦੀ ਦੁਕਾਨ ਉੱਤੇ ਭਾਂਡੇ ਮਾਂਜੇ ਅਤੇ ਮੇਲਿਆਂ ਵਿੱਚ ਜਾ ਕੇ ਕੁਲਫ਼ੀਆਂ ਤੱਕ ਵੇਚੀਆਂ।

• **ਸਾਹਿਤ ਲਿਖਣ ਦੀ ਸ਼ੁਰੂਆਤ** - ਤੇਰਾਂ ਸਾਲਾਂ ਦੀ ਉਮਰ ਵਿੱਚ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। 1911 ਈ. ਵਿੱਚ ਜਦੋਂ ਉਹ ਚੌਦਾਂ ਸਾਲਾਂ ਦਾ ਸੀ, ਉਸ ਦਾ ਪਹਿਲਾ ਕਾਵਿ ਸੰਗ੍ਰਹਿ, 'ਸੀਹਰਫ਼ੀ ਹੰਸਰਾਜ' ਛਪਿਆ ਜੋ ਬਹੁਤ ਸਲਾਹਿਆ ਗਿਆ। ਇਸ ਤੋਂ ਬਾਅਦ ਉਸ ਨੇ ਧਾਰਮਿਕ ਗੀਤ ਲਿਖੇ ਜੋ 'ਸਤਿਗੁਰ ਮਹਿਮਾ' ਨਾਂ ਹੇਠ ਛਪੇ। ਇਹ ਗੀਤ ਵੀ ਉਸ ਸਮੇਂ ਬਹੁਤ ਹਰਮਨ-ਪਿਆਰੇ ਹੋਏ। 1922 ਈ. ਵਿੱਚ ਉਹ 'ਗੁਰੂ ਕੇ ਬਾਗ' ਦੇ ਮੋਰਚੇ ਸਮੇਂ ਜੇਲ੍ਹ ਗਿਆ। ਉੱਥੇ ਉਸ ਨੇ ਪ੍ਰੇਮ ਚੰਦ ਦੇ ਨਾਵਲ ਪੜ੍ਹੇ ਜਿਨ੍ਹਾਂ ਤੋਂ ਉਸ ਨੂੰ ਨਾਵਲ ਲਿਖਣ ਦੀ ਪ੍ਰੇਰਨਾ ਮਿਲੀ। ਇੱਥੇ ਹੀ ਉਸ ਨੇ ਆਪਣਾ ਪਹਿਲਾ ਨਾਵਲ 'ਅੱਧ ਖਿੜੀ ਕਲੀ' ਲਿਖਿਆ ਜੋ ਪਿੱਛੋਂ 'ਅੱਧ ਖਿੜਿਆ ਫੁੱਲ' ਨਾਂ ਹੇਠ ਛਪਿਆ।

• **ਵਿਆਹ ਅਤੇ ਹੋਰ ਰਚਨਾਵਾਂ** - 1924 ਈ . ਵਿੱਚ ਉਸ ਦਾ ਵਿਆਹ ਰਾਜ ਕੌਰ ਨਾਲ਼ ਹੋ ਗਿਆ। ਇਸ ਅਰਸੇ ਵਿੱਚ ਉਸਨੇ 'ਮਤਰੇਈ ਮਾਂ', 'ਕਾਲ ਚੱਕਰ', 'ਪ੍ਰੇਮ ਸੰਗੀਤ' ਆਦਿ ਨਾਵਲ ਲਿਖੇ। 1931 ਈ. ਦੇ ਨੇੜੇ ਨਾਨਕ ਸਿੰਘ ਨੇ 'ਚਿੱਟਾ ਲਹੂ' ਲਿਖਿਆ। ਇਸ ਨਾਵਲ ਨਾਲ਼ ਉਹ ਨਾਵਲਕਾਰ ਦੇ ਤੌਰ 'ਤੇ ਪ੍ਰਸਿੱਧ ਹੋ ਗਿਆ। ਕੁਝ ਵਰ੍ਹੇ ਪਿੱਛੋਂ ਨਾਨਕ ਸਿੰਘ ਦਾ ਸੰਪਰਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨਾਲ਼ ਬਣਿਆ। ਉਹ ਗੁਰਬਖ਼ਸ਼ ਸਿੰਘ ਦੇ 'ਸੰਸਾਰ ਪ੍ਰੀਤ ਮੰਡਲ' ਦਾ ਮੈਂਬਰ ਬਣ ਕੇ ਪ੍ਰੀਤਨਗਰ ਰਹਿਣ ਲੱਗਾ। ਉੱਥੇ ਉਸ ਨੇ ਐਕਟਿਵਿਟੀ ਸਕੂਲ ਵਿੱਚ ਕੁਝ ਸਮਾਂ ਅਧਿਆਪਕ ਦੇ ਤੌਰ 'ਤੇ ਕੰਮ ਵੀ ਕੀਤਾ।

ਉਹ ਗੁਰਬਖ਼ਸ਼ ਸਿੰਘ ਦੇ ਪ੍ਰੀਤ-ਫ਼ਲਸਫ਼ੇ ਤੋਂ ਪ੍ਰਭਾਵਿਤ ਹੋਇਆ। ਇਸ ਦੌਰਾਨ ਉਸ ਨੇ 'ਗਰੀਬ ਦੀ ਦੁਨੀਆ', 'ਪਿਆਰ ਦੀ ਦੁਨੀਆ' ਅਤੇ 'ਜੀਵਨ ਸੰਗਰਾਮ' ਨਾਵਲ ਲਿਖੇ।

• **ਦੇਸ ਦੀ ਵੰਡ ਦਾ ਪ੍ਰਭਾਵ** - ਦੇਸ-ਵੰਡ ਸਮੇਂ ਨਾਨਕ ਸਿੰਘ ਅੰਮ੍ਰਿਤਸਰ ਰਹਿ ਰਿਹਾ ਸੀ। ਉਸ ਨੇ ਫ਼ਿਰਕੂ ਫ਼ਸਾਦਾਂ ਦੇ ਭਿਆਨਕ ਦ੍ਰਿਸ਼ਾਂ ਨੂੰ ਅੱਖੀਂ ਡਿੱਠਾ ਅਜਿਹੇ ਦ੍ਰਿਸ਼ ਤੱਕ ਕੇ ਉਹ ਹਲੂਣਿਆ ਗਿਆ ਅਤੇ ਉਸ ਦੇ ਮਨ ਉੱਤੇ ਇਹਨਾਂ ਦੇ ਅਮਿੱਟ ਪ੍ਰਭਾਵ ਪਏ। ਇਹਨਾਂ ਪ੍ਰਭਾਵਾਂ ਨੂੰ ਉਸ ਨੇ ਆਪਣੇ ਨਾਵਲਾਂ 'ਖ਼ੂਨ ਦੇ ਸੋਹਿਲੇ, 'ਅੱਗ ਦੀ ਖੇਡ ', 'ਮੰਝਦਾਰ' ਅਤੇ 'ਚਿੱਤਰਕਾਰ' ਵਿੱਚ ਉਲੀਕਿਆ।

• **ਪ੍ਰਸਿੱਧ ਰਚਨਾਵਾਂ** - 1971 ਈ . ਤੱਕ, ਆਪਣੇ ਅੰਤਲੇ ਵਰ੍ਹੇ ਉਸ ਨੇ ਪ੍ਰੀਤਨਗਰ ਵਿੱਚ ਹੀ ਬਿਤਾਏ। ਉਸ ਦੇ ਕੁਝ ਹੋਰ ਪ੍ਰਸਿੱਧ ਨਾਵਲ ਹਨ ; 'ਪਵਿੱਤਰ ਪਾਪੀ', 'ਆਦਮ ਖੋਰ', 'ਸੰਗਮ', 'ਪੁਜਾਰੀ', 'ਟੁੱਟੀ ਵੀਣਾ', 'ਗੰਗਾ ਜਲੀ ਵਿੱਚ ਸ਼ਰਾਬ', 'ਇੱਕ ਮਿਆਨ ਦੋ ਤਲਵਾਰਾਂ', 'ਕੋਈ ਹਰਿਆ ਬੂਟ ਰਹਿਓ ਰੀ', 'ਗਗਨ ਦਮਾਮਾ ਬਾਜਿਓ'। ਉਸ ਦੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਨੂੰ ਸਾਹਿਤ ਅਕਾਡਮੀ ਵੱਲੋਂ ਇਨਾਮ ਮਿਲਿਆ ਹੈ। ਉਸ ਦੇ ਨਾਵਲ 'ਪਵਿੱਤਰ ਪਾਪੀ' ਉੱਤੇ ਇਸੇ ਨਾਂ ਦੀ ਫ਼ਿਲਮ ਵੀ ਬਣ ਚੁੱਕੀ ਹੈ। ਨਾਨਕ ਸਿੰਘ ਨੇ ਨਾਵਲਾਂ ਤੋਂ ਬਿਨਾਂ ਕਹਾਣੀਆਂ ਵੀ ਲਿਖੀਆਂ ਹਨ। ਉਸ ਦੇ ਨਾਵਲਾਂ ਵਾਂਗ ਇਹ ਵੀ ਬਹੁਤ ਰੋਚਕ ਹਨ। ਨਾਨਕ ਸਿੰਘ ਨੇ ਸਮਾਂ 'ਲੋਕ ਸਾਹਿਤ' ਨਾਂ ਦਾ ਮਾਸਿਕ ਪੱਤਰ ਵੀ ਸੰਪਾਦਿਤ ਅਤੇ ਪ੍ਰਕਾਸ਼ਿਤ ਕੀਤਾ।

• **ਮਾਨਵਵਾਦੀ ਅਤੇ ਸੁਧਾਰਵਾਦੀ ਲੇਖਕ** - ਨਾਨਕ ਸਿੰਘ ਨੇ ਆਪਣੀਆਂ ਰਚਨਾਵਾਂ ਵਿੱਚ ਆਪਣੇ ਸਮੇਂ ਦੇ ਸਮਾਜ ਦੀਆਂ ਲਗ-ਪਗ ਸਾਰੀਆਂ ਸਮੱਸਿਆਵਾਂ ਨੂੰ ਛੂਹਿਆ। ਉਸ ਨੇ ਊਚ-ਨੀਚ, ਜਾਤ-ਪਾਤ, ਫ਼ਿਰਕਾਪ੍ਰਸਤੀ ਅਤੇ ਮਨੁੱਖਾਂ ਵਿਚਕਾਰ ਹਰ ਪ੍ਰਕਾਰ ਦੇ ਵਿਤਕਰੇ ਦੀ ਨਿਖੇਧੀ ਕੀਤੀ।ਉਹ ਗਰੀਬਾਂ, ਮਜ਼ਲੂਮਾਂ ਅਤੇ ਵਿਸ਼ੇਸ਼ ਕਰਕੇ ਇਸਤਰੀਆਂ ਦੇ ਦੁੱਖ-ਦਰਦ ਨੂੰ ਬਿਆਨ ਕਰਦਾ ਸੀ। ਮੁੱਖ ਤੌਰ 'ਤੇ ਉਹ ਮਾਨਵਵਾਦੀ ਅਤੇ ਸੁਧਾਰਵਾਦੀ ਲੇਖਕ ਸੀ। ਨਾਨਕ ਸਿੰਘ ਦੀ ਸ਼ਖ਼ਸੀਅਤ ਉਸ ਦੀਆਂ ਲਿਖਤਾਂ ਵਿੱਚ ਅਤੇ ਉਸ ਦੇ ਸਿਰਜੇ ਪਾਤਰਾਂ ਵਿੱਚ ਝਲਕਦੀ ਹੈ। ਆਪਣੇ ਨਿੱਜੀ ਜੀਵਨ ਵਿੱਚ ਉਹ ਸ਼ਾਂਤ ਸੁਭਾਅ ਅਤੇ ਸਾਦਾ ਆਦਤਾਂ ਵਾਲ਼ਾ ਮਨੁੱਖ ਸੀ। ਉਹ ਸੰਕਟਾਂ ਅਤੇ ਮੁਸੀਬਤਾਂ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ ਉਹ ਬੜਾ ਮਿਹਨਤੀ ਮਨੁੱਖ ਸੀ। ਭਾਵੇਂ ਉਸ ਦੀ ਸਕੂਲੀ ਵਿੱਦਿਆ ਬੜੀ ਨਿਗੂਣੀ ਸੀ ਪਰ ਸ੍ਵੈ-ਅਧਿਐਨ ਸਦਕਾ ਉਹ ਇੱਕ ਪ੍ਰੋੜ੍ਹ ਸਾਹਿਤਕਾਰ ਬਣ ਗਿਆ।

• **ਸਾਰੰਸ਼** - ਨਾਨਕ ਸਿੰਘ ਲਗਨ ਅਤੇ ਸਿਰੜ ਵਾਲ਼ਾ ਸਾਹਿਤਕਾਰ ਸੀ। ਉਸ ਨੇ ਆਪਣੇ ਆਖ਼ਰੀ ਸਮੇਂ ਤੱਕ ਸਾਹਿਤ-ਰਚਨਾ ਕਰਕੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ। ਪੰਜਾਬੀ ਬੋਲੀ ਨੂੰ ਆਪਣੇ ਅਜਿਹੇ ਸਪੂਤਾਂ 'ਤੇ ਹਮੇਸ਼ਾਂ ਮਾਣ ਰਹੇਗਾ।

## 5. **ਪ੍ਰਦੂਸ਼ਣ ਦੀ ਸਮੱਸਿਆ**

• **ਜਾਣ-ਪਛਾਣ** - ਪ੍ਰਦੂਸ਼ਣ ਅੱਜ ਦੇ ਯੁੱਗ ਦੀ ਸਭ ਤੋਂ ਵੱਡੀ ਸਮੱਸਿਆ ਹੈ। ਜਦੋਂ ਤੱਕ ਅਬਾਦੀ ਘੱਟ ਸੀ ਅਤੇ ਕੁਦਰਤੀ ਸੋਮੇ ਬਹੁਤੇ ਸਨ ਉਦੋਂ ਤੱਕ ਪ੍ਰਦੂਸ਼ਣ ਦੀ ਕੋਈ ਸਮੱਸਿਆ ਨਹੀਂ ਸੀ। ਵਧਦੀ ਅਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਵੀ ਵਧ ਗਈ। ਲੋੜਾਂ ਦੀ ਪੂਰਤੀ ਲਈ ਵੱਡੇ-ਵੱਡੇ ਕਾਰਖ਼ਾਨੇ ਲਾਏ ਗਏ। ਇਹਨਾਂ ਤੋਂ ਪੈਦਾ ਹੋਣ ਵਾਲ਼ੇ ਬੇਅੰਤ ਧੂੰਏਂ ਅਤੇ ਹੋਰ ਰਹਿੰਦ-ਖੂੰਹਦ ਨਾਲ਼ ਵਾਤਾਵਰਨ ਪਲੀਤ ਹੋਣ ਲੱਗਿਆ। ਦੂਜੇ ਪਾਸੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਨੁੱਖਾਂ ਨੇ ਜੰਗਲਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਹਵਾ ਨੂੰ ਸਾਫ਼ ਕਰਨ ਵਾਲ਼ੇ ਰੁੱਖਾਂ ਦੀ ਗਿਣਤੀ ਲਗਾਤਾਰ ਘੱਟ ਹੁੰਦੀ ਗਈ। ਨਤੀਜੇ ਵਜੋਂ ਸਮੁੱਚੇ ਵਾਤਾਵਰਨ ਵਿੱਚ ਇੱਕ ਅਸੰਤੁਲਨ ਪੈਦਾ ਹੋ ਗਿਆ। ਇਸ ਨਾਲ਼ ਪ੍ਰਕਿਰਤਿਕ ਵਾਤਾਵਰਨ ਵਿੱਚ

ਬਹੁਤ ਸਾਰੇ ਅਣਚਾਹੇ ਕਾਰਕ ਆ ਗਏ ਜਿਹਨਾਂ ਕਾਰਨ ਵਾਤਾਵਰਨ ਪ੍ਰਦੂਸ਼ਿਤ ਹੋਣ ਲੱਗਿਆ। ਪ੍ਰਦੂਸ਼ਣ ਪੈਦਾ ਕਰਨ ਵਾਲੇ ਇਹਨਾਂ ਕਾਰਕਾਂ ਨੂੰ ਪ੍ਰਦੂਸ਼ਕ ਕਿਹਾ ਜਾਂਦਾ ਹੈ।

• **ਪ੍ਰਦੂਸ਼ਣ ਦੀਆਂ ਕਿਸਮਾਂ** - ਸਮੁੱਚੇ ਵਾਤਾਵਰਨ ਦੇ ਅਧਿਐਨ ਦੇ ਆਧਾਰ ਉੱਤੇ ਪਾਣੀ, ਹਵਾ, ਭੂਮੀ ਅਤੇ ਸ਼ੋਰ-ਪ੍ਰਦੂਸ਼ਣ ਮੁੱਖ ਮੰਨੇ ਜਾਂਦੇ ਹਨ। ਪਾਣੀ-ਪ੍ਰਦੂਸ਼ਣ ਦੀ ਸਥਿਤੀ ਜ਼ਿਆਦਾ ਭਿਆਨਕ ਹੈ। ਵੱਡੇ-ਵੱਡੇ ਕਾਰਖ਼ਾਨਿਆਂ ਵਿੱਚ ਰਹਿੰਦ-ਖੂੰਹਦ ਵਜੋਂ ਪੈਦਾ ਹੋਣ ਵਾਲ਼ੇ ਰਸਾਇਣਿਕ ਪਦਾਰਥ, ਸ਼ਹਿਰਾਂ ਦਾ ਕੂੜਾ, ਗੰਦਗੀ ਅਤੇ ਕੱਪੜੇ ਧੋਣ ਲਈ ਵਰਤੇ ਜਾਂਦੇ ਡਿਟਰਜੈਂਟ ਪਾਊਡਰਾਂ ਆਦਿ ਸਭ ਨੇ ਸਾਡੇ ਪਾਣੀ ਦੇ ਸੋਮਿਆਂ ਜਿਵੇਂ ਨਦੀਆਂ, ਝੀਲਾਂ, ਸਮੁੰਦਰਾਂ ਅਤੇ ਧਰਤੀ ਦੇ ਹੇਠਲੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ। ਗੰਦੇ ਪਾਣੀ ਕਾਰਨ ਪਾਣੀ ਵਿੱਚ ਰਹਿਣ ਵਾਲ਼ੇ ਜਾਨਵਰਾਂ ਦੀ ਹੋਂਦ ਖ਼ਤਰੇ ਵਿੱਚ ਪਈ ਹੋਈ ਹੈ। ਗੰਦੇ ਪਾਣੀ ਨਾਲ਼ ਮਨੁੱਖਾਂ ਵਿੱਚ ਹੈਜ਼ਾ ਮਿਆਦੀ ਬੁਖ਼ਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ। ਪਾਣੀ ਵਿੱਚ ਯੂਰੇਨੀਅਮ ਵਰਗੇ ਤੱਤਾਂ ਦੀ ਜ਼ਿਆਦਾ ਮਾਤਰਾ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ।

• **ਹਵਾ ਪ੍ਰਦੂਸ਼ਣ ਦੇ ਕਾਰਨ** - ਹਵਾ ਸਾਡੇ ਵਾਤਾਵਰਨ ਦਾ ਅਹਿਮ ਤੱਤ ਹੈ ਜਿਹੜੀ ਸਾਰੇ ਜੀਵ-ਜਗਤ ਨੂੰ ਜਿਉਂਦਾ ਰੱਖਣ ਲਈ ਜ਼ਰੂਰੀ ਹੈ, ਇਹ ਵੀ ਪ੍ਰਦੂਸ਼ਿਤ ਹੋ ਰਹੀ ਹੈ। ਸਾਡੇ ਵਾਤਾਵਰਨ ਵਿੱਚ ਕਾਰਬਨ-ਡਾਇਆਕਸਾਈਡ ਦੀ ਮਾਤਰਾ ਬਹੁਤ ਵਧ ਗਈ ਹੈ। ਕੋਲਾ, ਪਟਰੋਲ, ਡੀਜ਼ਲ ਅਤੇ ਹੋਰ ਬਾਲਣਾਂ ਦੀ ਵਧ ਰਹੀ ਵਰਤੋਂ ਇਸ ਦਾ ਪ੍ਰਮੁੱਖ ਕਾਰਨ ਹੈ। ਕਾਰਖ਼ਾਨਿਆਂ ਅਤੇ ਮੋਟਰ-ਗੱਡੀਆਂ ਤੋਂ ਪੈਦਾ ਹੋਣ ਵਾਲ਼ਾ ਜ਼ਹਿਰੀਲਾ ਧੂੰਆਂ ਹਵਾ-ਪ੍ਰਦੂਸ਼ਣ ਵਿੱਚ ਲਗਾਤਾਰ ਵਾਧਾ ਕਰ ਰਿਹਾ ਹੈ। ਸਰਕਾਰ ਦੁਆਰਾ ਪਾਬੰਦੀ ਲਾਏ ਜਾਣ ਦੇ ਬਾਵਜੂਦ ਕਣਕ ਅਤੇ ਝੋਨੇ ਦੀ ਨਾੜ ਨੂੰ ਅੱਗ ਲਾਈ ਜਾਂਦੀ ਹੈ ਜਿਸ ਨਾਲ਼ ਪੈਦਾ ਹੋਇਆ ਮਣਾਂ-ਮੂੰਹੀਂ ਧੂੰਆਂ ਹਵਾ ਨੂੰ ਹੋਰ ਗੰਧਲਾ ਕਰਦਾ ਹੈ। ਫਰਿੱਜ ਅਤੇ ਏ.ਸੀ. ਆਦਿ ਵਿੱਚ ਨਿਕਲਨ ਵਾਲ਼ੇ ਕਲੋਰੋਫਲੋਰੋ ਕਾਰਬਨ, ਓਜ਼ੋਨ-ਪਰਤ ਲਈ ਘਾਤਕ ਹਨ ਅਤੇ ਇਹਨਾਂ ਨਾਲ਼ ਓਜ਼ੋਨ ਪਰਤ ਵਿੱਚ ਛੇਕ ਹੋ ਰਹੇ ਹਨ। ਆਲਮੀ ਤਪਸ਼ (ਗਲੋਬਲ ਵਾਰਮਿੰਗ) ਵਧ ਰਹੀ ਹੈ ਜਿਸ ਨਾਲ਼ ਗਲੇਸ਼ੀਅਰ ਪੰਘਰ ਰਹੇ ਹਨ ਅਤੇ ਸਮੁੰਦਰੀ ਪਾਣੀਆਂ ਦਾ ਪੱਧਰ ਵੀ ਉੱਚਾ ਹੋ ਰਿਹਾ ਹੈ। ਹਵਾ ਪ੍ਰਦੂਸ਼ਣ ਕਾਰਨ ਸਾਹ ਕਿਰਿਆ ਨਾਲ਼ ਸੰਬੰਧਿਤ ਬਿਮਾਰੀਆਂ ਵਧ ਰਹੀਆਂ ਹਨ।

• **ਭੂਮੀ ਅਤੇ ਪਾਣੀ ਪ੍ਰਦੂਸ਼ਣ ਦੇ ਕਾਰਨ** - ਖੇਤੀਬਾੜੀ ਵਿੱਚ ਕੀਟ-ਨਾਸ਼ਕਾਂ ਅਤੇ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਭੂਮੀ ਅਤੇ ਪਾਣੀ ਪ੍ਰਦੂਸ਼ਣ ਦਾ ਕਾਰਨ ਬਣ ਰਹੀ ਹੈ। ਇਸ ਨਾਲ਼ ਜਿੱਥੇ ਮਿੱਟੀ ਦੇ ਤੱਤਾਂ ਵਿਚਲਾ ਸੰਤੁਲਨ ਖਰਾਬ ਹੁੰਦਾ ਹੈ, ਉੱਥੇ ਫਲਾਂ, ਸਬਜ਼ੀਆਂ ਅਤੇ ਅਨਾਜਾਂ ਉੱਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਦੇ ਫਲ, ਸਬਜ਼ੀਆਂ ਅਤੇ ਅਨਾਜ ਦੀ ਵਰਤੋਂ ਕਰਨ ਨਾਲ਼ ਜੀਵਿਤ ਪ੍ਰਾਣੀਆਂ ਵਿੱਚ ਕਈ ਕਿਸਮ ਦੇ ਰੋਗ ਪੈਦਾ ਹੋ ਰਹੇ ਹਨ।

• **ਧੁਨੀ ਪ੍ਰਦੂਸ਼ਣ ਦੇ ਕਾਰਨ** - ਸ਼ੋਰ-ਪ੍ਰਦੂਸ਼ਣ ਜਾਂ ਧੁਨੀ-ਪ੍ਰਦੂਸ਼ਣ ਵੀ ਇੱਕ ਗੰਭੀਰ ਸਮੱਸਿਆ ਬਣ ਰਿਹਾ ਹੈ। ਮੋਟਰਾਂ-ਗੱਡੀਆਂ ਦੇ ਕੰਨ-ਪਾੜਵੇਂ ਹਾਰਨ, ਵਿਆਹਾਂ ਅਤੇ ਹੋਰ ਸਮਾਗਮਾਂ ਵਿੱਚ ਉੱਚੀ ਅਵਾਜ਼ ਵਿੱਚ ਚੱਲਣ ਵਾਲ਼ੇ ਡੀ. ਜੇ. ਆਦਿ ਨੇ ਮਨੁੱਖ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਰਹਾਇਸ਼ੀ ਇਲਾਕਿਆਂ ਦੇ ਨੇੜੇ ਦੇ ਕਾਰਖ਼ਾਨਿਆਂ ਵਿੱਚ ਆਉਣ ਵਾਲ਼ੀਆਂ ਅਵਾਜ਼ਾਂ ਵੀ ਸ਼ੋਰ-ਪ੍ਰਦੂਸ਼ਣ ਦਾ ਕਾਰਨ ਬਣਦੀਆਂ ਹਨ। ਇਹ ਪ੍ਰਦੂਸ਼ਣ ਤਣਾਅ, ਸਿਰਦਰਦ, ਉਨੀਂਦਰਾ, ਖ਼ੂਨ ਦਾ ਦਬਾਅ ਵਧਣ ਅਤੇ ਕੰਨਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ।

• **ਮਨੁੱਖ ਦੁਆਰਾ ਚੀਜ਼ਾਂ ਦੀ ਦੁਰਵਰਤੋਂ** - ਆਪਣੇ ਸੁੱਖ ਲਈ ਮਨੁੱਖ ਵਰਤਣ ਉਪਰੰਤ ਸੁੱਟ ਦੇਣ ਵਾਲ਼ੀਆਂ ਵਸਤਾਂ ਦੀ ਵਰਤੋਂ ਜ਼ਿਆਦਾ ਕਰਨ ਲੱਗਿਆ ਹੈ। ਵਿਭਿੰਨ ਸਮਾਗਮਾਂ ਵਿੱਚ ਵਰਤ ਕੇ ਸੁੱਟਣ ਵਾਲ਼ੀਆਂ ਕੌਲੀਆਂ, ਪਲੇਟਾਂ, ਗਲਾਸ ਅਤੇ ਚਮਚਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਖ਼ਰਾਬ ਚੀਜਾਂ ਦੀ ਮੁਰੰਮਤ ਕਰਾਉਣ ਦੀ ਥਾਂ ਨਵੀਂਆਂ ਚੀਜ਼ਾਂ ਖ਼ਰੀਦਣ ਨੂੰ ਤਰਜੀਹ

ਦਿੱਤੀ ਜਾਂਦੀ ਹੈ। ਸਾਡੀ ਅਜਿਹੇ ਕੰਮਾਂ ਨਾਲ਼ ਧਰਤੀ ਇੱਕ ਵੱਡੇ ਕਬਾੜਖ਼ਾਨੇ ਦਾ ਰੂਪ ਧਾਰਨ ਕਰ ਰਹੀ ਹੈ। ਸਾਨੂੰ ਆਪਣੀਆਂ ਲੋੜਾਂ ਨੂੰ ਸੀਮਿਤ ਰੱਖਣਾ ਚਾਹੀਦਾ ਹੈ। ਦੁਬਾਰਾ ਵਰਤਣਯੋਗ ਚੀਜਾਂ ਨੂੰ ਵਰਤਣਾ ਚਾਹੀਦਾ ਹੈ ਅਤੇ ਖ਼ਰਾਬ ਚੀਜਾਂ ਨੂੰ ਸੁੱਟ ਕੇ ਨਵੀਂ ਖਰੀਦਣ ਦੀ ਥਾਂ ਪੁਰਾਣੀ ਚੀਜ਼ ਦੀ ਮੁਰੰਮਤ ਕਰਵਾਉਣੀ ਚਾਹੀਦੀ ਹੈ।

• **ਵਾਤਾਵਰਣ ਪ੍ਰਤੀ ਮਨੁੱਖੀ ਫਰਜ਼** - ਧਰਤੀ ਅਤੇ ਇਸ ਦਾ ਜੀਵਨ-ਅਨੁਕੂਲ ਵਾਤਾਵਰਨ ਕੁਦਰਤ ਦਾ ਅਨਮੋਲ ਖ਼ਜ਼ਾਨਾ ਹੈ। ਮਨੁੱਖ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਆਪਣੇ ਸਵਾਰਥ ਲਈ, ਤਰੱਕੀ ਦੇ ਨਾਂ 'ਤੇ ਇਸ ਨਾਲ਼ ਖਿਲਵਾੜ ਕਰੇ। ਆਪਣੀ ਮਾਂ ਧਰਤੀ ਦੇ ਵਾਤਾਵਰਨ ਨੂੰ ਸੰਤੁਲਿਤ ਰੱਖਣ ਲਈ ਸਾਨੂੰ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਨੂੰ ਅਤੇ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਪਦਾਰਥਿਕ ਵਸਤਾਂ ਨਾਲੋਂ ਜ਼ਿਆਦਾ ਸਾਫ਼ ਵਾਤਾਵਰਨ ਦੀ ਲੋੜ ਵਧੇਰੇ ਹੈ। ਉਂਝ ਤਾਂ 5 ਜੂਨ ਦਾ ਦਿਨ ਹਰ ਸਾਲ ਵਾਤਾਵਰਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਰ ਅੱਜ ਪ੍ਰਦੂਸ਼ਣ ਦੀ ਸਮੱਸਿਆ ਏਨੀ ਭਿਆਨਕ ਹੋ ਗਈ ਹੈ ਕਿ ਸਾਡਾ ਹਰ ਪਲ ਵਾਤਾਵਰਨ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਆਪਣਾ ਹਰ ਕਰਮ ਕਰਨ ਤੋਂ ਪਹਿਲਾਂ ਸਾਨੂੰ ਵਾਤਾਵਰਨ ਬਾਰੇ ਸੋਚਣਾ ਚਾਹੀਦਾ ਹੈ। ਜਾਗਰੂਕ ਹੋ ਕੇ ਕੰਮ ਕਰਨ ਨਾਲ਼ ਹੀ ਇਹ ਸਮੱਸਿਆ ਦੂਰ ਹੋ ਸਕਦੀ ਹੈ।

• **ਵਾਤਾਵਰਨ ਪ੍ਰਤੀ ਜਾਗਰੂਕਤਾ** - 'ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ' ਵਾਤਾਵਰਨ ਦੀ ਸੰਭਾਲ ਅਤੇ ਵਧ ਰਹੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਮੋਟਰਾਂ-ਗੱਡੀਆਂ ਦਾ ਪ੍ਰਦੂਸ਼ਣ ਚੈੱਕ ਕਰਵਾ ਕੇ ਸਰਟੀਫ਼ਿਕੇਟ ਲੈਣਾ ਵੀ ਜ਼ਰੂਰੀ ਹੈ। ਭਗਤ ਪੂਰਨ ਸਿੰਘ ਪਿੰਗਲਵਾੜਾ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਪ੍ਰਦੂਸ਼ਣ ਪ੍ਰਤਿ ਜਾਗਰੂਕਤਾ ਪੈਦਾ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਵਾਤਾਵਰਨ ਦੀ ਸੰਭਾਲ ਲਈ ਅਤੇ ਲੋਕਾਂ ਵਿੱਚ ਵਾਤਾਵਰਨ ਸੰਬੰਧੀ ਚੇਤਨਾ ਪੈਦਾ ਕਰਨ ਲਈ ਬਹੁਤ ਸਰਗਰਮੀ ਨਾਲ਼ ਕੰਮ ਕਰ ਰਹੇ ਹਨ। 'ਕਾਲੀ ਵੇਈਂ' ਦੀ ਵੱਡੇ ਪੱਧਰ ਉੱਤੇ ਸਫ਼ਾਈ ਕਰਵਾ ਕੇ ਆਪ ਨੇ ਬਹੁਤ ਹੀ ਪ੍ਰਸੰਸਾਯੋਗ ਕੰਮ ਕੀਤਾ ਹੈ। ਅਜਿਹੀਆਂ ਸ਼ਖ਼ਸੀਅਤਾਂ ਤੋਂ ਸਾਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਵਾਤਾਵਰਨ ਦੀ ਸੰਭਾਲ ਵਿੱਚ ਅਤੇ ਪ੍ਰਦੂਸ਼ਣ ਘੱਟ ਕਰਨ ਵਿੱਚ ਸਮਰੱਥਾ ਅਨੁਸਾਰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

## 6. ਮਨੁੱਖ ਅਤੇ ਵਿਗਿਆਨ

• **ਜਾਣ-ਪਛਾਣ** - ਅੱਜ ਦੇ ਯੁੱਗ ਨੂੰ ਵਿਗਿਆਨ ਦਾ ਯੁੱਗ ਕਿਹਾ ਜਾਂਦਾ ਹੈ। ਨਿੱਤ ਦੇ ਜੀਵਨ ਵਿੱਚ ਜਿਹੜੀਆਂ ਚੀਜ਼ਾਂ ਅਸੀਂ ਵਰਤਦੇ ਹਾਂ ਉਹਨਾਂ ਵਿੱਚੋਂ ਸ਼ਾਇਦ ਹੀ ਕੋਈ ਅਜਿਹੀ ਹੋਵੇ ਜਿਸ ਦੇ ਪੈਦਾ ਹੋਣ ਵਿੱਚ ਵਿਗਿਆਨ ਸਹਾਈ ਨਾ ਹੋਇਆ ਹੋਵੇ। ਜ਼ਰਾ ਝਾਤੀ ਮਾਰੀਏ ਤਾਂ ਪੈੱਨ, ਪੁਸਤਕ, ਕੱਪੜੇ, ਮੇਜ਼, ਕੁਰਸੀ, ਬਿਜਲੀ, ਆਵਾਜਾਈ ਦੇ ਸਾਧਨ, ਦਵਾਈਆਂ, ਮਨੋਰੰਜਨ ਦੇ ਸਾਧਨ ਆਦਿ ਅਣਗਿਣਤ ਚੀਜ਼ਾਂ ਵਿਗਿਆਨ ਦਾ ਵਰਦਾਨ ਹਨ ਵਿਗਿਆਨ ਦਾ ਸਦਕਾ ਧਰਤੀ ਉੱਤੇ ਕਿਤੇ ਵੀ ਵੱਸਦਾ ਮਨੁੱਖ ਸਾਰੀ ਦੁਨੀਆ ਨਾਲ਼ ਜੁੜਿਆ ਮਹਿਸੂਸ ਕਰਦਾ ਹੈ। ਦੂਰੀਆਂ ਘਟ ਗਈਆਂ ਜਾਪਦੀਆਂ ਹਨ। ਕਿਤੇ ਵੀ ਕੋਈ ਘਟਨਾ ਵਾਪਰੇ ਉਸਦੀ ਸੂਚਨਾ ਮਿੰਟਾਂ-ਸਕਿੰਟਾਂ ਵਿੱਚ ਧਰਤੀ ਦੇ ਹਰ ਕੋਨੇ 'ਤੇ ਪਹੁੰਚ ਜਾਂਦੀ ਹੈ। ਮਾਰੂ ਸਮਝੀਆਂ ਜਾਂਦੀਆਂ ਬਿਮਾਰੀਆਂ ਉੱਤੇ ਕਾਬੂ ਪਾ ਲਿਆ ਗਿਆ ਹੈ। ਹਰ ਪ੍ਰਕਾਰ ਦੇ ਸੁੱਖਾਂ ਦੇ ਸਾਧਨ ਮਨੁੱਖ ਦੀ ਸੇਵਾ ਵਿੱਚ ਹਨ। ਕੁਦਰਤ ਦੀਆਂ ਸ਼ਕਤੀਆਂ ਨੂੰ ਵੱਸ ਵਿੱਚ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਵਿਗਿਆਨ ਨੇ ਮਨੁੱਖ ਦੇ ਜੀਵਨ-ਢੰਗ ਨੂੰ ਹੀ ਬਦਲ ਦਿੱਤਾ ਹੈ। ਹੁਣ ਵਿਗਿਆਨ ਸਦਕਾ ਮਨੁੱਖ ਇਸ ਧਰਤੀ ਦਾ ਬਾਦਸ਼ਾਹ ਹੈ।

• **ਵਿਗਿਆਨ ਮਨੁੱਖੀ ਮਿਹਨਤ ਦਾ ਸਿੱਟਾ** - ਵਿਗਿਆਨ ਮਨੁੱਖ ਦੀ ਹੀ ਸੂਝ ਅਤੇ ਮਿਹਨਤ ਦਾ ਸਿੱਟਾ ਹੈ। ਵਿਗਿਆਨ ਦਾ ਇਹ ਵਿਕਾਸ ਇੱਕ ਦਿਨ ਵਿੱਚ ਨਹੀਂ ਹੋਇਆ। ਇਸ ਦੇ ਪਿੱਛੇ ਮਨੁੱਖ ਦੀਆਂ ਆਪਣੀਆਂ ਲੋੜਾਂ ਲਈ ਕੁਦਰਤ ਨੂੰ ਸਮਝਣ ਅਤੇ ਉਸ ਉੱਤੇ ਕਾਬੂ ਪਾਉਣ ਦੇ ਯਤਨਾਂ ਦੀ ਲੰਮੀ ਕਹਾਣੀ ਹੈ ਜਿਹੜੀਆਂ ਚੀਜ਼ਾਂ ਦੀ ਅਸੀਂ ਹੁਣ ਆਮ ਵਰਤੋਂ ਕਰਦੇ ਹਾਂ ਉਹ ਕਿਸੇ ਸਮੇਂ ਹੋਈ ਵਿਗਿਆਨ ਦੀ ਕਿਸੇ ਕਾਢ ਦਾ ਹੀ ਸਿੱਟਾ ਹਨ, ਜਿਵੇਂ : ਅੱਗ ਬਾਲਨ ਦੀ ਕਾਢ (ਤੀਲਾਂ ਦੀ ਡੱਬੀ), ਪਹੀਏ ਦੀ ਕਾਢ, ਹਵਾਈ ਜਹਾਜ਼ ਦੀ ਕਾਢ। ਜੋ ਅੱਜ ਵਿਗਿਆਨ ਹੈ ਉਹ ਕੁਝ ਸਮੇਂ ਬਾਅਦ ਆਮ ਗਿਆਨ ਦਾ ਹਿੱਸਾ ਬਣ ਜਾਂਦਾ ਹੈ।

• **ਵਿਗਿਆਨ ਪੂਰੇ ਵਿਸ਼ਵ ਦੇ ਲੋਕਾਂ ਪ੍ਰਾਪਤੀ** - ਵਿਗਿਆਨ ਦੀਆਂ ਕਾਢਾਂ ਕਿਸੇ ਇੱਕ ਦੇਸ਼ ਜਾਂ ਧਰਤੀ ਦੇ ਖਿੱਤੇ ਦੇ ਲੋਕਾਂ ਦੀ ਦੇਣ ਨਹੀਂ ਹਨ। ਇਹਨਾਂ ਲਈ ਸਾਰੇ ਸੰਸਾਰ ਦੇ ਵਿਗਿਆਨੀਆਂ ਨੇ ਆਪਣਾ ਯੋਗਦਾਨ ਪਾਇਆ ਹੈ। ਕੋਈ ਕਾਢ ਭਾਵੇਂ ਕਿਸੇ ਵਿਗਿਆਨੀ ਨੇ ਕੱਢੀ ਹੋਵੇ ਉਸ ਦਾ ਲਾਭ ਸਾਰੇ ਸੰਸਾਰ ਨੂੰ ਹੁੰਦਾ ਹੈ। ਉਦਾਹਰਨ ਲਈ ਬਿਜਲੀ , ਰੇਡੀਓ , ਟੈਲੀਫੂਨ , ਟੈਲੀਵੀਜ਼ਨ ਆਦਿ ਕਾਢਾਂ ਦਾ ਲਾਭ ਸਾਰੀ ਦੁਨੀਆ ਨੂੰ ਪਹੁੰਚ ਰਿਹਾ ਹੈ। ਇਸ ਤਰ੍ਹਾਂ ਵਿਗਿਆਨ ਇਸ ਧਰਤੀ ਦੇ ਲੋਕਾਂ ਦੀ ਸਾਂਝੀ ਪ੍ਰਾਪਤੀ ਹੈ ਅਤੇ ਇਸ ਦੇ ਲਾਭਾਂ ਦਾ ਹੱਕ ਸਾਰਿਆਂ ਨੂੰ ਹੈ।

• **ਵਿਗਿਆਨ ਨਾਲ਼ ਮਨੁੱਖੀ ਜੀਵਨ ਵਿੱਚ ਤੇਜ਼ੀ ਨਾਲ਼ ਬਦਲਾਵ** - ਵਿਗਿਆਨ ਦੇ ਖੇਤਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਨਿੱਤ ਅਖ਼ਬਾਰਾਂ , ਰਸਾਲਿਆਂ , ਰੇਡੀਓ , ਟੈਲੀਵੀਜ਼ਨ ਰਾਹੀਂ ਨਵੀਂਆਂ ਤੋਂ ਨਵੀਂਆਂ ਕਾਢਾਂ ਦਾ ਪਤਾ ਲੱਗਦਾ ਹੈ। ਪਰ ਇਹ ਪਸਾਰਾ ਇਤਨੀ ਤੇਜ਼ੀ ਨਾਲ਼ ਹੋ ਰਿਹਾ ਹੈ ਕਿ ਜਿਹੜੀ ਕਾਢ ਅੱਜ ਹੈਰਾਨੀ ਪੈਦਾ ਕਰਦੀ ਹੈ ਉਹ ਕੁਝ ਸਮੇਂ ਪਿੱਛੋਂ ਆਮ ਹੋ ਜਾਂਦੀ ਹੈ। ਇਲੈਕਟ੍ਰਾਨਿਕ ਘੜੀ ਹੀ ਲਈਏ। ਕੁਝ ਸਾਲ ਪਹਿਲਾਂ ਅਜਿਹੀਆਂ ਘੜੀਆਂ ਹੈਰਾਨੀ ਪੈਦਾ ਕਰਦੀਆਂ ਤੇ ਉਤਸੁਕਤਾ ਜਗਾਉਂਦੀਆਂ ਸਨ, ਪਰ ਅੱਜ-ਕੱਲ੍ਹ ਇਹਨਾਂ ਦੀ ਵਰਤੋਂ ਆਮ ਹੁੰਦੀ ਹੈ। ਇੰਝ ਇਹ ਅਨੁਮਾਨ ਕਰਨਾ ਸੌਖਾ ਨਹੀਂ ਕਿ ਆਉਣ ਵਾਲ਼ੇ ਸਮੇਂ ਵਿੱਚ ਵਿਗਿਆਨ ਦੀਆਂ ਕਿਹੜੀਆਂ-ਕਿਹੜੀਆਂ ਕਾਢਾਂ ਹੋਣਗੀਆਂ ਅਤੇ ਉਹਨਾਂ ਕਾਰਨ ਮਨੁੱਖੀ ਜੀਵਨ ਕਿੰਨਾ ਤਬਦੀਲ ਹੋ ਜਾਵੇਗਾ।

• **ਵਿਗਿਆਨ ਸਦਕਾ ਮਨੁੱਖ ਦੇ ਭੌਤਿਕ ਜੀਵਨ ਵਿੱਚ ਤਬਦੀਲੀਆਂ** - ਵਿਗਿਆਨ ਸਦਕਾ ਮਨੁੱਖ ਦੇ ਭੌਤਿਕ ਜੀਵਨ ਵਿੱਚ ਤੇਜ਼ੀ ਨਾਲ਼ ਤਬਦੀਲੀਆਂ ਆਈਆਂ ਹਨ ਪਰ ਇਸ ਦੇ ਨਾਲ਼ ਮਨੁੱਖ ਦੇ ਮਨ ਵਿੱਚ ਵੀ ਤਬਦੀਲੀ ਆਉਣੀ ਚਾਹੀਦੀ ਹੈ। ਮੁੱਖ ਰੂਪ ਵਿੱਚ ਇਹ ਤਬਦੀਲੀ ਸਾਹਿਤ ਅਤੇ ਕਲਾਵਾਂ ਨੇ ਲਿਆਉਣੀ ਹੁੰਦੀ ਹੈ। ਵਿਗਿਆਨ ਨੇ ਕਲਾਵਾਂ ਦੇ ਵਿਕਸਿਤ ਹੋਣ ਵਿੱਚ ਵੀ ਬਹੁਤ ਯੋਗਦਾਨ ਪਾਇਆ ਹੈ। ਉਦਾਹਰਨ ਲਈ ਸੰਗੀਤ ਦੇ ਅਜਿਹੇ ਸਾਜ਼ ਬਣ ਗਏ ਹਨ ਜਿਹਨਾਂ ਨਾਲ਼ ਬਰੀਕ ਤੋਂ ਬਰੀਕ ਅਤੇ ਮੋਟੀਆਂ ਤੋਂ ਮੋਟੀਆਂ ਧੁਨੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਫ਼ਿਲਮਾਂ ਵਿੱਚ ਵਿਗਿਆਨ ਨੇ ਕਲਾਕਾਰਾਂ ਦੀ ਕਲਾ ਦੇ ਪ੍ਰਭਾਵ ਵਿੱਚ ਬੇਅੰਤ ਵਾਧਾ ਕੀਤਾ ਹੈ। ਕੋਈ ਸੋਭਾ ਸਿੰਘ ਜਿਹਾ ਚਿੱਤਰਕਾਰ ਇੱਕ ਵਧੀਆ ਚਿੱਤਰ ਬਣਾਉਂਦਾ ਹੈ ਤਾਂ ਵਿਗਿਆਨ ਉਸ ਚਿੱਤਰ ਦੀਆਂ ਇੰਨ - ਬਿੰਨ ਲੱਖਾਂ ਕਾਪੀਆਂ ਤਿਆਰ ਕਰਨ ਵਿੱਚ ਮਦਦ ਕਰਦਾ ਹੈ। ਹੋਰ ਤਾਂ ਹੋਰ ਪਹਿਲਾ ਚਿੱਤਰ ਬਣਨ ਵਿੱਚ ਵੀ ਵਧੀਆ ਕੈਨਵਸ, ਭਿੰਨ-ਭਿੰਨ ਰੰਗ ਅਤੇ ਮਿਆਰੀ ਬੁਰਸ਼ ਵਿਗਿਆਨ ਦੀ ਪੈਦਾਵਾਰ ਹਨ। ਵਿਗਿਆਨ ਸਦਕਾ ਕਿਸੇ ਇੱਕ ਥਾਂ ਦਾ ਉੱਤਮ ਸਾਹਿਤ ਸਾਰੇ ਸੰਸਾਰ ਵਿੱਚ ਛਪਦਾ ਅਤੇ ਵਿਕਦਾ ਹੈ। ਇਸ ਪ੍ਰਕਾਰ ਵਿਗਿਆਨ ਅਤੇ ਕਲਾਵਾਂ ਮਨੁੱਖ ਨੇ ਪੈਦਾ ਕੀਤੀਆਂ ਹਨ ਅਤੇ ਮਨੁੱਖ ਦੇ ਭਲੇ ਲਈ ਇੱਕ-ਦੂਜੇ ਦੀਆਂ ਪੂਰਕ ਹਨ। ਮਨੁੱਖ ਦੇ ਮਨ ਵਿੱਚੋਂ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਨਿਰਮੂਲ ਡਰਾਂ ਦਾ ਹਨੇਰਾ ਦੂਰ ਕਰਨ ਲਈ ਵਿਗਿਆਨ ਅਤੇ ਕਲਾਵਾਂ ਦਾ ਬਰਾਬਰ ਯੋਗਦਾਨ ਹੈ।

• **ਵਿਗਿਆਨ ਇੱਕ ਸ਼ਕਤੀ** - ਵਿਗਿਆਨ ਮਨੁੱਖ ਦੇ ਹੱਥ ਵਿੱਚ ਇੱਕ ਵੱਡੀ ਸ਼ਕਤੀ ਹੈ। ਕਿਸੇ ਵੀ ਸ਼ਕਤੀਸ਼ਾਲੀ ਸਾਧਨ ਵਾਂਗ ਇਸ ਦੀ ਕੁਵਰਤੋਂ ਵੀ ਮਾੜੀ ਹੈ। ਅੱਜ ਜੰਗਾਂ-ਯੁੱਧਾਂ ਲਈ ਵਿਗਿਆਨ ਦੀ ਮਦਦ ਨਾਲ਼ ਬੜੇ ਭਿਅੰਕਰ ਹਥਿਆਰ ਬਣਾਏ ਜਾ ਰਹੇ ਹਨ। ਦੂਜੇ ਮਹਾਂ-ਯੁੱਧ ਸਮੇਂ ਜਪਾਨੀ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਐਟਮ-ਬੰਬਾਂ ਨਾਲ਼ ਹੋਈ ਬਰਬਾਦੀ ਅਜੇ ਤੱਕ ਸਭ ਨੂੰ ਯਾਦ ਹੈ। ਹੁਣ ਤਾਂ ਅਜਿਹੇ ਮਾਰੂ ਹਥਿਆਰਾਂ ਬਾਰੇ ਸੁਣਦੇ ਹਾਂ ਜਿਹਨਾਂ ਦੀ ਮਾਰ ਨਾਲ਼ ਸਾਰਾ ਸੰਸਾਰ ਇੱਕੋ ਸਮੇਂ ਤਬਾਹ ਹੋ ਸਕਦਾ ਹੈ। ਪਰ ਇਸ ਵਿੱਚ ਦੋਸ਼ ਵਿਗਿਆਨ ਦਾ ਨਹੀਂ ਸਗੋਂ ਉਹਨਾਂ ਲੋਕਾਂ ਦਾ ਹੈ ਜਿਹੜੇ ਇਸ ਨੂੰ ਤਬਾਹੀ ਲਈ ਵਰਤਣ ਤੋਂ ਝਿਜਕਦੇ ਨਹੀਂ। ਆਉਣ ਵਾਲ਼ੇ ਸਮਿਆਂ ਵਿੱਚ ਅਜਿਹੇ ਮਨੁੱਖ ਦੀ ਲੋੜ ਹੈ ਜਿਹੜਾ ਮਾਰੂ ਦੀ ਥਾਂ ਉਸਾਰੂ ਹੋਵੇ ਅਤੇ ਜਿਹੜਾ ਵਿਗਿਆਨਿਕ ਦ੍ਰਿਸ਼ਟੀ ਅਤੇ ਕੋਮਲ ਹਿਰਦੇ ਦਾ ਮਾਲਕ ਹੋਵੇ , ਤਾਂ ਹੀ ਉਹ ਵਿਗਿਆਨ ਦੀ ਵਧਦੀ ਸ਼ਕਤੀ ਨੂੰ ਸਮੁੱਚੀ ਮਾਨਵਤਾ ਦੇ ਭਲੇ ਲਈ ਵਰਤ ਸਕਦਾ ਹੈ। ਨਿਸ਼ਚੇ ਹੀ ਅਜਿਹੇ ਮਨੁੱਖ ਦੀ ਸ਼ਖ਼ਸੀਅਤ ਦਾ ਵਿਕਾਸ ਵਿਗਿਆਨ ਅਤੇ ਕਲਾ ਦੋਹਾਂ ਦੇ ਸੁਮੇਲ ਸਦਕਾ ਹੀ ਹੋ ਸਕਦਾ ਹੈ।

# ਮੁਹਾਵਰੇ

1. **ਉਸਤਾਦੀ ਕਰਨੀ** - ਬੇਈਮਾਨ ਲੋਕ ਆਪਣੇ ਨੇੜਲੇ ਬੰਦਿਆਂ ਨਾਲ਼ ਵੀ ਉਸਤਾਦੀ ਕਰ ਜਾਂਦੇ ਹਨ।

2. **ਉਂਗਲ ਕਰਨਾ** - ਸਾਡੇ ਮੁੱਖ ਅਧਿਆਪਕ ਏਨੇ ਇਮਾਨਦਾਰ ਅਤੇ ਸੱਚੇ ਸੁੱਚੇ ਹਨ ਕਿ ਉਹਨਾਂ ਵੱਲ ਕੋਈ ਉਂਗਲ ਨਹੀਂ ਕਰ ਸਕਦਾ।

3. **ਉੱਚਾ ਸਾਹ ਨਾ ਕੱਢਣਾ** - ਜੇ ਘਰ ਵਿੱਚ ਮਾਤਾ ਜਾਂ ਪਿਤਾ ਜੀ ਸਖ਼ਤ ਸੁਭਾਅ ਦੇ ਹੋਣ ਤਾਂ ਉਹਨਾਂ ਦੀ ਹਾਜ਼ਰੀ ਵਿੱਚ ਬੱਚੇ ਉੱਚਾ ਸਾਹ ਨਹੀਂ ਕੱਢਦੇ।

4. **ਉੱਚਾ-ਨੀਵਾਂ ਬੋਲਣਾ** - ਅੱਜ-ਕੱਲ੍ਹ ਭਾਵੇਂ ਕੋਈ ਛੋਟੀ ਨੌਕਰੀ ਹੀ ਕਰਦਾ ਹੋਵੇ, ਆਪਣੇ ਅਫ਼ਸਰ ਦੁਆਰਾ ਉੱਚਾ-ਨੀਵਾਂ ਬੋਲਣਾ ਪਸੰਦ ਨਹੀਂ ਕਰਦਾ।

5. **ਉਡੀਕ-ਉਡੀਕ ਕੇ ਬੁੱਢਾ ਹੋ ਜਾਣਾ** - ਨੀਲਮ, ਤੈਨੂੰ ਵੀਰੇ ਦੇ ਵਿਆਹ 'ਤੇ ਉਡੀਕ-ਉਡੀਕ ਕੇ ਮੈਂ ਬੁੱਢੀ ਹੋ ਗਈ, ਪਰ ਤੂੰ ਨਾ ਆਈ।

6. **ਉੱਨੀ-ਇੱਕੀ ਦਾ ਫ਼ਰਕ ਹੋਣਾ** - ਸਾਡੀ ਸ਼੍ਰੇਣੀ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲ਼ੇ ਵਿਦਿਆਰਥੀਆਂ ਦੇ ਅੰਕਾਂ ਵਿੱਚ ਕੇਵਲ ਉੱਨੀ ਇੱਕੀ ਦਾ ਫ਼ਰਕ ਸੀ।

7. **ਉੱਲੂ ਬਣਾਉਣਾ** - ਜਿਹੜੇ ਦੂਜਿਆਂ ਨੂੰ ਉੱਲੂ ਬਣਾਉਣ ਦੀ ਕੋਸ਼ਸ਼ ਕਰਦੇ ਹਨ, ਉਹ ਆਪ ਉੱਲੂ ਹੁੰਦੇ ਹਨ।

8. **ਉੱਲੂ ਬੋਲਣਾ** - ਘਰ ਵਿੱਚ ਬੱਚਿਆਂ ਤੋਂ ਬਿਨਾਂ ਉੱਲੂ ਬੋਲਦੇ ਜਾਪਦੇ ਹਨ।

9. **ਅੱਖਾਂ ਅੱਗੇ ਹਨੇਰਾ ਆਉਣਾ** - ਗੜਿਆਂ ਨਾਲ਼ ਆਪਣੀ ਫ਼ਸਲ ਤਬਾਹ ਹੋਈ ਵੇਖ ਕੇ ਕਿਸਾਨ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ।

10. **ਅੱਖਾਂ ਫੇਰ ਲੈਣਾ** - ਜਦੋਂ ਮਹਿੰਦਰ ਕੋਲ ਧਨ ਮੁੱਕ ਗਿਆ ਤਾਂ ਉਸਦੇ ਸਵਾਰਥੀ ਮਿੱਤਰਾਂ ਨੇ ਅੱਖਾਂ ਫੇਰ ਲਈਆਂ।

11. **ਅੱਖਾਂ ਵਿੱਚ ਲਹੂ ਉੱਤਰਨਾ** - ਜਲ੍ਹਿਆਂਵਾਲ਼ੇ ਬਾਗ਼ ਦੀ ਘਟਨਾ ਵੇਖ ਕੇ ਊਧਮ ਸਿੰਘ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਤੇ ਉਸ ਨੇ ਬਦਲਾ ਲੈਣ ਦਾ ਨਿਸ਼ਚਾ ਕੀਤਾ।

12. **ਅੱਖੋਂ ਓਹਲੇ ਕਰਨਾ** - ਕੋਈ ਵੀ ਮਾਂ ਵਾਹ ਲੱਗਦੀ ਆਪਣੀ ਉਲਾਦ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੁੰਦੀ।

13. **ਅੱਗ ਨਾਲ਼ ਖੇਡਣਾ** - ਸਰਕਸ ਦੇ ਕਲਾਕਾਰ ਆਪਣੇ ਕਰਤਬ ਦਿਖਾਉਂਦੇ ਹੋਏ ਅੱਗ ਨਾਲ਼ ਖੇਡਦੇ ਹਨ।

14. **ਅੱਗ ਲਾਉਣਾ** - ਫ਼ਿਰਕਾਪ੍ਰਸਤ ਲੋਕ ਆਪਣੇ ਸਵਾਰਥ ਲਈ ਸ਼ਾਂਤੀ ਨਾਲ਼ ਵੱਸਦੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਫ਼ਿਰਕਾਪ੍ਰਸਤੀ ਦੀ ਅੱਗ ਲਾਉਂਦੇ ਹਨ।

15. **ਅੱਡੀਆਂ ਚੁੱਕ-ਚੁੱਕ ਵੇਖਣਾ** - ਹਰਦੀਪ ਦੇ ਪਿਤਾ ਜੀ ਨੇ ਅੱਜ ਆਉਣਾ ਹੈ। ਉਹ ਸਵੇਰ ਤੋਂ ਹੀ ਅੱਡੀਆਂ ਚੁੱਕ-ਚੁੱਕ ਕੇ ਉਹਨਾਂ ਦਾ ਰਾਹ ਵੇਖਦੀ ਹੈ।

16. **ਅੱਡੀ-ਚੋਟੀ ਦਾ ਜ਼ੋਰ ਲਾਉਣਾ** - ਨੌਕਰੀ ਪ੍ਰਾਪਤ ਕਰਨ ਲਈ ਉਸ ਨੇ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ।

17. **ਅੱਡੀ ਨਾ ਲੱਗਣਾ** - ਸਕੂਲ ਦੀਆਂ ਸਲਾਨਾ ਖੇਡਾਂ ਵੇਲੇ ਪੀ.ਟੀ. ਮਾਸਟਰ ਜੀ ਦੀ ਤਾਂ ਅੱਡੀ ਨਹੀਂ ਸੀ ਲੱਗਦੀ।

18. **ਅਣਿਆਈ ਮੌਤ ਮਰਨਾ** - ਟੈਫ਼ਿਕ ਨਿਯਮਾਂ ਦੀ ਪਾਲਣਾ ਨਾ ਕਰਨ ਕਰਕੇ ਹਾਦਸੇ ਹੁੰਦੇ ਹਨ ਜਿਨ੍ਹਾਂ ਵਿੱਚ ਕਈ ਲੋਕ ਅਣਿਆਈ ਮੌਤ ਮਰਦੇ ਹਨ।

19. **ਅੱਤ ਚੁੱਕਣਾ** - ਕਈ ਮੋਟਰ-ਚਾਲਕਾਂ ਨੇ ਤਾਂ ਏਨੀ ਅੱਤ ਚੁੱਕੀ ਹੁੰਦੀ ਹੈ ਕਿ ਉਹ ਭੀੜ ਵਾਲੀਆਂ ਥਾਂਵਾਂ ਤੋਂ ਵੀ ਤੇਜ਼ ਰਫ਼ਤਾਰ ਨਾਲ਼ ਮੋਟਰ-ਸਾਈਕਲ ਚਲਾਉਂਦੇ ਲੰਘ ਜਾਂਦੇ ਹਨ।

20. **ਅਬਾ-ਤਬਾ ਬੋਲਣਾ** - ਸ਼ਰਾਬ ਪੀਣ ਦਾ ਇੱਕ ਔਗੁਣ ਇਹ ਵੀ ਹੈ ਕਿ ਸ਼ਰਾਬੀ ਨਸ਼ੇ ਵਿੱਚ ਅਬਾ-ਤਬਾ ਬੋਲਦਾ ਹੈ ਜਿਸ ਕਾਰਨ ਕਈ ਵਾਰ ਲੜਾਈ ਵੀ ਹੋ ਜਾਂਦੀ ਹੈ।

21. **ਅਲਖ ਮੁਕਾਉਣਾ** - ਰਾਜੇ ਮਹਾਰਾਜਿਆਂ ਦੇ ਜ਼ਮਾਨੇ ਵਿੱਚ ਜੇ ਕੋਈ ਉਹਨਾਂ ਦਾ ਵਿਰੋਧ ਕਰਦਾ ਸੀ ਤਾਂ ਉਸ ਦੀ ਅਲਖ ਮੁਕਾ ਦਿੱਤੀ ਜਾਂਦੀ ਸੀ।

22. **ਅਲੂਣੀ ਸਿਲ਼ ਚੱਟਣਾ** - ਜਿਹੜੇ ਵਿਦਿਆਰਥੀ ਦੀ ਪੜ੍ਹਨ ਵਿੱਚ ਦਿਲਚਸਪੀ ਨਹੀਂ ਹੁੰਦੀ, ਉਸ ਲਈ ਪੜ੍ਹਾਈ ਕਰਨੀ ਅਲੂਣੀ ਸਿਲ਼ ਚੱਟਣ ਵਾਂਗ ਹੁੰਦੀ ਹੈ।

23. **ਅੰਨ੍ਹੇ ਅੱਗੇ ਦੀਦੇ ਗਾਲਣੇ** - ਅੰਗਰੇਜ਼ੀ ਰਾਜ ਵਿੱਚ ਭਾਰਤੀਆਂ ਦਾ ਸਰਕਾਰ ਅੱਗੇ ਦਾਦ-ਫ਼ਰਿਆਦ ਕਰਨਾ ਅੰਨ੍ਹੇ ਅੱਗੇ ਦੀਦੇ ਗਾਲਣ ਵਾਲ਼ੀ ਗੱਲ ਹੁੰਦੀ ਸੀ।

24. **ਆਪਣੀ ਲੱਤ ਉੱਪਰ ਰੱਖਣੀ** - ਜਿਹੜਾ ਵਿਅਕਤੀ ਹਰ ਗੱਲ ਵਿੱਚ ਆਪਣੀ ਲੱਤ ਉੱਪਰ ਰੱਖਣ ਦੀ ਕੋਸ਼ਸ਼ ਕਰਦਾ ਹੈ, ਉਹਨੂੰ ਘੁਮੰਡੀ ਅਤੇ ਜਿੱਦੀ ਕਿਹਾ ਜਾਂਦਾ ਹੈ।

25. **ਆਪਣੇ ਪੈਰੀਂ ਆਪ ਕੁਹਾੜਾ ਮਾਰਨਾ** - ਜਿਹੜੇ ਕਰਮਚਾਰੀ ਕੰਮ ਕਰਨ ਦੀ ਥਾਂ ਵਿਹਲੇ ਰਹਿਣ ਦੀ ਆਦਤ ਪਾ ਲੈਂਦੇ ਹਨ, ਉਹ ਆਪਣੇ ਪੈਰੀਂ ਆਪ ਕੁਹਾੜਾ ਮਾਰਦੇ ਹਨ।

26. **ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ** - ਤੁਹਾਡੇ ਗੁਣਾਂ ਕਰਕੇ ਜੇ ਕੋਈ ਦੂਜਾ ਤੁਹਾਡੀ ਪ੍ਰਸੰਸਾ ਕਰੇ ਤਾਂ ਉਚਿਤ ਹੈ ਪਰ ਆਪਣੇ ਮੂੰਹੋਂ ਮੀਆਂ ਮਿੱਠੂ ਬਣਨਾ ਚੰਗਾ ਨਹੀਂ।

27. **ਆਲ਼ੇ ਕੌਡੀ ਛਿੱਕੇ ਕੌਡੀ ਕਰਨਾ** - ਮੈਂ ਜਦੋਂ ਵੀ ਦਫ਼ਤਰ ਆਉਂਦਾ ਹਾਂ ਬਾਬੂ ਆਲ਼ੇ ਕੌਡੀ ਛਿੱਕੇ ਕੌਡੀ ਕਰ ਦਿੰਦਾ ਹੈ। ਸਿੱਧੀ ਤਰ੍ਹਾਂ ਗੱਲ ਨਹੀਂ ਕਰਦਾ ਕਿ ਉਹ ਚਾਹ-ਪਾਣੀ ਪੀਣਾ ਚਾਹੁੰਦਾ ਹੈ।

28. **ਆਵਾ ਊਤ ਜਾਣਾ** - ਉਸ ਦਾ ਇੱਕ ਭਰਾ ਸ਼ਰਾਬੀ ਹੈ , ਦੂਜਾ ਜੁਆਰੀਆ ਅਤੇ ਤੀਜਾ ਕਬੂਤਰਬਾਜ਼ੀ ਦਾ ਸ਼ੌਕ ਰੱਖਦਾ ਹੈ, ਗੱਲ ਕੀ, ਉਹਨਾਂ ਦਾ ਤਾਂ ਆਵਾ ਹੀ ਊਤਿਆ ਪਿਆ ਹੈ।

29. **ਆਈ-ਚਲਾਈ ਕਰਨਾ** - ਘਰ ਦੀ ਆਮਦਨ ਨਾਲ਼ ਮਸਾਂ ਆਈ-ਚਲਾਈ ਹੀ ਹੁੰਦੀ ਹੈ। ਮੇਰੀ ਪੜ੍ਹਾਈ ਦੇ ਖ਼ਰਚ ਜੋਗੇ ਪੈਸਿਆਂ ਦਾ ਪ੍ਰਬੰਧ ਬਹੁਤ ਔਖਾ ਹੁੰਦਾ ਹੈ।

30. **ਆਸਾਂ ਉੱਤੇ ਪਾਣੀ ਫਿਰ ਜਾਣਾ** - ਨਰਿੰਦਰ ਦਾ ਦਸਵੀਂ ਵਿੱਚ ਤੀਜਾ ਦਰਜਾ ਆਉਣ ਕਾਰਨ ਜਾਣੋ ਉਸ ਦੀਆਂ ਆਸਾਂ 'ਤੇ ਪਾਣੀ ਹੀ ਫਿਰ ਗਿਆ।

31. **ਆਹੂ ਲਾਹੁਣਾ** - ਸਾਹਿਬਜ਼ਾਦਾ ਅਜੀਤ ਸਿੰਘ ਨੇ ਚਮਕੌਰ ਦੀ ਲੜਾਈ ਵਿੱਚ ਦੁਸ਼ਮਣਾਂ ਦੇ ਆਹੂ ਲਾਹ ਸੁੱਟੇ।

32. **ਆਟੇ ਵਿੱਚ ਲੂਣ ਹੋਣਾ** - ਅੰਗਰੇਜ਼ਾਂ ਦੇ ਰਾਜ ਵਿੱਚ ਸਕੂਲ ਜਾਂਦੇ ਬੱਚਿਆਂ ਦੀ ਗਿਣਤੀ ਆਟੇ ਵਿੱਚ ਲੂਣ ਸੀ। ਇਸ ਦੇ ਉਲਟ ਹੁਣ ਅਜ਼ਾਦ ਭਾਰਤ ਵਿੱਚ ਸਕੂਲ ਨਾ ਜਾਣ ਵਾਲ਼ੇ ਬੱਚਿਆਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੈ।

33. **ਆਂਦਰਾਂ ਠਾਰਨਾ** - ਜਿਹੜੇ ਵਿਦਿਆਰਥੀ ਮਿਹਨਤ ਨਾਲ਼ ਪੜ੍ਹਾਈ ਕਰਦੇ ਹਨ, ਉਹ ਨਾ ਕੇਵਲ ਆਪਣੇ ਅਧਿਆਪਕਾਂ ਨੂੰ ਚੰਗੇ ਲੱਗਦੇ ਹਨ ਸਗੋਂ ਆਪਣੇ ਮਾਪਿਆਂ ਦੀਆਂ ਆਂਦਰਾਂ ਵੀ ਠਾਰਦੇ ਹਨ।

34. **ਆਪਣਾ ਉੱਲੂ ਸਿੱਧਾ ਕਰਨਾ** - ਕਈ ਵਿਅਕਤੀ ਆਪਣਾ ਉੱਲੂ ਸਿੱਧਾ ਕਰਨ ਲਈ ਦੂਜਿਆਂ ਨਾਲ਼ ਦੋਸਤੀ ਦਾ ਵਿਖਾਵਾ ਵੀ ਕਰਦੇ ਹਨ।

35. **ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾਉਣੀ** - ਤੈਨੂੰ ਸਾਰਿਆਂ ਨਾਲ਼ ਰਲ਼ ਕੇ ਰਹਿਣਾ ਚਾਹੀਦਾ ਹੈ। ਆਪਣੀ ਢਾਈ ਪਾ ਖਿੱਚੜੀ ਵੱਖਰੀ ਪਕਾਉਣੀ ਚੰਗੀ ਗੱਲ ਨਹੀਂ।

36. **ਆਪਣੀ ਪੀਹੜੀ ਹੇਠ ਸੋਟਾ ਫੇਰਨਾ** - ਕਿਸੇ ਵੱਲ ਉਂਗਲ ਕਰਨ ਤੋਂ ਸਾਨੂੰ ਆਪਣੀ ਪੀਹੜੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

37. **ਇੱਕ ਅੱਖ ਨਾਲ਼ ਵੇਖਣਾ** - ਲੋਕ ਉਸ ਨੇਤਾ ਨੂੰ ਪਸੰਦ ਕਰਦੇ ਹਨ ਜੋ ਸਭ ਨੂੰ ਇੱਕ ਅੱਖ ਨਾਲ਼ ਵੇਖਦਾ ਹੈ।

38. **ਇੱਕ ਕੰਨ ਸੁਣ ਕੇ ਦੂਜੇ ਕੰਨ ਕੱਢ ਦੇਣਾ** - ਲੋਕ ਉਸ ਹਾਕਮ ਦਾ ਸਤਿਕਾਰ ਨਹੀਂ ਕਰਦੇ ਜਿਹੜਾ ਕਿਸੇ ਦੀ ਦਾਦ-ਫ਼ਰਿਆਦ ਨੂੰ ਇੱਕ ਕੰਨ ਸੁਣ ਕੇ ਦੂਜੇ ਕੰਨ ਕੱਢ ਦਿੰਦਾ ਹੈ।

39. **ਇੱਕ ਦੀਆਂ ਚਾਰ ਸੁਣਾਉਣਾ** - ਉਸ ਨੇ ਆਪਣਾ ਦੋਸ਼ ਨਹੀਂ ਮੰਨਣਾ , ਉਹਨੂੰ ਕੁਝ ਕਹੋਗੇ ਤਾਂ ਉਹ ਇੱਕ ਦੀਆਂ ਚਾਰ ਸੁਣਾਏਗਾ। 40. **ਇੱਕੋ ਰੱਸੇ ਫਾਹੇ ਦੇਣਾ** - ਅੰਗਰੇਜ਼ੀ ਰਾਜ ਵਿੱਚ ਨਿਆਂ ਕੇਵਲ ਦਿਖਾਵੇ ਮਾਤਰ ਲਈ ਸੀ, ਬਹੁਤੀ ਵਾਰੀ ਇੱਕ ਦੇ ਕਸੂਰ ਬਦਲੇ ਸਭ ਨੂੰ ਇੱਕੋ ਰੱਸੇ ਫਾਹੇ ਲਾਇਆ ਜਾਂਦਾ ਸੀ।

41. **ਇੱਕੋ ਤੱਕੜੀ ਦੇ ਵੱਟੇ ਹੋਣਾ** - ਚੋਰ - ਬਜ਼ਾਰੀਏ ਭਾਵੇਂ ਕਿਸੇ ਵੀ ਦੇਸ ਜਾਂ ਪ੍ਰਾਂਤ ਦੇ ਹੋਣ ਇੱਕੋ ਤੱਕੜੀ ਦੇ ਵੱਟੇ ਹੁੰਦੇ ਹਨ।

42. **ਇੱਜ਼ਤ ਨੂੰ ਵੱਟਾ ਲਾਉਣਾ** - ਜਿਹੜੇ ਲੋਕ ਬੇਈਮਾਨੀ, ਰਿਸ਼ਵਤਖੋਰੀ ਜਾਂ ਚੋਰ-ਬਜ਼ਾਰੀ ਆਦਿ ਕੁਕਰਮਾਂ ਰਾਹੀਂ ਦੇਸ-ਧ੍ਰੋਹ ਕਰਦੇ ਹਨ, ਉਹ ਦੇਸ ਦੀ ਇੱਜ਼ਤ ਨੂੰ ਵੱਟਾ ਲਾਉਂਦੇ ਹਨ।

43. **ਇੱਟ-ਕੁੱਤੇ ਦਾ ਵੈਰ ਹੋਣਾ** - ਕਿਹਾ ਜਾਂਦਾ ਹੈ ਕਿ ਸੱਪ ਅਤੇ ਨਿਓਲ਼ੇ ਦਾ ਆਪਸ ਵਿੱਚ ਇੱਟ-ਕੁੱਤੇ ਦਾ ਵੈਰ ਹੈ।

44. **ਇੱਟ-ਚੁੱਕਦੇ ਨੂੰ ਪੱਥਰ ਚੁੱਕਣਾ** - ਭਾਰਤ ਭਾਵੇਂ ਸ਼ਾਂਤੀ ਦਾ ਪੁਜਾਰੀ ਹੈ ਤਾਂ ਵੀ ਇਹ ਇੱਟ ਚੁੱਕਦੇ ਨੂੰ ਪੱਥਰ ਚੁੱਕ ਕੇ ਮੁਕਾਬਲਾ ਕਰਨ ਲਈ ਤਿਆਰ ਰਹਿੰਦਾ ਹੈ।

45. **ਇੱਟ ਨਾਲ਼ ਇੱਟ ਖੜਕਾਉਣਾ** - ਪੁਰਾਣੇ ਸਮੇਂ ਵਿੱਚ ਕਈ ਵਾਰ ਜਦੋਂ ਹਮਲਾ ਹੁੰਦਾ ਸੀ ਤਾਂ ਸ਼ਹਿਰਾਂ ਤੇ ਨਗਰਾਂ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ ਜਾਂਦੀ ਸੀ।

46. **ਈਦ ਦਾ ਚੰਨ ਹੋਣਾ** - ਕਿੱਥੇ ਰਹਿੰਦਾ ਏਂ ? ਬੜੀ ਦੇਰ ਬਾਅਦ ਮਿਲ਼ਿਆ ਏਂ, ਤੂੰ ਤਾਂ ਈਦ ਦਾ ਚੰਨ ਹੋ ਗਿਆ ਏ।

**47. ਈਨ ਮੰਨਣਾ** - ਸਾਹਿਬਜ਼ਾਦਿਆਂ ਨੇ ਆਪਣੀ ਜਾਨ ਦੇ ਦਿੱਤੀ ਪਰ ਜ਼ਾਲਮ ਹਾਕਮਾਂ ਦੀ ਈਨ ਨਾ ਮੰਨੀ।

**48. ਸੱਜੀ ਬਾਂਹ ਹੋਣਾ** - ਭਾਰਤ ਅਮਨ-ਪਸੰਦ ਦੇਸਾਂ ਦੀ ਸੱਜੀ ਬਾਂਹ ਹੈ।

**49. ਸੱਤਰਿਆ-ਬਹੱਤਰਿਆ ਜਾਣਾ** - ਬਜ਼ੁਰਗਾਂ ਦੇ ਤਜਰਬੇ ਤੋਂ ਲਾਭ ਉਠਾਉਣਾ ਚਾਹੀਦਾ ਹੈ। ਉਹਨਾਂ ਨੂੰ ਸੱਤਰਿਆ-ਬਹੱਤਰਿਆ ਕਹਿ ਕੇ ਕਾਰਨਾ ਨਹੀਂ ਚਾਹੀਦਾ।

**50. ਸੱਤੀਂ ਕੱਪੜੀਂ ਅੱਗ ਲੱਗਣਾ** - ਸ: ਮਹਿੰਦਰ ਸਿੰਘ ਵਰਗੇ ਨੇਕ ਅਤੇ ਸ਼ਰੀਫ਼ ਇਨਸਾਨ ਉੱਤੇ ਚੋਰੀ ਦੇ ਝੂਠੇ ਇਲਜ਼ਾਮ ਨੂੰ ਸੁਣ ਕੇ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ।

**51. ਸੱਪ ਸੁੰਘ ਜਾਣਾ** - ਕਈ ਲੋਕ ਆਪਣੇ ਹੱਕਾਂ ਲਈ ਤਾਂ ਰੌਲਾ ਪਾਉਂਦੇ ਹਨ ਪਰ ਜਦੋਂ ਉਹਨਾਂ ਦੇ ਫ਼ਰਜ਼ ਦੀ ਗੱਲ ਕਰੋ ਤਾਂ ਉਹਨਾਂ ਨੂੰ ਸੱਪ ਸੁੰਘ ਜਾਂਦਾ ਹੈ।

**52. ਸੱਪਾਂ ਨੂੰ ਦੁੱਧ ਪਿਆਉਣਾ** - ਚੋਰ-ਬਜ਼ਾਰੀਆਂ ਅਤੇ ਹੋਰ ਦੇਸ-ਧ੍ਰੋਹੀਆਂ ਨੂੰ ਕਨੂੰਨ ਦੇ ਸ਼ਿਕੰਜੇ ਤੋਂ ਬਚਾਉਣਾ ਸੱਪਾਂ ਨੂੰ ਦੁੱਧ ਪਿਆਉਣਾ ਹੈ।

**53. ਸਬਰ ਦਾ ਘੁੱਟ ਭਰਨਾ** - ਸੰਗਠਿਤ ਹੋਏ ਮਨੁੱਖ ਹੀ ਜ਼ੁਲਮ ਅਤੇ ਅਨਿਆਂ ਦਾ ਮੁਕਾਬਲਾ ਕਰ ਸਕਦੇ ਹਨ। ਇਕੱਲੇ ਮਨੁੱਖ ਨੂੰ ਤਾਂ ਜ਼ੁਲਮ ਅੱਗੇ ਸਬਰ ਦਾ ਘੁੱਟ ਭਰਨਾ ਪੈਂਦਾ ਹੈ।

**54. ਸਬਰ ਦਾ ਪਿਆਲਾ ਛਲ਼ਕਣਾ** - ਜਦੋਂ ਗੁਲਾਮ ਕੌਮਾਂ ਦੇ ਸਬਰ ਦਾ ਪਿਆਲਾ ਛਲ਼ਕ ਜਾਂਦਾ ਹੈ ਤਾਂ ਉਹ ਗ਼ੁਲਾਮੀ ਦਾ ਜੂਲ਼ਾ ਲਾਹੁਣ ਲਈ ਤਤਪਰ ਹੋ ਜਾਂਦੇ ਹਨ।

**55. ਸਮੇਂ ਦੀ ਨਬਜ਼ ਪਛਾਣਨਾ** - ਸਿਆਣੇ ਮਾਪੇ ਸਮੇਂ ਦੀ ਨਬਜ਼ ਪਛਾਣਦੇ ਹੋਏ ਆਪਣੇ ਬੱਚਿਆਂ ਨਾਲ਼ ਲਚਕਦਾਰ ਵਤੀਰਾ ਰੱਖਦੇ ਹਨ ।

**56. ਸ਼ਸ਼ੋਪੰਜ ਵਿੱਚ ਪੈ ਜਾਣਾ** - ਠੀਕ ਅਗਵਾਈ ਨਾ ਮਿਲ਼ਨ ਕਰਕੇ ਕਈ ਵਿਦਿਆਰਥੀ ਚੋਣਵੇਂ ਵਿਸ਼ਿਆਂ ਦੀ ਚੋਣ ਬਾਰੇ ਸ਼ਸ਼ੋਪੰਜ ਵਿੱਚ ਪਏ ਰਹਿੰਦੇ ਹਨ।

**57. ਸ਼ਰਮ ਨਾਲ਼ ਪਾਣੀ-ਪਾਣੀ ਹੋ ਜਾਣਾ** - ਕੱਚੇ ਇਮਤਿਹਾਨਾਂ ਵਿੱਚ ਜਦੋਂ ਮਨੀਟਰ ਕੋਲ਼ੋਂ ਨਕਲ ਮਾਰਨ ਲਈ ਰੱਖੇ ਕਾਗ਼ਜ਼ ਫੜੇ ਗਏ ਤਾਂ ਉਹ ਸ਼ਰਮ ਨਾਲ਼ ਪਾਣੀ-ਪਾਣੀ ਹੋ ਗਿਆ।

**58. ਸਾਹ-ਸਤ ਮੁੱਕ ਜਾਣਾ** - ਮੈਂ ਤਾਂ ਪਹਿਲੇ ਦਰਜੇ ਦੀ ਆਸ ਲਾਈ ਬੈਠਾ ਸੀ ਪਰ ਨਤੀਜਾ ਨਿਕਲ਼ਨ ਤੇ ਅਖ਼ਬਾਰ ਵਿੱਚ ਜਦੋਂ ਮੈਨੂੰ ਆਪਣਾ ਰੋਲ ਨੰਬਰ ਨਾ ਦਿਸਿਆ ਤਾਂ ਮੇਰਾ ਸਾਹ-ਸਤ ਮੁੱਕ ਗਿਆ।

**59. ਸਾਹ ਨਾ ਲੈਣ ਦੇਣਾ** - ਮਾਤਾ ਜੀ ਮੈਨੂੰ ਆਪ ਅੰਗਰੇਜ਼ੀ ਪੜ੍ਹਾਉਣਾ ਚਾਹੁੰਦੇ ਹਨ ਪਰ ਉਹਨਾਂ ਨੂੰ ਤਾਂ ਘਰ ਦੇ ਕੰਮ ਹੀ ਸਾਹ ਨਹੀਂ ਲੈਣ ਦਿੰਦੇ।

**60. ਸਾਖੀ ਭਰਨਾ** - ਜਲ੍ਹਿਆਂਵਾਲ਼ਾ ਬਾਗ਼ ਅੰਗਰੇਜ਼ਾਂ ਦੇ ਜ਼ੁਲਮ ਦੀ ਸਾਖੀ ਭਰਦਾ ਹੈ।

**61. ਸਿੱਕਾ ਜੰਮਣਾ** - ਹਿੰਦ-ਪਾਕ ਦੀ ਜੰਗ ਵੇਲੇ ਬਹਾਦਰ ਰਾਜੂ ਨੇ ਆਪਣੀ ਤੋਪ ਨਾਲ਼ ਦੁਸ਼ਮਣਾਂ ਦੇ ਜਹਾਜ਼ ਫੁੰਡ-ਫੁੰਡ ਕੇ ਆਪਣੀ ਨਿਸ਼ਾਨੇਬਾਜ਼ੀ ਦਾ ਸਿੱਕਾ ਜਮਾ ਦਿੱਤਾ।

**62. ਸਿੱਧੇ ਮੂੰਹ ਗੱਲ ਨਾ ਕਰਨਾ** - ਉਸ ਹੈਂਕੜਬਾਜ਼ ਦੀ ਲਾਟਰੀ ਕੀ ਨਿਕਲ ਆਈ, ਉਹ ਕਿਸੇ ਨਾਲ਼ ਸਿੱਧੇ ਮੂੰਹ ਗੱਲ ਈ ਨਹੀਂ ਕਰਦਾ।

63. **ਸਿਰ ਉੱਤੋਂ ਪਾਣੀ ਲੰਘਣਾ** - ਕੋਈ ਵੀ ਮਾਂ ਆਪਣੇ ਬੱਚੇ ਉੱਪਰ ਹੱਥ ਨਹੀਂ ਚੁੱਕਣਾ ਚਾਹੁੰਦੀ, ਪਰ ਜਦੋਂ ਬੱਚੇ ਦੀਆਂ ਭੈੜੀਆਂ ਆਦਤਾਂ ਕਰਕੇ ਪਾਣੀ ਸਿਰ ਉੱਤੋਂ ਲੰਘ ਜਾਵੇ ਤਾਂ ਉਹ ਬੱਚੇ ਨੂੰ ਸਜ਼ਾ ਦੇਣ ਤੋਂ ਵੀ ਨਹੀਂ ਝਿਜਕਦੀ।

64. **ਸਿਰ ਸਿਹਰਾ ਆਉਣਾ** - ਸਕੂਲ ਦਾ ਨਤੀਜਾ ਸੌ ਪ੍ਰਤਿਸ਼ਤ ਆਉਣ ਦਾ ਸਿਹਰਾ ਸਾਡੇ ਮਿਹਨਤੀ ਅਧਿਆਪਕਾਂ ਸਿਰ ਹੈ।

65. **ਸਿਰ 'ਤੇ ਖੱਫਣ ਬੰਨ੍ਹਣਾ** - ਦੇਸ-ਭਗਤ ਸਿਰ 'ਤੇ ਖੱਫਣ ਬੰਨ੍ਹ ਕੇ ਅਜ਼ਾਦੀ ਦੀ ਲਹਿਰ ਵਿੱਚ ਕੁੱਦ ਪਏ।

66. **ਸਿਰ ਖਾਣਾ** - ਬੱਚਿਆਂ ਦੀਆਂ ਫ਼ਰਮਾਇਸ਼ਾਂ ਤੋਂ ਤੰਗ ਆ ਕੇ ਮਾਂ ਨੇ ਕਿਹਾ, "ਚੁੱਪ ਕਰ ਕੇ ਬੈਠੋ। ਮੇਰਾ ਸਿਰ ਨਾ ਖਾਓ?"

67. **ਸਿਰ ਖੁਰਕਣ ਦੀ ਵਿਹਲ ਨਾ ਹੋਣਾ** - ਵਿਆਹ ਵਿੱਚ ਏਨਾ ਕੰਮ ਸੀ ਕਿ ਸਾਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ।

68. **ਸਿਰ ਤਲੀ 'ਤੇ ਧਰਨਾ** - ਫ਼ੌਜੀ ਜਵਾਨ ਸਿਰ ਤਲੀ 'ਤੇ ਧਰ ਕੇ ਸਰਹੱਦਾਂ ਦੀ ਰਾਖੀ ਕਰਦੇ ਹਨ।

69. **ਸਿਰ ਉੱਤੇ ਹੱਥ ਰੱਖਣਾ** - ਗੁਰੂ ਜੀ ਨੇ ਬਾਬਾ ਬਚਿੱਤਰ ਸਿੰਘ ਦੇ ਸਿਰ ਉੱਤੇ ਹੱਥ ਰੱਖਿਆ ਅਤੇ ਉਹਨੇ ਦੁਸ਼ਮਣ ਦੇ ਮਸਤ ਹਾਥੀ ਨੂੰ ਵੀ ਪਛਾੜ ਦਿੱਤਾ।

70. **ਸਿਰ ਉੱਤੇ ਕੁੰਡਾ ਨਾ ਹੋਣਾ** - ਸਿਰ ਉੱਤੇ ਕੁੰਡਾ ਨਾ ਹੋਣ ਕਰਕੇ ਮੁੰਡੇ ਦੀਆਂ ਆਦਤਾਂ ਵਿਗੜ ਗਈਆਂ।

71. **ਸਿਰ ਉੱਤੇ ਜੂੰ ਨਾ ਸਰਕਣਾ** - ਹੁਣ ਫੇਲ੍ਹ ਹੋਣ 'ਤੇ ਕਿਉਂ ਰੋਂਦਾ ਹੈਂ? ਜਦੋਂ ਤੈਨੂੰ ਪੜ੍ਹਨ ਲਈ ਕਹਿੰਦੇ ਸਾਂ ਤਾਂ ਤੇਰੇ ਸਿਰ ਉੱਤੇ ਜੂੰ ਨਹੀਂ ਸੀ ਸਕਦੀ।

72. **ਸਿਰ ਉੱਤੇ ਪੈਰ ਰੱਖ ਕੇ ਨੱਸਣਾ** - ਸਿਪਾਹੀ ਨੂੰ ਵੇਖਦਿਆਂ ਜੇਬ-ਕਤਰਾ ਸਿਰ ਉੱਤੇ ਪੈਰ ਰੱਖ ਕੇ ਨੱਸ ਗਿਆ।

73. **ਸਿਰ-ਪੈਰ ਨਾ ਹੋਣਾ** - ਵਕਤਾ ਇੱਕ ਘੰਟਾ ਬੋਲਦਾ ਰਿਹਾ ਪਰ ਉਹਦੇ ਭਾਸ਼ਣ ਦਾ ਕੋਈ ਸਿਰ-ਪੈਰ ਨਾ ਹੋਣ ਕਾਰਨ ਸਰੋਤਿਆਂ ਦੇ ਪੱਲੇ ਕੁਝ ਨਾ ਪਿਆ।

74. **ਸਿਰ-ਧੜ ਦੀ ਬਾਜ਼ੀ ਲਾਉਣਾ** - ਡਾਕੂਆਂ ਦੇ ਹਮਲੇ ਸਮੇਂ ਪਿੰਡ ਦੇ ਸਾਰੇ ਲੋਕ ਸਿਰ-ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹੋ ਗਏ ਜਿਸ ਕਾਰਨ ਡਾਕੂਆਂ ਨੂੰ ਭੱਜਣਾ ਪਿਆ।

75. **ਸਿਰ ਨਾ ਚੁੱਕਣਾ** - ਬਾਬਾ ਜੀ ਦੇ ਸਖ਼ਤ ਸੁਭਾਅ ਕਾਰਨ ਸਾਡੇ ਘਰ ਵਿੱਚ ਕੋਈ ਵੀ ਉਹਨਾਂ ਅੱਗੇ ਸਿਰ ਨਹੀਂ ਚੁੱਕਦਾ।

76. **ਸਿਰ-ਮੱਥੇ ਉੱਤੇ ਮੰਨਣਾ** - ਠੀਕ ਗੱਲ ਸਿਰ-ਮੱਥੇ ਉੱਤੇ ਮੰਨਣੀ ਚਾਹੀਦੀ ਹੈ, ਕਹਿਣ ਵਾਲ਼ਾ ਭਾਵੇਂ ਕੋਈ ਵੀ ਹੋਵੇ।

77. **ਸਿਰ ਮਾਰਨਾ -** ਮੈਨੂੰ ਆਸ ਸੀ ਕਿ ਥੋੜ੍ਹੀ ਜਿੰਨੀ ਜਾਣ-ਪਛਾਣ ਹੋਣ ਕਰਕੇ ਦੁਕਾਨਦਾਰ ਮੈਨੂੰ ਉਧਾਰ ਦੇ ਦੇਵੇਗਾ ਪਰ ਉਹਨੇ ਮੇਰੀ ਗੱਲ ਸੁਣਦਿਆਂ ਹੀ ਸਿਰ ਮਾਰ ਦਿੱਤਾ।

78. **ਸਿਰੋਂ ਨੰਗੀ ਹੋਣਾ** - ਅਵਤਾਰ ਕੌਰ ਦਾ ਪਤੀ ਦੁਰਘਟਨਾ ਵਿੱਚ ਮਾਰਿਆ ਗਿਆ। ਉਹ ਨੌਕਰੀ ਕਰਦੀ ਸੀ ਇਸ ਲਈ ਉਸ ਨੇ ਸਿਰੋਂ ਨੰਗੀ ਹੋ ਜਾਣ 'ਤੇ ਵੀ ਆਪਣੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖੀ।

79. **ਸੁਹਾਗ ਲੁੱਟ ਲੈਣਾ** - ਜੰਗ ਵਿੱਚ ਅਨੇਕਾਂ ਇਸਤਰੀਆਂ ਦੇ ਸੁਹਾਗ ਲੁੱਟੇ ਜਾਂਦੇ ਹਨ।

80. **ਸੁੱਕ ਕੇ ਤੀਲ੍ਹਾ ਹੋਣਾ** - ਲੰਮੀ ਬਿਮਾਰੀ ਕਾਰਨ ਉਹ ਸੁੱਕ ਕੇ ਤੀਲ੍ਹਾ ਹੋ ਗਿਆ ਹੈ।

81. **ਸੁੱਕਣੇ ਪਾ ਛੱਡਣਾ** - ਸਕੂਲ ਦੇ ਸਮਾਗਮ ਵਿੱਚ ਮੁੱਖ ਮਹਿਮਾਨ ਦੋ ਘੰਟੇ ਲੇਟ ਆਇਆ ਇਸ ਲਈ ਵਿਦਿਆਰਥੀ ਦੋ ਘੰਟੇ ਸੁੱਕਣੇ ਪਏ ਰਹੇ। ਜਾਂ ਜੇ ਤੁਸੀਂ ਏਨੀ ਹੀ ਦੇਰ ਨਾਲ਼ ਆਉਣਾ ਸੀ ਤਾਂ ਮੈਨੂੰ ਪਹਿਲਾਂ ਹੀ ਕਿਉਂ ਸੁੱਕਣੇ ਪਾ ਛੱਡਿਆ?

82. **ਸ਼ੇਖ਼ਚਿਲੀ ਦੇ ਪਲਾਅ ਪਕਾਉਣਾ** - ਵਿਹਲੇ ਹੱਥ 'ਤੇ ਹੱਥ ਧਰ ਕੇ ਸ਼ੇਖ਼ਚਿਲੀ ਦੇ ਪਲਾਅ ਪਕਾਉਣ ਨਾਲੋਂ ਚੰਗਾ ਹੈ, ਹਿੰਮਤ ਨਾਲ਼ ਕੋਈ ਕੰਮ ਕੀਤਾ ਜਾਵੇ।

**83. ਸੇਕ ਲੱਗਣਾ** - ਜੇ ਦੇਸ ਵਿੱਚ ਕਿਸੇ ਵੀ ਪ੍ਰਕਾਰ ਦੀ ਬਦਅਮਨੀ ਹੋਵੇ ਤਾਂ ਉਸ ਦਾ ਸੇਕ ਹਰ ਪਰਿਵਾਰ ਨੂੰ ਲੱਗਦਾ ਹੈ।

**84. ਸੁਰ ਮਿਲ਼ਨਾ** - ਦਸਵੀਂ ਨੂੰ ਪੜ੍ਹਾਉਣ ਵਾਲ਼ੇ ਅਧਿਆਪਕਾਂ ਦੀ ਸੁਰ ਚੰਗੀ ਮਿਲ਼ੀ ਹੈ, ਆਸ ਹੈ ਨਤੀਜਾ ਸ਼ਾਨਦਾਰ ਆਵੇਗਾ।

**85. ਸੁੱਤੀ ਕਲਾ ਜਗਾਉਣਾ** - ਫ਼ਿਰਕਾਪ੍ਰਸਤੀ ਨੂੰ ਹਵਾ ਦੇਣੀ ਸੁੱਤੀ ਕਲਾ ਜਗਾਉਣਾ ਹੈ।

**86. ਸੁੱਖ ਦੀ ਨੀਂਦਰੇ ਸੌਣਾ** - ਪਰੀਖਿਆ ਮੁੱਕਣ 'ਤੇ ਵਿਦਿਆਰਥੀ ਕੁਝ ਸਮਾਂ ਤਾਂ ਸੁੱਖ ਦੀ ਨੀਂਦਰੇ ਸੌਂਦੇ ਹਨ।

**87. ਸੁੱਖ ਦਾ ਸਾਹ ਆਉਣਾ** - ਜੰਗ ਬੰਦ ਹੋਈ ਤਾਂ ਸਭ ਨੇ ਸੁੱਖ ਦਾ ਸਾਹ ਲਿਆ।

**88. ਸੁੱਕੇ ਬਾਗ਼ ਹਰੇ ਹੋਣਾ** - ਮਾਪਿਆਂ ਨੇ ਅਤਿ ਗ਼ਰੀਬੀ ਵਿੱਚ ਆਪਣੇ ਬੱਚੇ ਨੂੰ ਡਾਕਟਰੀ ਦੀ ਪੜ੍ਹਾਈ ਕਰਵਾਈ। ਜਦੋਂ ਉਹਦੀ ਨੌਕਰੀ ਲੱਗੀ ਤਾਂ ਮਾਪਿਆਂ ਦੇ ਸੁੱਕੇ ਬਾਗ਼ ਹਰੇ ਹੋ ਗਏ।

**89. ਸ਼ੇਰ ਹੋ ਜਾਣਾ** - ਡਾਕੂਆਂ ਦੇ ਮੁਕਾਬਲੇ ਵਿੱਚ ਘਰ ਵਾਲ਼ੇ ਘਬਰਾ ਗਏ ਸਨ ਪਰ ਜਦੋਂ ਪਿੰਡ ਵਾਲ਼ੇ ਉਹਨਾਂ ਦੀ ਮਦਦ ਲਈ ਆ ਗਏ ਤਾਂ ਘਰ ਵਾਲ਼ੇ ਵੀ ਸ਼ੇਰ ਹੋ ਗਏ।

**90. ਸ਼ੇਰ ਦੀ ਮੁੱਛ ਫੜਨਾ** - ਦੁਸ਼ਮਣ ਨੂੰ ਪਤਾ ਹੈ ਕਿ ਸਾਡੀਆਂ ਸਰਹੱਦਾਂ ਵੱਲ ਤੱਕਣਾ ਸ਼ੇਰ ਦੀ ਮੁੱਛ ਫੜਨਾ ਹੈ।

**91. ਸੈਲ-ਪੱਥਰ ਹੋਣਾ** - ਨਾਗਾਸਾਕੀ ਅਤੇ ਹੀਰੋਸ਼ੀਮਾ ਉੱਤੇ ਬੰਬ ਡਿਗਣ ਨਾਲ਼ ਅਨੇਕਾਂ ਲੋਕ ਮਾਰੇ ਗਏ। ਜਿਹੜੇ ਬਚ ਵੀ ਗਏ ਉਹ ਸਦਮੇ ਨਾਲ਼ ਜਿਵੇਂ ਸੈਲ ਪੱਥਰ ਹੋ ਗਏ।

**92. ਸੋਹਲੇ ਸੁਣਾਉਣਾ** - ਬੱਚਿਆਂ ਦੀ ਲੜਾਈ ਕਰਕੇ ਕਈ ਮਾਪੇ ਆਪਸ ਵਿੱਚ ਹੀ ਉਲਝ ਕੇ ਇੱਕ-ਦੂਜੇ ਨੂੰ ਸੋਹਲੇ ਸੁਣਾਉਣ ਲੱਗ ਪੈਂਦੇ ਹਨ।

**93. ਸੋਤਰ ਸੁੱਕ ਜਾਣਾ** - ਕਈ ਬੱਚੇ ਏਨੇ ਕੋਮਲ-ਚਿਤ ਹੁੰਦੇ ਹਨ ਕਿ ਉਹਨਾਂ ਨੂੰ ਮਾਪੇ ਜਾਂ ਅਧਿਆਪਕ ਕੋਈ ਵੀ ਗੁੱਸੇ ਵਿੱਚ ਕੁਝ ਕਹੇ ਤਾਂ ਉਹਨਾਂ ਦੇ ਸੋਤਰ ਸੁੱਕ ਜਾਂਦੇ ਹਨ।

**94. ਸੋਨੇ 'ਤੇ ਸੁਹਾਗੇ ਦਾ ਕੰਮ ਕਰਨਾ** - ਉਸ ਦੀ ਕਵਿਤਾ ਤਾਂ ਵਧੀਆ ਸੀ ਹੀ ਪਰ ਉਹਦੀ ਸੁਰੀਲੀ ਅਵਾਜ਼ ਨੇ ਸੋਨੇ 'ਤੇ ਸੁਹਾਗੇ ਦਾ ਅਜਿਹਾ ਕੰਮ ਕੀਤਾ ਕਿ ਰੰਗ ਹੀ ਬੱਝ ਗਿਆ।

**95. ਸੋਨੇ ਦੀ ਲੰਕਾ ਬਣਾਉਣਾ** - ਇਮਾਨਦਾਰੀ ਨਾਲ਼ ਤਾਂ ਮਸਾਂ ਰੋਟੀ-ਟੁਕ ਹੀ ਚੱਲਦਾ ਹੈ। ਬੇਈਮਾਨੀ ਕਰਕੇ ਭਾਵੇਂ ਸੋਨੇ ਦੀ ਲੰਕਾ ਬਣਾ ਲਓ।

**96. ਸੌ ਦੀ ਇੱਕ ਮੁਕਾਉਣਾ** - ਸੌ ਦੀ ਇੱਕ ਮੁਕਾਵਾਂ - ਵਿੱਦਿਆ ਉਹ ਹੈ ਜੋ ਵਿਦਿਆਰਥੀ ਨੂੰ ਇੱਕ ਚੰਗਾ ਨਾਗਰਿਕ ਬਣਾਵੇ।

**97. ਸ਼ਾਨ ਨੂੰ ਵੱਟਾ ਲਾਉਣਾ** - ਸ: ਭਗਤ ਸਿੰਘ ਨੇ ਆਪਣੀ ਜਾਨ ਦੇ ਦਿੱਤੀ ਪਰ ਕੌਮ ਦੀ ਸ਼ਾਨ ਨੂੰ ਵੱਟਾ ਨਹੀਂ ਲੱਗਣ ਦਿੱਤਾ।

## ਵਿਆਕਰਨ: ਪਰਿਭਾਸ਼ਾ, ਮੰਤਵ ਅਤੇ ਅੰਗ

### ਪ੍ਰਸ਼ਨ 1. ਵਿਆਕਰਨ ਕਿਸ ਨੂੰ ਆਖਦੇ ਹਨ? ਵਿਆਕਰਨ ਦੀ ਪਰਿਭਾਸ਼ਾ ਦਿਓ।

ਉੱਤਰ - ਵਿਆਕਰਨ ਅਜਿਹੀ ਵਿੱਦਿਆ ਹੈ, ਜਿਸ ਵਿਚ ਭਾਸ਼ਾ ਦੇ ਧੁਨੀ-ਉਚਾਰਨ, ਸ਼ਬਦ-ਰਚਨਾ, ਸ਼ਬਦ-ਜੋੜਾਂ, ਸ਼ਬਦਾਰਥ ਅਤੇ ਵਾਕ ਰਚਨਾ ਦੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ। ਵਿਆਕਰਨਕ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਸਾਹਿਤਕ ਜਾਂ ਟਕਸਾਲੀ ਰੂਪ ਧਾਰਨ ਕਰਦੀ ਹੈ। ਵਿਆਕਰਨ ਦੇ ਨਿਯਮਾਂ ਨਾਲ਼ ਭਾਸ਼ਾ ਮਾਂਜ਼ੀ-ਸੁਆਰੀ ਜਾਂਦੀ ਹੈ।

**ਪ੍ਰਸ਼ਨ 2. ਵਿਆਕਰਨ ਦੀ ਕੀ ਮਹੱਤਤਾ ਹੈ?**

ਉੱਤਰ - ਭਾਸ਼ਾ ਦੇ ਸ਼ੁੱਧ ਤੇ ਮਿਆਰੀ ਸਰੂਪ ਨੂੰ ਸਮਝਣ ਲਈ ਵਿਆਕਰਨ ਦੀ ਪੜ੍ਹਾਈ ਦੀ ਬੜੀ ਮਹੱਤਤਾ ਹੈ। ਇਸ ਦੇ ਨਿਯਮਾਂ ਵਿੱਚ ਬੱਝ ਕੇ ਹੀ ਕੋਈ ਭਾਸ਼ਾ ਟਕਸਾਲੀ ਰੂਪ ਧਾਰਨ ਕਰਦੀ ਹੈ। ਇਸ ਤੋਂ ਧੁਨੀਆਂ ਦੇ ਉਚਾਰਨ, ਸ਼ਬਦਾਂ ਦੀ ਬਣਤਰ ਤੇ ਵਾਕ-ਰਚਨਾ ਦਾ ਪਤਾ ਲੱਗਦਾ ਹੈ। ਦੂਜੀਆਂ ਭਾਸ਼ਾਵਾਂ ਨੂੰ ਸਿੱਖਣ ਲਈ ਵਿਆਕਰਨ ਤੋਂ ਬਿਨਾਂ ਕੰਮ ਚੱਲਦਾ ਹੀ ਨਹੀਂ। ਇਸ ਕਰਕੇ ਦੀ ਇਹ ਖ਼ਾਸ ਮਹੱਤਤਾ ਹੈ ਕਿ ਸਕੂਲ ਪੱਧਰ 'ਤੇ ਵਿਆਕਰਨ ਦੀ ਪੜ੍ਹਾਈ ਜ਼ਰੂਰੀ ਹੈ।

**ਪ੍ਰਸ਼ਨ 3. ਵਿਆਕਰਨ ਦਾ ਕੀ ਮੰਤਵ ਹੈ?**

ਉੱਤਰ: ਵਿਆਕਰਨ ਦਾ ਮੰਤਵ ਕਿਸੇ ਭਾਸ਼ਾ ਦੇ ਵਰਤਾਰੇ ਨੂੰ ਵਿਗਿਆਨਕ ਢੰਗ ਨਾਲ਼ ਸਮਝਣਾ ਹੈ। ਇਸ ਰਾਹੀਂ ਭਾਸ਼ਾ ਦੇ ਵਰਤਾਰੇ ਪਿੱਛੇ ਕੰਮ ਕਰਦੇ ਨਿਯਮ ਕੱਢੇ ਜਾਂਦੇ ਹਨ। ਉਹਨਾਂ ਨਿਯਮਾਂ ਨੂੰ ਸਮੁੱਚੀ ਭਾਸ਼ਾ ਉੱਤੇ ਲਾਗੂ ਕਰਕੇ ਭਾਸ਼ਾ ਦਾ ਮਿਆਰੀ ਜਾਂ ਟਕਸਾਲੀ ਰੂਪ ਸਥਾਪਿਤ ਕੀਤਾ ਜਾਂਦਾ ਹੈ ਤੇ ਇਸੇ ਰਾਹੀਂ ਵਿਦੇਸ਼ੀਆਂ ਨੂੰ ਸੰਬੰਧਿਤ ਬੋਲੀ ਸਿਖਾਈ ਜਾਂਦੀ ਹੈ।

**ਪ੍ਰਸ਼ਨ 4. ਪੰਜਾਬੀ ਵਿਆਕਰਨ ਕਿਸ ਨੂੰ ਕਹਿੰਦੇ ਹਨ?**

ਉੱਤਰ: ਪੰਜਾਬੀ ਬੋਲੀ ਦੀ ਵਾਕ-ਰਚਨਾ, ਸ਼ਬਦ-ਰਚਨਾ, ਸ਼ਬਦ-ਰੂਪਾਂ, ਸ਼ਬਦ-ਜੋੜਾਂ ਤੋਂ ਸ਼ਬਦਾਰਥਾਂ ਵਿੱਚ ਕੰਮ ਕਰਦੇ ਨਿਯਮਾਂ ਨੂੰ ਪੰਜਾਬੀ ਵਿਆਕਰਨ ਕਿਹਾ ਜਾਂਦਾ ਹੈ।

**ਪ੍ਰਸ਼ਨ 5. ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ?**

ਉੱਤਰ - ਵਿਆਕਰਨ ਭਾਸ਼ਾ ਦੇ ਵਰਤਾਰੇ ਦੀ ਵਿਆਖਿਆ ਕਰਦਾ ਹੈ। ਇਸ ਲਈ ਭਾਸ਼ਾ ਦੇ ਵੱਖ-ਵੱਖ ਅੰਗਾਂ ਦੇ ਅਧਿਐਨ ਲਈ ਪੰਜਾਬੀ ਵਿਆਕਰਨ ਦੇ ਅੰਗ ਹੇਠ ਲਿਖੇ ਹਨ -

- ਧੁਨੀ ਬੋਧ ਜਾਂ ਵਰਨ ਬੋਧ
- ਸ਼ਬਦ ਬੋਧ
- ਵਾਕ ਬੋਧ
- ਅਰਥ ਬੋਧ

ਇਸ ਤੋਂ ਬਿਨਾਂ ਵਿਆਕਰਨ ਵਿੱਚ ਵਿਸਰਾਮ ਚਿੰਨ੍ਹਾਂ, ਸ਼ਬਦ-ਜੋੜਾਂ, ਮੁਹਾਵਰਿਆਂ, ਮੁਹਾਵਰੇਦਾਰ ਵਾਕੰਸ਼ਾਂ ਤੇ ਅਖਾਣਾਂ ਦੀ ਚਰਚਾ ਵੀ ਕੀਤੀ ਜਾਂਦੀ ਹੈ।

## ••• ਵਸਤੂਨਿਸ਼ਠ ਪ੍ਰਸ਼ਨ •••

ਪ੍ਰਸ਼ਨ 1. ਕਿਸੇ ਭਾਸ਼ਾ ਵਿੱਚ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲ਼ੀ ਵਿੱਦਿਆ ਨੂੰ ਕੀ ਆਖਦੇ ਹਨ?

ਉੱਤਰ - ਵਿਆਕਰਨ।

ਪ੍ਰਸ਼ਨ 2. ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?

ਉੱਤਰ - ਚਾਰ : ਧੁਨੀ-ਬੋਧ, ਸ਼ਬਦ-ਬੋਧ, ਵਾਕ-ਬੋਧ ਅਤੇ ਅਰਥ-ਬੋਧ।

ਪ੍ਰਸ਼ਨ 3. ਵਿਆਕਰਨ ਦੇ ਜਿਸ ਭਾਗ ਅਧੀਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?

ਉੱਤਰ - ਧੁਨੀ-ਬੋਧ।

ਪ੍ਰਸ਼ਨ 4. ਵਿਆਕਰਨ ਦੇ ਜਿਸ ਭਾਗ ਅਧੀਨ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?

ਉੱਤਰ - ਸ਼ਬਦ-ਬੋਧ।

ਪ੍ਰਸ਼ਨ 5. ਵਿਆਕਰਨ ਦੇ ਜਿਸ ਭਾਗ ਅਧੀਨ ਵਾਕਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?

ਉੱਤਰ - ਵਾਕ-ਬੋਧ।

ਪ੍ਰਸ਼ਨ 6. ਵਿਆਕਰਨ ਦੇ ਜਿਸ ਭਾਗ ਅਧੀਨ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?

ਉੱਤਰ - ਅਰਥ-ਬੋਧ।